PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 02 ਅਕਤੂਬਰ ਤੋਂ 08 ਅਕਤੂਬਰ, 2025 | Email :- editor@punjabstar.com, Vo. 20. Issue:1205


## ਫੰਡਿੰਗ ਬਿੱਲ ਪਾਸ ਨਾ ਹੋਣ ਕਾਰਨ ਅਮਰੀਕਾ 'ਚ ਡੂੰਘਾ ਹੋਇਆ ਆਰਥਿਕ ਸੰਕਟ




(ਪੰਜਾਬ ਸਟਾਰ ਬਿਊਰੋ)
ਸੈਨੇਟ ਵਿੱਚ ਆਰਜ਼ੀ ਫੰਡਿੰਗ ਬਿੱਲ ਪਾਸ ਨਾ ਹੋਣ ਕਾਰਨ ਅਮਰੀਕਾ ਵਿੱਚ ਆਰਥਿਕ ਸੰਕਟ ਡੂੰਘਾ ਹੋ ਗਿਆ ਹੈ। ਦੇਸ਼ ਵਿੱਚ ਆਰਥਿਕ ਤਾਲਾਬੰਦੀ (ਸ਼ਟਡਾਊਨ) ਵਾਲੇ ਹਾਲਾਤ ਬਣ ਗਏ ਹਨ। ਰਾਸ਼ਟਰਪਤੀ ਡੋਨਲਡ ਟਰੰਪ ਦੀ ਪਾਰਟੀ ਨੂੰ ਸੈਨੇਟ ਵਿੱਚ ਆਰਜ਼ੀ ਫੰਡਿੰਗ ਬਿੱਲ ਪਾਸ ਕਰਵਾਉਣ ਲਈ ਘੱਟੋ-ਘੱਟ 60 ਵੋਟਾਂ ਦੀ ਲੋੜ ਸੀ ਪਰ ਉਸ ਨੂੰ ਸਿਰਫ 55 ਵੋਟਾਂ ਹੀ ਮਿਲੀਆਂ। ਇਸ ਦਾ ਮਤਲਬ ਹੈ ਕਿ ਇਹ ਮਤਾ ਫੇਲ੍ਹ ਹੋ ਗਿਆ। ਹੁਣ ਸਰਕਾਰ ਕੋਲ ਕੰਮ * ਬਾਕੀ ਸਫ਼ਾ 2 'ਤੇ

## ਆਸਟ੍ਰੇਲੀਆਈ ਇਮੀਗ੍ਰੇਸ਼ਨ ਦੀ ਸਖ਼ਤੀ ਕਰਕੇ ਪੰਜਾਬੀ ਪਰਿਵਾਰ ਨੂੰ ਨਵੰਬਰ ਤੱਕ ਛੱਡਣਾ ਪਵੇਗਾ ਆਸਟਰੇਲੀਆ



(ਪੰਜਾਬ ਸਟਾਰ ਬਿਊਰੋ)
ਆਸਟ੍ਰੇਲੀਆਈ ਇਮੀਗ੍ਰੇਸ਼ਨ ਨੀਤੀਆਂ ਦੀ ਸਖ਼ਤੀ ਕਾਰਨ ਮੈਲਬੋਰਨ ਵਿੰਡਹਮ ਵੇਲ ਇਲਾਕੇ ਵਿਚ ਰਹਿ ਰਹੇ ਇਕ ਪੰਜਾਬੀ ਪਰਿਵਾਰ ਨੂੰ ਨਵੰਬਰ ਤੱਕ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਹਨ। ਅਮਨਦੀਪ ਕੌਰ ਅਤੇ ਸਟਿਵਨ ਸਿੰਘ 2009 ਵਿਚ ਆਸਟ੍ਰੇਲੀਆ ਆਏ ਸਨ। ਉਹ ਪਿਛਲੇ ਕਈ ਸਾਲਾਂ ਤੋਂ ਆਰਜ਼ੀ ਵੀਜ਼ਿਆਂ * ਬਾਕੀ ਸਫ਼ਾ 2 'ਤੇ

## ਇੰਡੋਨੇਸ਼ੀਆ: ਸਕੂਲ ਦੀ ਇਮਾਰਤ ਦੇ ਮਲਬੇ ਹੇਠ ਅਜੇ ਵੀ 91 ਵਿਦਿਆਰਥੀ ਦੱਬੇ




(ਪੰਜਾਬ ਸਟਾਰ ਬਿਊਰੋ)
ਇੰਡੋਨੇਸ਼ੀਆ ਦੇ ਸ਼ਿਦੋਉਰਜੋ ਵਿਚ ਸੋਮਵਾਰ ਦੁਪਹਿਰੇ ਡਿੱਗੀ ਬੋਰਡਿੰਗ ਸਕੂਲ ਦੀ ਇਮਾਰਤ ਦੇ ਮਲਬੇ ਹੇਠ ਅਜੇ ਵੀ ਘੱਟੋ ਘੱਟ 91 ਵਿਦਿਆਰਥੀ ਫਸੇ ਹੋਏ ਹਨ। ਸਕੂਲ ਅਥਾਰਿਟੀਜ਼ ਨੇ ਹਾਜ਼ਰੀ ਰਿਕਾਰਡ 'ਤੇ ਨਜ਼ਰਸਾਨੀ ਤੇ ਲਾਪਤਾ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਰਿਪੋਰਟ ਮਗਰੋਂ ਇਹ ਦਾਅਵਾ ਕੀਤਾ ਹੈ। ਮਲਬੇ ਹੇਠ ਜਿਊਂਦੇ ਬਚੇ ਵਿਦਿਆਰਥੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਤਿੰਨ ਸੌ ਤੋਂ ਵੱਧ ਰਾਹਤ ਤੇ ਬਚਾਅ ਕਰਮੀ ਲੱਗੇ ਹੋਏ ਹਨ।

ਪੂਰਬੀ ਜਾਵਾ ਪ੍ਰਾਂਤ ਦੇ ਇੱਕ ਸਦੀ ਪੁਰਾਣੇ ਅਲ ਖੋਜ਼ੀਨੀ ਇਸਲਾਮਿਕ ਬੋਰਡਿੰਗ ਸਕੂਲ ਦੇ * ਬਾਕੀ ਸਫ਼ਾ 2 'ਤੇ

## ਫਿਲਪੀਨ 'ਚ ਜ਼ਬਰਦਸਤ ਭੂਚਾਲ ਕਾਰਨ 69 ਮੌਤਾਂ



(ਪੰਜਾਬ ਸਟਾਰ ਬਿਊਰੋ)
ਮੰਗਲਵਾਰ ਦੇਰ ਰਾਤ ਆਏ 6.9 ਸ਼ਿੱਦਤ ਦੇ ਇੱਕ ਸਮੁੰਦਰੀ ਭੂਚਾਲ ਨੇ ਕੇਂਦਰੀ ਫਿਲਪੀਨ ਸੂਬੇ ਵਿੱਚ ਘਰਾਂ ਅਤੇ ਇਮਾਰਤਾਂ ਦੀਆਂ ਕੰਧਾਂ ਢਾਹ ਦਿੱਤੀਆਂ। ਰਾਈਟਰਜ਼ ਦੀ ਰਿਪੋਰਟ ਅਨੁਸਾਰ ਘੱਟੋ-ਘੱਟ 69 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਝਟਕਿਆਂ ਕਾਰਨ ਬਿਜਲੀ ਗੁੱਲ ਹੋਣ 'ਤੇ ਵਸਨੀਕ * ਬਾਕੀ ਸਫ਼ਾ 2 'ਤੇ

## ਨਾਈਜੀਰੀਆ ਦੇ ਨਾਈਜਰ ਦਰਿਆ 'ਚ ਹਾਦਸਾ; 26 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਨਾਈਜੀਰੀਆ ਦੇ ਉੱਤਰੀ ਕੇਂਦਰੀ ਹਿੱਸੇ ਵਿੱਚ ਨਾਈਜਰ ਦਰਿਆ 'ਤੇ ਇਕ ਕਿਸ਼ਤੀ (Boat) ਹਾਦਸੇ ਵਿੱਚ 26 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਹਾਦਸਾ ਮੰਗਲਵਾਰ * ਬਾਕੀ ਸਫ਼ਾ 2 'ਤੇ

## ਜੇ ਮੈਨੂੰ ਨੋਬੇਲ ਨਾ ਮਿਲਿਆ ਤਾਂ ਅਮਰੀਕਾ ਦੀ ਵੱਡੀ ਬੇਇੱਜ਼ਤੀ ਹੋਵੇਗੀ: ਟਰੰਪ

### ਟਰੰਪ ਨੂੰ ਝਟਕਾ, ਲਿਜ਼ਾ ਕੁੱਕ ਫੈਡਰਲ ਰਿਜ਼ਰਵ ਗਵਰਨਰ ਬਣੀ ਰਹੇਗੀ



(ਪੰਜਾਬ ਸਟਾਰ ਬਿਊਰੋ)
ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਜੇ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾ ਮਿਲਿਆ ਤਾਂ ਇਹ ਅਮਰੀਕਾ ਲਈ 'ਵੱਡੀ ਬੇਇੱਜ਼ਤੀ' ਹੋਵੇਗੀ। ਉਨ੍ਹਾਂ ਸੱਤ ਆਲਮੀ ਜੰਗਾਂ ਖ਼ਤਮ ਕਰਨ ਦੇ ਹਵਾਲੇ ਨਾਲ ਨੋਬੇਲ ਪੁਰਸਕਾਰ 'ਤੇ ਮੁੜ ਦਾਅਵਾ ਜਤਾਇਆ ਹੈ। ਗਾਜ਼ਾ ਜੰਗ ਖ਼ਤਮ ਕਰਨ ਦੀ ਆਪਣੀ ਯੋਜਨਾ ਦਾ ਜ਼ਿਕਰ ਕਰਦਿਆਂ ਟਰੰਪ ਨੇ ਮੰਗਲਵਾਰ ਨੂੰ ਕੁਆਂਟਿਕੋ ਵਿੱਚ ਫ਼ੌਜੀ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ''ਮੈਨੂੰ ਲਗਦਾ ਹੈ ਕਿ ਅਸੀਂ ਗਾਜ਼ਾ ਜੰਗ ਦਾ ਹੱਲ ਕੱਢ ਲਿਆ ਹੈ। ਹਮਾਸ ਨੂੰ ਸ਼ਾਂਤੀ ਯੋਜਨਾ ਲਈ ਸਹਿਮਤ ਹੋਣਾ ਪਵੇਗਾ ਅਤੇ ਜੇ ਉਹ ਯੋਜਨਾ ਸਵੀਕਾਰ ਨਹੀਂ ਕਰਦੇ ਹਨ ਤਾਂ ਉਨ੍ਹਾਂ ਲਈ ਅੱਗੇ ਦਾ ਸਮਾਂ ਬਹੁਤ ਔਖਾ ਹੋਵੇਗਾ ਪਰ ਸਾਰੇ ਅਰਬ ਤੇ ਮੁਸਲਿਮ ਮੁਲਕਾਂ ਨੇ ਯੋਜਨਾ ਨੂੰ ਸਹਿਮਤੀ ਦੇ ਦਿੱਤੀ ਹੈ। ਇਜ਼ਰਾਈਲ ਸਹਿਮਤ ਹੋ ਗਿਆ ਹੈ।'' ਟਰੰਪ ਨੇ ਕਿਹਾ ਕਿ ਜੇ ਗਾਜ਼ਾ ਜੰਗ ਨੂੰ ਖ਼ਤਮ ਕਰਨ ਦੀ ਉਨ੍ਹਾਂ ਦੀ ਯੋਜਨਾ ਅਮਲ 'ਚ ਆਉਂਦੀ ਹੈ ਤਾਂ ਇਹ ਅੱਠ ਮਹੀਨਿਆਂ ਵਿੱਚ ਅੱਠਵੀਂ ਜੰਗ ਹੋਵੇਗੀ, ਜਿਸ ਨੂੰ ਉਨ੍ਹਾਂ ਰੁਕਵਾਇਆ ਹੋਵੇਗਾ। ਟਰੰਪ ਨੇ ਆਪਣੇ ਸੋਹਲੇ ਗਾਉਂਦਿਆਂ ਕਿਹਾ, ''ਕਿਸੇ ਨੇ ਕਦੇ ਵੀ ਅਜਿਹਾ ਨਹੀਂ ਕੀਤਾ ਹੋਵੇਗਾ। ਕੀ ਤੁਹਾਨੂੰ ਨੋਬੇਲ ਪੁਰਸਕਾਰ ਮਿਲੇਗਾ? ਬਿਲਕੁਲ ਨਹੀਂ। ਉਹ ਅਜਿਹੇ ਕਿਸੇ ਵਿਅਕਤੀ ਨੂੰ ਪੁਰਸਕਾਰ ਦੇਣਗੇ ਜਿਸ ਨੇ ਕੋਈ ਕੰਮ * ਬਾਕੀ ਸਫ਼ਾ 2 'ਤੇ

## ਗੋਸਲ ਦੀ ਵੀਡੀਓ ਮਗਰੋਂ ਅਨੀਤਾ ਆਨੰਦ ਦੀ ਅਹਿਮ ਟਿੱਪਣੀ

### ਕਿਹਾ, ਭਾਰਤ ਨਾਲ ਕੂਟਨੀਤਕ ਸਬੰਧਾਂ 'ਚ ਹੋ ਰਿਹਾ ਸੁਧਾਰ




ਔਟਵਾ (ਪੰਜਾਬ ਸਟਾਰ ਬਿਊਰੋ): ਹਰਦੀਪ ਸਿੰਘ ਨਿੱਜਰ ਕਤਲਕਾਂਡ ਦੇ ਦੋਸ਼ਾਂ ਮਗਰੋਂ ਭਾਰਤ ਨਾਲ ਦੁਵੱਲੇ ਸਬੰਧਾਂ ਵਿਚ ਆਈ ਕੁੜੱਤਣ ਖਤਮ ਹੋ ਰਹੀ ਹੈ ਅਤੇ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਕੂਟਨੀਤਕ ਸਬੰਧਾਂ ਨੂੰ ਵਧੇਰੇ ਮਜ਼ਬੂਤ ਬਣਾਉਣ 'ਤੇ ਜ਼ੋਰ ਦੇ ਦਿਤੀਆਂ ਹਨ। ਇਹ ਪ੍ਰਗਟਾਵਾ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਸੀ.ਬੀ.ਸੀ. ਦੀ ਇਕ ਖਾਸ ਪ੍ਰੋਗਰਾਮ ਦੌਰਾਨ ਗੱਲਬਾਤ ਕਰਦਿਆਂ ਕੀਤਾ। ਅਨੀਤਾ ਆਨੰਦ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਕੀ ਭਾਰਤ ਦੇ ਲਾਅ ਐਨਫੋਰਸਮੈਂਟ ਅਫ਼ਸਰ ਕੈਨੇਡਾ ਨਾਲ ਤਾਲਮੇਲ ਤਹਿਤ ਅੱਗੇ ਵਧ ਰਹੇ ਹਨ ਤਾਂ ਉਨ੍ਹਾਂ ਕਿਹਾ, 'ਹਾਂ'। ਅਗਲੇ ਮਹੀਨੇ ਭਾਰਤ ਦੌਰੇ ਤੋਂ ਐਨ ਪਹਿਲਾਂ ਇੰਟਰਵਿਊ ਦੌਰਾਨ ਅਨੀਤਾ ਆਨੰਦ ਨੇ ਕਿਹਾ ਕਿ ਕਦਮ ਦਰ ਕਦਮ ਗੱਲਬਾਤ ਉਸਾਰੂ ਹੋ ਰਹੀ ਹੈ ਅਤੇ ਉਨ੍ਹਾਂ ਦੇ ਭਾਰਤ ਪੁੱਜਣ ਮਗਰੋਂ ਕੂਟਨੀਤਕ ਰਿਸ਼ਤਿਆਂ ਨੂੰ ਨਵਾਂ ਰੂਪ ਦਿਤਾ ਜਾਵੇਗਾ। * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ 5 ਰਾਜਾਂ 'ਚ ਕਿਰਤੀਆਂ ਦੀ ਆਮਦਨ ਵਧੀ

* ਓਨਟਾਰੀਓ 'ਚ ਘੱਟੋ ਘੱਟ ਉਜਰਤ ਦਰ 17.60 ਡਾਲਰ ਹੋਈ

* ਨੋਵਾ ਸਕੋਸ਼ੀਆ ਅਤੇ ਪ੍ਰਿੰਸ ਐਡਵਰਡ ਆਇਲੈਂਡ ਵਿਚ 16.50 ਡਾਲਰ ਮਿਲਣਗੇ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਪੰਜ ਰਾਜਾਂ ਦੇ ਕਿਰਤੀਆਂ ਦੀ ਆਮਦਨ ਵਿਚ ਅੱਜ ਤੋਂ ਵਾਧਾ ਹੋ ਗਿਆ। ਜੀ ਹਾਂ, ਉਨਟਾਰੀਓ, ਨੋਵਾ ਸਕੋਸ਼ੀਆ, ਮੈਨੀਟੋਬਾ, ਸਸਕੈਚਵਨ ਅਤੇ ਪ੍ਰਿੰਸ ਐਡਵਰਡ ਆਇਲੈਂਡ ਵਿਚ 1 ਅਕਤੂਬਰ ਤੋਂ ਘੱਟੋ ਘੱਟ ਉਜਰਤਾਂ ਵਿਚ ਵਾਧਾ ਲਾਗੂ ਕਰ ਦਿਤਾ ਗਿਆ ਹੈ। ਉਨਟਾਰੀਓ ਦੇ ਕਿਰਤੀਆਂ ਦੀ ਘੱਟੋ ਘੱਟ ਉਜਰਤ ਦਰ 40 ਸੈਂਟ ਦੇ ਵਾਧੇ ਨਾਲ 17.60 ਡਾਲਰ ਪ੍ਰਤੀ ਘੰਟਾ ਹੋ ਗਈ ਜਦਕਿ ਬਾਕੀ ਰਾਜਾਂ ਵਿਚ ਵੱਖੋ ਵਖਰਾ ਵਾਧਾ ਹੋਇਆ ਹੈ। ਕਿਰਤ ਮੰਤਰਾਲੇ ਨੇ ਕਿਹਾ ਕਿ ਰਹਿਣ-ਸਹਿਣ ਦੇ ਵਧਦੇ ਖਰਚਿਆਂ ਨਾਲ ਨਜਿੱਠਣ ਵਿਚ ਪਰਵਾਰਾਂ ਨੂੰ ਮਦਦ ਮਿਲੇਗੀ ਅਤੇ ਕਾਰੋਬਾਰੀਆਂ ਉਤੇ ਵੀ ਜ਼ਿਆਦਾ ਬੋਝ ਨਹੀਂ ਪਵੇਗਾ। ਸੀ.ਟੀ.ਵੀ. ਦੀ ਰਿਪੋਰਟ ਮੁਤਾਬਕ ਮਹਿੰਗਾਈ ਦਰ ਵਿਚ 2.4 ਫ਼ੀ ਸਦੀ ਵਾਧਾ ਹੋਣ ਦੇ ਹਿਸਾਬ ਨਾਲ ਉਜਰਤਾਂ ਨੂੰ ਵਧਾਇਆ ਗਿਆ ਹੈ ਅਤੇ ਹਫ਼ਤੇ ਵਿਚ 40 ਘੰਟੇ ਕੰਮ ਕਰਨ ਵਾਲੇ ਕਿਰਤੀ ਨੂੰ ਸਾਲਾਨਾ 835 ਡਾਲਰ ਦਾ ਫਾਇਦਾ ਹੋਵੇਗਾ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ 5 ਲੱਖ 3 ਹਜ਼ਾਰ ਉਨਟਾਰੀਓ ਵਾਸੀ ਘੱਟੋ ਘੱਟ ਉਜਰਤ ਦਰ 'ਤੇ ਕੰਮ ਕਰ ਰਹੇ ਹਨ। * ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਵਿਰੁੱਧ ਵੱਡੀ ਕਾਰਵਾਈ ਕੀਤੀ



ਕੈਨੇਡਾ (ਪੰਜਾਬ ਸਟਾਰ ਬਿਊਰੋ): ਕੈਨੇਡਾ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਕੈਨੇਡਾ ਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸਮੂਹ ਵਜੋਂ ਨਾਮਜ਼ਦ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਨੇ ਭਾਰਤ ਨਾਲ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਇਹ ਕਦਮ ਚੁੱਕਿਆ ਹੈ। ਬਿਸ਼ਨੋਈ ਦੇ ਸਮੂਹ * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available



Jasbir Singh Hundal
Registered Credit Counsellor
www.MakeMeDebtFree.ca 416-502-3100 1888-864-3131
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਕਰਨਾਲ ਦੇ ਛੇ ਲੋਕਾਂ ਦੀ ਹਾਦਸੇ 'ਚ ਮੌਤ

## ਟਰੱਕ ਨਾਲ ਟਕਰਾਈ ਕਾਰ, ਅਸਥੀਆਂ ਜਲ ਪ੍ਰਵਾਹ ਕਰਨ ਜਾ ਰਹੇ ਸਨ ਹਰਿਦੁਆਰ





ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਵਿੱਚ ਇੱਕ ਕਾਰ ਅਤੇ ਟਰੱਕ ਦੀ ਜ਼ਬਰਦਸਤ ਟੱਕਰ ਹੋਈ। ਇਸ ਸੜਕ ਹਾਦਸੇ ਵਿੱਚ ਕਰਨਾਲ ਦੇ ਰਹਿਣ ਵਾਲੇ ਛੇ ਲੋਕਾਂ ਦੀ ਦਰਦਨਾਕ ਮੌਤ ਹੋ ਗਈ। ਮ੍ਰਿਤਕਾਂ ਵਿੱਚ ਚਾਰ ਆਦਮੀ ਅਤੇ ਦੋ ਮਹਿਲਾਵਾਂ ਸ਼ਾਮਲ ਹਨ। ਸਾਰੇ ਲੋਕ ਉਹ ਅਸਥੀਆਂ ਵਿਸਰਜਿਤ ਕਰਨ ਲਈ ਹਰਿਦੁਆਰ ਜਾ ਰਹੇ ਸਨ।

ਮਿਲੀ ਜਾਣਕਾਰੀ ਮੁਤਾਬਕ ਕਰਨਾਲ ਦੇ ਫਰੀਦਪੁਰ ਪਿੰਡ ਦੇ ਰਹਿਣ ਵਾਲੇ ਮਹਿੰਦਰ ਸਿੰਘ ਦੀ ਹਾਲ ਹੀ ਵਿੱਚ ਕੈਂਸਰ ਨਾਲ ਮੌਤ ਹੋ ਗਈ ਸੀ। ਉਸ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਬੁੱਧਵਾਰ ਸਵੇਰੇ, ਮਹਿੰਦਰ ਦੀ ਪਤਨੀ, ਭਰਜਾਈ, ਦੋ ਭੈਣਾਂ ਅਤੇ ਇੱਕ ਬੱਚਾ ਇੱਕ ਡ੍ਰਾਈਵਰ ਦੁਆਰਾ ਚਲਾਈ ਜਾ ਰਹੀ ਅਰਟੀਗਾ ਕਾਰ ਵਿੱਚ ਹਰਿਦੁਆਰ ਜਾ ਰਹੇ ਸਨ।

ਮਿਲੀ ਜਾਣਕਾਰੀ ਮੁਤਾਬਕ ਸਵੇਰੇ 5:30 ਵਜੇ ਦੇ ਕਰੀਬ ਪਾਣੀਪਤ-ਖਟੀਮਾ ਸੜਕ 'ਤੇ ਉਨ੍ਹਾਂ ਦੀ ਕਾਰ ਇੱਕ ਸਾਹਮਣੇ ਤੋਂ ਆ ਰਹੀ ਟਰੱਕ ਨਾਲ ਟਕਰਾ ਗਈ। ਚੀਕਾਂ ਸੁਣ ਕੇ ਪਿੰਡ ਵਾਸੀ ਮੌਕੇ 'ਤੇ ਪਹੁੰਚੇ ਅਤੇ ਸਾਰਿਆਂ ਨੂੰ ਕਾਰ ਵਿੱਚੋਂ ਬਾਹਰ ਕੱਢਿਆ। ਫਿਰ ਉਨ੍ਹਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਹੈ।

# ਕੈਸਲਮੋਰ ਸੀਨੀਅਰਜ਼ ਕਲੱਬ ਬਰੈਂਪਟਨ ਨੇ ਆਪਣੇ ਮੈਂਬਰਾਂ ਨੂੰ ਸ਼ਾਨਦਾਰ ਢੰਗ ਨਾਲ ਜਸ਼ਨ ਮਨਾ ਕੇ ਵਿਦਾਇਗੀ ਪਾਰਟੀ ਦਿੱਤੀ





ਮਹਿੰਦਰ ਸਿੰਘ ਮੋਹੀ

ਗਰਮੀਆਂ ਦੇ ਚਾਰ ਮਹੀਨੇ ਆਪਣੇ ਮੈਂਬਰ ਸੀਨੀਅਰਜ ਨੂੰ ਓਨਟਾਰੀਓ ਦੀਆਂ ਮਸ਼ਹੂਰ ਰਮਣੀਕ ਥਾਵਾਂ,ਬੀਚਾਂ ਦੇ ਟੂਰ ਲਗਾਉਣ ਤੇ ਪਾਣੀਆਂ ਵਿਚ ਬੋਟ ਕਰੂਜ਼ਾਂ ਦੇ ਝੂਟੇ ਦਿਵਾਉਣ ਪਿਛੋਂ, 27 ਸਤੰਬਰ ਸਨਿਚਰਵਾਰ ਨੂੰ ਕੈਸਲਮੋਰ ਸੀਨੀਅਰਜ ਕਲੱਬ ਨੇ 2025 ਦਾ ਆਖਰੀ ਸਮਾਗਮ ਇਕ ਵਿਦਾਇਗੀ ਪਾਰਟੀ ਦੇ ਰੂਪ ਵਿੱਚ ਅਯੋਜਿਤ ਕੀਤਾ॥ਕਲੱਬ ਦੀਆ ਲਗਾਤਾਰ ਸਾਰਾ ਸਾਲ ਚੱਲਣ ਵਾਲੀਆਂ ਗਤੀਵਿਧੀਆ ਨੂੰ ਸਿਖਰ ਤੇ ਲਿਜਾਣ ਵਾਲਾ ਇਹ ਫੈਸਟੀਵਲ ਗੋਰ ਕਮਿਊਨੀਟੀ ਸੈਂਟਰ ਦੇ ਵੱਡੇ ਹਾਲ ਵਿੱਚ ਸਵੇਰੇ 11 ਵਜੇ ਸ਼ੁਰੂ ਹੋਇਆ , ਜਿੱਥੇ ਕਲੱਬ ਦੇ ਤਿੰਨ ਸੋ ਦੇ ਲਗਭਗ ਮੈਂਬਰ ਆਪਣੇ ਵਧੀਆ ਪਹਿਰਾਵੇ ਵਿੱਚ ਸਜ ਧਜ ਕੇ ਪਹੁੰਚਣ ਲੱਗੇ।ਪ੍ਰਧਾਨ ਗੁਰਮੇਲ ਸਿੰਘ ਸੱਗੂ, ਸਕੱਤਰ ਕਸ਼ਮੀਰਾ ਸਿੰਘ ਦਿਓਲ ਤੇ ਕੈਸ਼ੀਅਰ ਜਰਨੈਲ ਸਿੰਘ ਚਾਨਾਂ ਤੇ ਉਪ ਪ੍ਰਧਾਨ ਮੈਡਮ ਤ੍ਰਿਪਤਾ ਤੇ ਡਰੈਕਟਰ ਸੁਰਜੀਤ ਬਿੰਦ, ਹਜੂਰਾ ਸੱਗੂ, ਜਗਜੀਤ ਲੋਹੀਆ, ਸੁਰਿੰਦਰ ਬਰਿਆਨ ਤੇ ਭੁਪਿੰਦਰ ਮਾਨਕੂ ਤੇ ਅਧਾਰਿਤ ਅਗਜ਼ੈਕਟਿਵ ਕਮੇਟੀ , ਸਾਰੇ ਸੀਨੀਅਰ ਮੈਬਰਾਂ ਨੂੰ ਫੰਕਸ਼ਨ ਵਿੱਚ ਆਉਣ ਤੇ ਮੁਸਕਰਾਹਟਾਂ ਵੰਡਦਿਆਂ, ਜੀ ਆਇਆ ਕਹਿ ਰਹੇ ਸਨ, ਤੇ ਉਹਨਾਂ ਨੂੰ ਟੇਬਲਾਂ ਦੁਆਲੇ ਕੁਰਸੀਆਂ ਤੇ ਸਜ ਜਾਣ ਲਈ ਗਾਈਡ ਕਰ ਰਹੇ ਸਨ।ਸੀਨੀਅਰਜ ਵਿੱਚ ਵੱਡੀ ਗਿਣਤੀ ਲੇਡੀਜ ਦੀ ਸੀ ,ਜਿਨਾਂ ਵਿੱਚੋਂ ਬਹੁਤ ਸਾਰੀਆਂ ਨੇ ਕਿਸੇ ਨਾ ਕਿਸੇ ਈਵੈਂਟ ਵਿੱਚ ਹਿੱਸਾ ਲੈਣ ਵਾਲੀ ਢੁਕਵੀ ਡਰੈਸ ਪਹਿਨੀ ਹੋਈ ਸੀ।ਰਿਫਰੈਸ਼ਮੈਂਟ ਦਾ ਵਧੀਆ ਪ੍ਰਬੰਧ ਕਿਸੇ ਬੈਂਕਿੰਟ ਹਾਲ ਵਿੱਚ ਹੋ ਰਹੇ ਖੁਸ਼ੀ ਦੇ ਸਮਾਗਮ ਦੀ ਝਲਕ ਪੇਸ਼ ਕਰਦਾ ਸੀ। 'ਓ ਕਨੇਡਾ' ਤੇ 'ਜਨ ਗਨ ਮਨ',ਦੇ ਕੌਮੀ ਤਰਾਨਿਆਂ ਤੇ ਧਾਰਮਿਕ ਸ਼ਬਦ ਤੋਂ ਸ਼ੁਰੂ ਹੋਕੇ ,ਜਲਦੀ ਹੀ ਸੰਗੀਤਕ ਧੁੰਨਾਂ ਨੇ ਪੰਜਾਬੀ ਸਭਿਆਚਾਰ ਵਲ ਨੂੰ ਮੋੜਾ ਪਾ ਲਿਆ। ਹਰ ਵਾਰ ਦੀ ਤਰਾਂ ਮਿਸਿਜ ਸੱਗੂ ਦੇ ਗਾਏ ਗੀਤ ,ਤੇ ਕੈਸਲਮੋਰ ਕਲੱਬ ਦੇ ਸਦਾਬਹਾਰ ਗਾਇਕ ਵਲੋਂ ਮੁਹੰਮਦ ਰਫੀ ਦੇ ਗਾਏ ਗੀਤ , ਆਪਣੇ ਸੰਗੀਤ ਤੇ ਅਵਾਜ ਰਾਹੀ ਸਰੋਤਿਆ ਨੂੰ ਪੁਰਾਣੇ ਸਮਿਆਂ ਦੀ ਯਾਦ ਦਵਾ ਗਏ। ਪਹਾੜੀ ਗੀਤ ਦੀ ਤਰਜਮਾਨੀ ਕਰਦਾ ਤੇ ਉਸੇ ਤਰਾਂ ਦੇ ਪਹਿਰਾਵੇ ਵਿੱਚ ਅਮਰੀਕ ਅਟਵਾਲ ਤੇ ਅਮਰਜੀਤ ਕੋਰ ਦੀ ਪ੍ਰਫਾਰਮੈਂਸ ਨੇ ਸਾਰੇ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਪ੍ਰੋਫੈਸ਼ਨਲ ਗੀਤਕਾਰ ਰੈਂਪੀ ਨੇ ਵੀ ਸੋਹਣੇ ਗੀਤ ਗਾਏ ਜਿੰਨਾ ਨੇ ਲੇਡੀਜ ਨੂੰ ਨਚਣ ਲਈ ਮਜਬੂਰ ਕਰ ਦਿੱਤਾ। ਪਰ ਸਭ ਤੋ ਵਧੀਆ ਪਰਫਾਰਮੈਂਸ ਬਲਜਿੰਦਰ ਦਿਉਲ ਤੇ ਸ਼ਿੰਦਰਪਾਲ ਕੋਰ ਬਰਾੜ ਤੇ ਅਧਾਰਿਤ ਟੀਮ ਦੀ ਰਹੀ,ਜੋ ਲੋਕ ਕਥਾ, "ਕੀਮਾਂ ਮਲਕੀ" ਦੇ ਗੀਤ ਦੀ ਕੋਰੀਓਗ੍ਰਾਫੀ ਰਾਹੀ ਦਰਸ਼ਕਾਂ ਤੇ ਆਪਣੀ ਐਕਟਿੰਗ ਤੇ ਕਲਾ ਦੀ ਅਮਿਟ ਸ਼ਾਪ ਛਾਪ ਛੱਡਣ ਵਿੱਚ ਕਾਮਯਾਬ ਰਹੀ।ਇਹ ਸਚਮੁੱਚ ਪੰਜਾਬੀ ਸਭਿਆਚਾਰ ਦਾ ਸਿਖਰ ਸੀ, ਜਿਸਨੂੰ ਮਾਣ ਕੇ ਸੀਨੀਅਰਜ ਵਾਰ ਵਾਰ ਤਾੜੀਆਂ ਵਜਾਕੇ ਦਾਦ ਦੇ ਰਹੇ ਸਨ। ਪੰਜਾਬੀ ਕਲਚਰ ਦੀ ਜਿੰਦ ਜਾਨ ਜਾਗੋ ਦੀ ਪੇਸ਼ਕਾਰੀ ਨੇ ਵੀ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ । ਲੇਡੀਜ ਵਲੋਂ ਪਾਏ ਗਿੱਧੇ ਦੀ ਧਮਕ ਨੇ ਸਾਰਾ ਹਾਲ ਗੂੰਜਣ ਲਾ ਦਿਤਾਂ। ਇਸ ਦੇ ਨਾਲ ਹੀ ਸਿਟੀ ਵਲੋਂ ਰਿਜਨਲ ਕੌਂਸਲਰ ਤੇ ਸਕੂਲ ਟਰੱਸਟੀ ਸਤਪਾਲ ਜੌਹਲ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਸੀਨੀਅਰਜ ਨੂੰ ਸ਼ੁਭ ਇਛਾਵਾਂ ਪੇਸ਼ ਕੀਤੀਆ।ਮਹਿੰਦਰ ਸਿੰਘ ਮੋਹੀ ਨੇ ਵੀ ਕੈਸਲਮੋਰ ਸੀਨੀਅਰਜ ਕਲੱਬ ਵਲੋਂ ਵਧੀਆ ਪ੍ਰਬੰਧ ਨਾਲ ਤੇ ਡਿਸਪਲਿਨ ਵਿੱਚ ਰਹਿ ਕੇ ਸਾਰੇ ਟੂਰ ਪ੍ਰੋਗਰਾਮ ਅਯੋਜਿਤ ਕਰਨ ਲਈ ਪ੍ਰਧਾਨ ਤੇ ਅਗਜ਼ੈਕਟਿਵ ਕਮੇਟੀ ਦੀ ਪ੍ਰਸੰਸਾ ਕੀਤੀ।ਕਸ਼ਮੀਰਾ ਸਿੰਘ ਦਿਓਲ ਨੇ ਸਾਰਾ ਸਮਾਂ ਸਟੇਜ ਸੰਚਾਲਨ ਦੀ ਜਿੰਮੇਦਾਰ ਵਧੀਆ ਢੰਗ ਨਾਲ ਨਿਭਾਈ। ਅਖੀਰ ਵਿੱਚ ਕਲੱਬ ਦੇ ਪ੍ਰਧਾਨ ਗੁਰਮੇਲ ਸਿੰਘ ਸੱਗੂ ਨੇ ਸਾਰੇ ਕਲੱਬ ਦੇ ਸਾਰੇ ਮੈਂਬਰਾਂ ਦਾ ਸਮਾਗਮ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ ਤੇ ਇੰਡੀਆ ਜਾਣ ਵਾਲਿਆ ਨੂੰ ਸ਼ੁਭ ਕਾਮਨਾ ਭੇਟ ਕਰਦਿਆ ਉਹਨਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਲੋੜ ਤੇ ਜੋਰ ਦਿੱਤਾ। ਇਸ ਦੇ ਨਾਲ ਹੀ ਲੰਚ ਦੀ ਸਪਲਾਈ ਆ ਚੁਕੀ ਸੀ। ਜਿਸਦਾ ਲਾਹਾ ਲੈਂਦੇ ਸੀਨੀਅਰ ਵਾਰ ਵਾਰ ਕਲੱਬ ਦੇ ਪ੍ਰਬੰਧਕਾ ਦਾ ਧੰਨਵਾਦ ਕਰ ਰਹੇ ਸਨ। ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਤੇ ਰਲ ਕੇ ਹੋਰ ਵੀ ਵਧੀਆ ਥਾਵਾਂ ਦੇ ਟੂਰ ਲਗਾਉਣ ਦੇ ਸੰਕੇਤ ਨਾਲ ਇਸ ਵਿਦਾਇਗੀ ਫੈਸਟੀਵਲ ਦੀ ਸਮਾਪਤੀ ਹੋ ਗਈ।

# ਪੇਜ ਇੱਕ ਦੀ ਬਾਕੀ

## ਫੰਡਿੰਗ ਬਿੱਲ ਪਾਸ...

ਚਲਾਉਣ ਲਈ ਫੰਡ ਨਹੀਂ ਹਨ, ਜਿਸ ਕਾਰਨ ਕਈ ਸੰਘੀ ਕੰਮਕਾਜ ਰੁਕ ਸਕਦੇ ਹਨ। ਇਸ ਤਰ੍ਹਾਂ ਅਮਰੀਕਾ ਇੱਕ ਵਾਰ ਫਿਰ ਬੇਯਕੀਨੀ ਦੇ ਦੌਰ ਵਿੱਚ ਦਾਖਲ ਹੋ ਗਿਆ ਹੈ। ਰਾਸ਼ਟਰਪਤੀ ਟਰੰਪ ਅਤੇ ਕਾਂਗਰਸ ਬੁੱਧਵਾਰ ਦੀ ਸਮਾਂ-ਸੀਮਾ ਤੱਕ ਸਰਕਾਰੀ ਪ੍ਰੋਗਰਾਮ ਅਤੇ ਸੇਵਾਵਾਂ ਜਾਰੀ ਰੱਖਣ ਲਈ ਕਿਸੇ ਸਮਝੌਤੇ 'ਤੇ ਪਹੁੰਚਣ ਵਿੱਚ ਅਸਫਲ ਰਹੇ। ਇਸ ਦੇ ਨਤੀਜੇ ਵਜੋਂ ਤਕਰੀਬਨ 7,50,000 ਸਰਕਾਰੀ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਤੋਂ ਛੁੱਟੀ (ਫਰਲੋ) 'ਤੇ ਭੇਜਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਟਰੰਪ ਪ੍ਰਸ਼ਾਸਨ ਕੁਝ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਵੀ ਸਕਦਾ ਹੈ। ਕਈ ਸਰਕਾਰੀ ਦਫ਼ਤਰ ਬੰਦ ਹੋ ਜਾਣਗੇ। ਅਜਿਹਾ ਇਸ ਲਈ ਕਿਉਂਕਿ ਟਰੰਪ ਨੇ ਬਦਲੇ ਵਜੋਂ 'ਅਜਿਹੇ ਕੰਮ ਕਰਨ ਦੀ ਧਮਕੀ ਦਿੱਤੀ ਹੈ ਜੋ ਮਾੜੇ ਹੋਣਗੇ ਅਤੇ ਜਿਨ੍ਹਾਂ ਨੂੰ ਬਦਲਿਆ ਨਹੀਂ ਜਾ ਸਕੇਗਾ।' ਇਸ ਦੌਰਾਨ ਟਰੰਪ ਦਾ ਦੇਸ਼ ਨਿਕਾਲੇ ਦਾ ਏਜੰਡਾ ਪੂਰੀ ਰਫ਼ਤਾਰ ਨਾਲ ਚੱਲਦਾ ਰਹੇਗਾ, ਜਦਕਿ ਸਿੱਖਿਆ, ਵਾਤਾਵਰਨ ਅਤੇ ਹੋਰ ਜ਼ਰੂਰੀ ਸੇਵਾਵਾਂ ਠੱਪ ਹੋ ਜਾਣਗੀਆਂ। ਇਸ ਦੇ ਮਾੜੇ ਆਰਥਿਕ ਨਤੀਜੇ ਪੂਰੇ ਦੇਸ਼ ਵਿੱਚ ਦੇਖਣ ਨੂੰ ਮਿਲਣਗੇ।

ਟਰੰਪ ਨੇ ਵ੍ਹਾਈਟ ਹਾਊਸ ਵਿੱਚ ਕਿਹਾ ਕਿ, 'ਅਸੀਂ ਸ਼ਟਡਾਊਨ ਨਹੀਂ ਚਾਹੁੰਦੇ।' ਪਰ ਉਹ ਡੈਮੋਕਰੈਟਸ ਅਤੇ ਰਿਪਬਲਿਕਨਾਂ ਵਿਚਾਲੇ ਕੋਈ ਸਮਝੌਤਾ ਨਹੀਂ ਕਰਵਾ ਸਕੇ। ਟਰੰਪ ਦੇ ਸ਼ਾਸਨਕਾਲ ਵਿੱਚ ਤੀਜੀ ਵਾਰ ਸੰਘੀ ਫੰਡਿੰਗ ਰੋਕੀ ਗਈ ਹੈ। ਇਸ ਝਗੜੇ ਦਾ ਮੁੱਖ ਕਾਰਨ ਇਹ ਹੈ ਕਿ ਡੈਮੋਕਰੈਟਿਕ ਪਾਰਟੀ ਦੇ ਵੋਟਰ ਰਾਸ਼ਟਰਪਤੀ ਦੇ ਦੂਜੇ ਕਾਰਜਕਾਲ ਦੇ ਏਜੰਡੇ ਨੂੰ ਚੁਣੌਤੀ ਦੇਣ ਲਈ ਕਾਹਲੇ ਹਨ। ਡੈਮੋਕਰੈਟਸ 'ਅਫੋਰਡੇਬਲ ਕੇਅਰ ਐਕਟ' ਤਹਿਤ ਲੱਖਾਂ ਲੋਕਾਂ ਲਈ ਖਤਮ ਹੋ ਰਹੀਆਂ ਸਿਹਤ ਸੰਭਾਲ ਸਬਸਿਡੀਆਂ ਲਈ ਫੰਡਿੰਗ ਦੀ ਮੰਗ ਕਰ ਰਹੇ ਹਨ। ਦੂਜੇ ਪਾਸੇ ਰਿਪਬਲਿਕਨ ਪਾਰਟੀ ਨੇ ਇਸ ਮੁੱਦੇ 'ਤੇ ਗੱਲਬਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਫਿਲਹਾਲ ਦੋਵਾਂ ਧਿਰਾਂ ਕੋਲ ਇਸ ਸ਼ਟਡਾਊਨ ਨੂੰ ਖਤਮ ਕਰਨ ਦਾ ਕੋਈ ਸਪੱਸ਼ਟ ਜਾਂ ਸੌਖਾ ਰਸਤਾ ਨਹੀਂ ਹੈ। ਇਸ ਦਾ ਅਸਰ ਸਿਰਫ਼ ਸਿਆਸਤ 'ਤੇ ਹੀ ਨਹੀਂ, ਸਗੋਂ ਉਨ੍ਹਾਂ ਆਮ ਅਮਰੀਕੀ ਨਾਗਰਿਕਾਂ ਦੀ ਜ਼ਿੰਦਗੀ 'ਤੇ ਵੀ ਪਵੇਗਾ ਜੋ ਸਰਕਾਰੀ ਲਾਭਾਂ, ਤਨਖਾਹਾਂ ਅਤੇ ਹੋਰ ਸੇਵਾਵਾਂ 'ਤੇ ਨਿਰਭਰ ਕਰਦੇ ਹਨ।

ਇਸ ਦੌਰਾਨ ਮੈਡੀਕੇਅਰ ਅਤੇ ਮੈਡੀਕੇਡ ਸਿਹਤ ਪ੍ਰੋਗਰਾਮ ਜਾਰੀ ਰਹਿਣ ਦੀ ਉਮੀਦ ਹੈ ਪਰ ਸਟਾਫ਼ ਦੀ ਕਮੀ ਕਾਰਨ ਕੁਝ ਸੇਵਾਵਾਂ ਵਿੱਚ ਦੇਰੀ ਹੋ ਸਕਦੀ ਹੈ। ਰੱਖਿਆ ਵਿਭਾਗ (ਪੈਂਟਾਗਨ) ਅਤੇ ਹੋਮਲੈਂਡ ਸਕਿਓਰਿਟੀ ਵਿਭਾਗ ਦੇ ਜ਼ਿਆਦਾਤਰ ਕਰਮਚਾਰੀ ਕੰਮ ਕਰਦੇ ਰਹਿਣਗੇ। ਰਾਸ਼ਟਰੀ ਪਾਰਕ ਤੇ ਅਜਾਇਬ ਘਰ ਕੁਝ ਦਿਨਾਂ ਲਈ ਖੁੱਲ੍ਹੇ ਰਹਿ ਸਕਦੇ ਹਨ, ਪਰ ਸਾਬਕਾ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਘੱਟ ਸਟਾਫ਼ ਨਾਲ ਪਾਰਕਾਂ ਨੂੰ ਖੁੱਲ੍ਹਾ ਰੱਖਣਾ ਜਨਤਾ ਲਈ ਖ਼ਤਰਨਾਕ ਹੋ ਸਕਦਾ ਹੈ।

### ਦੋ ਦਹਾਕਿਆਂ ਵਿੱਚ ਅਮਰੀਕਾ ਦਾ ਪੰਜਵਾਂ ਵੱਡਾ ਸ਼ੱਟਡਾਊਨ

ਅਮਰੀਕੀ ਕਾਨੂੰਨ ਮੁਤਾਬਕ ਜਦੋਂ ਤੱਕ ਬਜਟ ਜਾਂ ਆਰਜ਼ੀ ਫੰਡਿੰਗ ਬਿੱਲ ਪਾਸ ਨਹੀਂ ਹੁੰਦਾ, ਉਦੋਂ ਤੱਕ 'ਗੈਰ-ਜ਼ਰੂਰੀ' ਸਰਕਾਰੀ ਵਿਭਾਗਾਂ ਅਤੇ ਸੇਵਾਵਾਂ ਨੂੰ ਬੰਦ ਕਰਨਾ ਪੈਂਦਾ ਹੈ। ਇਸੇ ਸਥਿਤੀ ਨੂੰ ਸ਼ੱਟਡਾਊਨ ਕਿਹਾ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਵਿੱਚ ਇਹ ਅਮਰੀਕਾ ਦਾ ਪੰਜਵਾਂ ਵੱਡਾ ਸ਼ੱਟਡਾਊਨ ਹੋ ਸਕਦਾ ਹੈ। ਇਸ ਤੋਂ ਪਹਿਲਾਂ ਰਿਪਬਲਿਕਨਾਂ ਨੇ ਸਰਕਾਰ ਨੂੰ 21 ਨਵੰਬਰ ਤੱਕ ਚਲਦਾ ਰੱਖਣ ਲਈ ਇੱਕ ਥੋੜ੍ਹੇ ਸਮੇਂ ਦਾ ਫੰਡਿੰਗ ਬਿੱਲ ਪੇਸ਼ ਕੀਤਾ ਸੀ। ਹਾਲਾਂਕਿ ਡੈਮੋਕਰੈਟਸ ਦਾ ਕਹਿਣਾ ਹੈ ਕਿ ਇਹ ਕਾਫ਼ੀ ਨਹੀਂ ਹੈ। ਉਹ ਚਾਹੁੰਦੇ ਹਨ ਕਿ ਰਾਸ਼ਟਰਪਤੀ ਡੋਨਲਡ ਟਰੰਪ ਦੇ ਗਰਮੀਆਂ ਦੇ ਮੈਗਾ-ਬਿੱਲ 'ਚੋਂ ਮੈਡੀਕੇਡ ਦੀਆਂ ਕਟੌਤੀਆਂ ਨੂੰ ਵਾਪਸ ਲਿਆ ਜਾਵੇ ਅਤੇ ਅਫੋਰਡੇਬਲ ਕੇਅਰ ਐਕਟ ਦੇ ਮੁੱਖ ਟੈਕਸ ਕਰੈਡਿਟ ਨੂੰ ਵਧਾਇਆ ਜਾਵੇ। ਰਿਪਬਲਿਕਨਾਂ ਨੇ ਇਨ੍ਹਾਂ ਮੰਗਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ।

## ਇੰਡੋਨੇਸ਼ੀਆ: ਸਕੂਲ ਦੀ...

ਪ੍ਰਾਰਥਨਾ ਹਾਲ ਵਿੱਚ ਸੋਮਵਾਰ ਦੁਪਹਿਰ ਦੀ ਨਮਾਜ਼ ਅਦਾ ਕਰ ਰਹੇ ਸੈਂਕੜੇ ਲੋਕਾਂ, ਜਿਨ੍ਹਾਂ ਵਿੱਚ ਜ਼ਿਆਦਾਤਰ ਕਿਸ਼ੋਰ ਮੁੰਡੇ ਸਨ, ਉੱਤੇ ਇਮਾਰਤ ਦਾ ਇਕ ਹਿੱਸਾ ਡਿੱਗ ਗਿਆ ਸੀ। ਇਸ ਇਮਾਰਤ ਦਾ ਅਣਅਧਿਕਾਰਤ ਵਿਸਥਾਰ ਕੀਤਾ ਜਾ ਰਿਹਾ ਸੀ। ਹੁਣ ਤੱਕ ਘੱਟੋ-ਘੱਟ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ ਅਤੇ 100 ਹੋਰ ਜ਼ਖਮੀ ਦੱਸੇ ਜਾਂਦੇ ਹਨ। ਕੌਮੀ ਆਫ਼ਤ ਪ੍ਰਬੰਧਨ ਏਜੰਸੀ ਨੇ ਮੰਗਲਵਾਰ ਦੇਰ ਰਾਤ ਮਲਬੇ ਹੇਠ ਦੱਬੇ ਲੋਕਾਂ ਦੀ ਗਿਣਤੀ ਨੂੰ ਸੋਧ ਕੇ 91 ਕਰ ਦਿੱਤਾ ਜੋ ਪਹਿਲਾਂ 38 ਦੱਸੀ ਜਾ ਰਹੀ ਸੀ।

## ਫਿਲਪੀਨ 'ਚ ਜ਼ਬਰਦਸਤ...

ਹਨੇਰੇ ਵਿੱਚ ਆਪਣੇ ਘਰਾਂ ਵਿੱਚੋਂ ਬਾਹਰ ਭੱਜ ਦੌੜ ਲੱਗੇ। ਆਫ਼ਤ ਪ੍ਰਬੰਧਨ ਅਧਿਕਾਰੀ ਰੈਕਸ ਯਗੋਟ ਨੇ ਐਸੋਸੀਏਟਿਡ ਪ੍ਰੈਸ ਨੂੰ ਟੈਲੀਫੋਨ 'ਤੇ ਦੱਸਿਆ ਕਿ ਭੂਚਾਲ ਦਾ ਕੇਂਦਰ ਲਗਪਗ 90,000 ਲੋਕਾਂ ਦੇ ਤੱਟਵਰਤੀ ਸ਼ਹਿਰ ਬੋਗੋ ਦੇ ਉੱਤਰ-ਪੂਰਬ ਵਿੱਚ 19 ਕਿਲੋਮੀਟਰ ਦੂਰ ਸੀ, ਜੋ ਸੇਬੂ ਸੂਬੇ ਵਿੱਚ ਸਥਿਤ ਹੈ। ਇੱਥੇ ਘੱਟੋ-ਘੱਟ 14 ਵਸਨੀਕਾਂ ਦੀ ਮੌਤ ਹੋ ਗਈ ਹੈ। ਇਹ ਭੂਚਾਲ ਸਥਾਨਕ ਫਾਲਟ ਵਿੱਚ 5 ਕਿਲੋਮੀਟਰ ਦੀ ਡੂੰਘਾਈ 'ਤੇ ਹਰਕਤ ਕਾਰਨ ਸ਼ੁਰੂ ਹੋਇਆ ਸੀ।

ਬੋਗੋ ਵਿੱਚ ਮੌਤਾਂ ਦੀ ਗਿਣਤੀ ਵਧਣ ਦੀ ਉਮੀਦ ਜਤਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵਰਕਰ ਇੱਕ ਪਹਾੜੀ ਪਿੰਡ ਵਿੱਚ ਝੌਂਪੜੀਆਂ ਦੇ ਸਮੂਹ ਵਿੱਚ ਤਲਾਸ਼ੀ ਅਤੇ ਬਚਾਅ ਯਤਨਾਂ ਨੂੰ ਤੇਜ਼ ਕਰਨ ਲਈ ਇੱਕ ਬੈਕਹੋ (ਮਿੱਟੀ ਪੁੱਟਣ ਵਾਲੀ ਮਸ਼ੀਨ) ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ, ਜਿੱਥੇ ਜ਼ਮੀਨ ਖਿਸਕਣ ਅਤੇ ਪੱਥਰ ਡਿੱਗਣ ਕਾਰਨ ਨੁਕਸਾਨ ਹੋਇਆ ਹੈ। ਮੇਡਲਿਨ ਕਸਬੇ ਦੀ ਆਫ਼ਤ ਪ੍ਰਬੰਧਨ ਵਿਭਾਗ ਦੀ ਮੁਖੀ ਜੇਮਾ ਵਿਲਾਮੋਰ ਨੇ ਏਪੀ ਨੂੰ ਦੱਸਿਆ ਕਿ ਘੱਟੋ-ਘੱਟ 12 ਵਸਨੀਕ ਸੌਂਦੇ ਸਮੇਂ ਆਪਣੇ ਘਰਾਂ ਦੀਆਂ ਛੱਤਾਂ ਅਤੇ ਕੰਧਾਂ ਡਿੱਗਣ ਕਾਰਨ ਮਾਰੇ ਗਏ।

ਉਧਰ ਸੈਨ ਰੇਮੀਗਿਓ ਕਸਬੇ ਵਿੱਚ ਪੰਜ ਵਿਅਕਤੀ (ਜਿਨ੍ਹਾਂ ਵਿੱਚ ਤਿੰਨ ਤੱਟ ਰੱਖਿਅਕ ਕਰਮਚਾਰੀ, ਇੱਕ ਫਾਇਰਫਾਈਟਰ ਅਤੇ ਇੱਕ ਬੱਚਾ ਸ਼ਾਮਲ ਸਨ) ਇੱਕ ਬਾਸਕਟਬਾਲ ਖੇਡ ਦੌਰਾਨ ਸੁਰੱਖਿਅਤ ਥਾਂ 'ਤੇ ਭੱਜਣ ਦੀ ਕੋਸ਼ਿਸ਼ ਕਰਦੇ ਸਮੇਂ ਕੰਧਾਂ ਡਿੱਗਣ ਕਾਰਨ ਮਾਰੇ ਗਏ। ਅਧਿਕਾਰੀਆ ਨੇ ਦੱਸਿਆ ਕਿ ਭੂਚਾਲ ਕਾਰਨ ਪਾਣੀ ਸਹੂਲਤ ਪ੍ਰਣਾਲੀਆਂ ਵੀ ਪ੍ਰਭਾਵਿਤ ਹੋਈ ਹੈ।

## ਨਾਈਜੀਰੀਆ ਦੇ ਨਾਈਜਰ...

ਨੂੰ ਕੋਗੀ ਸੂਬੇ ਦੇ ਇਬਾਜੀ ਖੇਤਰ ਵਿੱਚ ਵਾਪਰਿਆ। ਇਸ ਕਿਸ਼ਤੀ ਵਿੱਚ ਜ਼ਿਆਦਾਤਰ ਜ਼ਿਆਦਾਤਰ ਯਾਤਰੀ ਵਪਾਰੀ ਸਨ ਜੋ ਗੁਆਂਢੀ ਈਡੋ ਰਾਜ ਦੇ ਇੱਕ ਬਾਜ਼ਾਰ ਜਾ ਰਹੇ ਸਨ।

ਫੋਨਵੋ ਨੇ ਕਿਹਾ," ਇਹ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਹੈ ਅਸੀਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਾਂ। " ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਫੈਡਰਲ ਏਜੰਸੀਆਂ ਨਾਲ ਮਿਲਕੇ ਦਰਿਆਵੀਂ ਸੁਰੱਖਿਆ ਵਧਾਉਣ ਦੀ ਕੋਸ਼ਿਸ਼ ਕਰੇਗੀ ਤਾਂ ਜੋ ਅਗਲੇ ਸਮੇਂ ਅਜਿਹੇ ਹਾਦਸੇ ਨਾ ਹੋਣ। ਅਫਰੀਕਾ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਨਾਈਜੀਰੀਆ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਬਰਸਾਤ ਦੇ ਮੌਸਮ ਦੌਰਾਨ ਕਿਸ਼ਤੀ ਹਾਦਸੇ ਆਮ ਹਨ। ਹਾਦਸੇ ਅਕਸਰ ਓਵਰਲੋਡ ਅਤੇ ਮਾੜੇ ਰੱਖ-ਰਖਾਅ ਵਾਲੇ ਜਹਾਜ਼ਾਂ ਕਾਰਨ ਹੁੰਦੇ ਹਨ। ਹਾਲਾਂਕਿ ਪਿਛਲੇ ਮਹੀਨੇ ਵੀ ਨਾਈਜਰ ਰਾਜ ਦੇ ਬੋਰਗੂ ਖੇਤਰ ਵਿੱਚ ਇੱਕ ਓਵਰਲੋਡ ਕਿਸ਼ਤੀ ਇੱਕ ਦਰੱਖਤ ਨਾਲ ਟਕਰਾਉਣ ਕਾਰਨ 31 ਲੋਕਾਂ ਦੀ ਮੌਤ ਹੋ ਗਈ ਸੀ।

## ਆਸਟ੍ਰੇਲੀਆਈ ਇਮੀਗ੍ਰੇਸ਼ਨ...

'ਤੇ ਇਥੇ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ ਅਤੇ ਕਈ ਵਾਰ ਪੱਕੀ ਰਿਹਾਇਸ਼ ਲਈ ਅਰਜ਼ੀਆਂ ਦਾਖ਼ਲ ਕਰ ਚੁੱਕੇ ਹਨ ਪਰ ਸਰਕਾਰੀ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਰੱਦ ਕਰਦੇ ਹੋਏ ਹੁਣ ਇਸ ਪਰਿਵਾਰ ਨੂੰ ਵਾਪਸ ਭਾਰਤ ਜਾਣ ਦਾ ਹੁਕਮ ਜਾਰੀ ਕਰ ਦਿੱਤਾ ਹੈ।

ਇਸ ਫ਼ੈਸਲੇ ਨਾਲ ਉਨ੍ਹਾਂ ਦੇ 12 ਸਾਲਾ ਪੁੱਤਰ ਅਭਿਜੋਤ ਸਿੰਘ ਦਾ ਭਵਿੱਖ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ। ਅਭਿਜੋਤ ਆਸਟ੍ਰੇਲੀਆ 'ਚ ਜਨਮਿਆ ਹੈ ਅਤੇ ਆਸਟ੍ਰੇਲੀਆਈ ਨਾਗਰਿਕਤਾ ਰੱਖਦਾ ਹੈ। ਉਹ ਸਥਾਨਕ ਸਕੂਲ ਵਿਚ ਪੜ੍ਹਦਾ ਹੈ। ਮਨੁੱਖੀ ਹੱਥਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮਾਮਲਾ ਸਿਰਫ ਇਮੀਗ੍ਰੇਸ਼ਨ ਨੀਤੀ ਦਾ ਨਹੀਂ, ਸਗੋਂ ਬੱਚੇ ਦੇ ਹੱਕਾਂ ਦਾ ਵੀ ਹੈ। ਬੱਚੇ ਨੂੰ ਆਪਣੇ ਮਾਪਿਆਂ ਨਾਲ ਰਹਿਣ ਦਾ ਹੱਕ ਹੈ ਅਤੇ ਸਰਕਾਰੀ ਫ਼ੈਸਲੇ ਨਾਲ ਇਹ ਹੱਕ ਖਤਰੇ ਵਿਚ ਪੈ ਰਿਹਾ ਹੈ।

## ਜੇ ਮੈਨੂੰ ਨੋਬੇਲ ਨਾ ਮਿਲਿਆ...

ਨਹੀਂ ਕੀਤਾ ਹੋਵੇਗਾ। ਉਹ ਇਹ ਪੁਰਸਕਾਰ ਉਸ ਵਿਅਕਤੀ ਨੂੰ ਦੇਣਗੇ ਜਿਸ ਨੇ ਡੋਨਲਡ ਟਰੰਪ ਦੇ ਦਿਮਾਗ ਬਾਰੇ ਕਿਤਾਬ ਲਿਖੀ ਹੋਵੇਗੀ। ਨੋਬੇਲ ਪੁਰਸਕਾਰ ਲੇਖਕ ਨੂੰ ਜਾਵੇਗਾ ਪਰ ਦੇਖਦੇ ਹਾਂ ਕਿ ਅੱਗੇ ਕੀ ਹੁੰਦਾ ਹੈ।'' ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ ਕਿ ਜੇ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾ ਮਿਲਿਆ ਤਾਂ ਇਹ ਮੁਲਕ ਲਈ ਵੱਡੀ ਬੇਇੱਜ਼ਤੀ ਹੋਵੇਗੀ ਅਤੇ ਉਹ ਇਹ ਨਹੀਂ ਚਾਹੁੰਦੇ ਹਨ।

**ਵਾਸ਼ਿੰਗਟਨ:** ਸੁਪਰੀਮ ਕੋਰਟ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਝਟਕਾ ਦਿੰਦਿਆਂ ਲਿਜ਼ਾ ਕੁੱਕ ਨੂੰ ਫੈਡਰਲ ਰਿਜ਼ਰਵ ਦਾ ਗਵਰਨਰ ਬਣੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਉਸ ਨੂੰ ਕੇਂਦਰੀ ਬੈਂਕ ਤੋਂ ਫੌਰੀ ਹਟਾਉਣ ਸਬੰਧੀ ਟਰੰਪ ਪ੍ਰਸ਼ਾਸਨ ਦੀ ਅਪੀਲ 'ਤੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਇਕ ਹੁਕਮ 'ਚ ਅਦਾਲਤ ਨੇ ਕਿਹਾ ਕਿ ਉਹ ਜਨਵਰੀ 'ਚ ਰਾਸ਼ਟਰਪਤੀ ਟਰੰਪ ਵੱਲੋਂ ਕੁੱਕ ਨੂੰ ਫੈੱਡ ਬੋਰਡ ਤੋਂ ਹਟਾਉਣ ਦੀ ਅਪੀਲ 'ਤੇ ਦਲੀਲਾਂ ਸੁਣਨਗੇ।

## ਗੋਸਲ ਦੀ ਵੀਡੀਓ ਮਗਰੋਂ...

ਅਨੀਤਾ ਆਨੰਦ ਦੀ ਇਹ ਟਿੱਪਣੀ ਅਜਿਹੇ ਸਮੇਂ ਆਈ ਹੈ ਜਦੋਂ ਕੌਮੀ ਸੁਰੱਖਿਆ ਸਲਾਹਕਾਰ ਨੈਟਲੀ ਡ੍ਰੌਇਨ ਨੇ ਆਪਣੇ ਭਾਰਤੀ ਹਮਰੁਤਬਾ ਨਾਲ ਮੁਲਾਕਾਤ ਮਗਰੋਂ ਦਾਅਵਾ ਕੀਤਾ ਸੀ ਕਿ ਭਾਰਤ ਸਰਕਾਰ ਵੱਲੋਂ ਹਰਦੀਪ ਸਿੰਘ ਨਿੱਜਰ ਦੇ ਕਤਲ ਦੀ ਪੜਤਾਲ ਵਿਚ ਹਰ ਸੰਭਵ ਸਹਿਯੋਗ ਦਾ ਵਾਅਦਾ ਕੀਤਾ ਗਿਆ ਹੈ। ਡ੍ਰੌਇਨ ਨੇ ਕਿਹਾ ਸੀ ਕਿ ਇਕ ਦੂਜੇ ਦੀਆਂ ਚਿੰਤਾਵਾਂ ਦੂਰ ਕਰਨ ਲਈ ਰਾਹ ਤਲਾਸ਼ ਕੀਤੇ ਜਾ ਰਹੇ ਹਨ। ਦੂਜੇ ਪਾਸੇ ਨਾਜਾਇਜ਼ ਹਥਿਆਰ ਰੱਖਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਇੰਦਰਜੀਤ ਸਿੰਘ ਗੋਸਲ ਨੂੰ ਜ਼ਮਾਨਤ ਮਿਲਣ ਮਗਰੋਂ ਭਾਰਤੀ ਮੀਡੀਆ ਵਿਚ ਤਿੱਖੇ ਇਤਰਾਜ਼ ਆਏ ਅਤੇ ਦਾਅਵਾ ਕੀਤਾ ਗਿਆ ਹੈ ਕਿ ਖ਼ਾਲਿਸਤਾਨ ਹਮਾਇਤੀ ਜਾਣ ਬੁੱਝ ਕੇ ਰਿਹਾਅ ਕੀਤਾ ਗਿਆ ਹੈ। ਇੰਦਰਜੀਤ ਸਿੰਘ ਗੋਸਲ ਦੀ ਇਕ ਵੀਡੀਓ ਵੀ ਸਾਹਮਣੇ ਆਈ ਜੋ ਉਨਟਾਰੀਓ ਦੀ ਕਿਸੇ ਜੇਲ ਦੇ ਬਾਹਰ ਖੜ੍ਹੇ ਹੋ ਕੇ ਰਿਕਾਰਡ ਕੀਤੀ ਗਈ ਪਰ ਕੈਨੇਡੀਅਨ ਮੀਡੀਆ ਵੱਲੋਂ ਇਸ ਦੀ ਤਸਦੀਕ ਨਹੀਂ ਕੀਤੀ ਗਈ।

## ਕੈਨੇਡਾ ਦੇ 5 ਰਾਜਾਂ 'ਚ...

ਇਹ ਅੰਕੜਾ ਸੂਬੇ ਦੇ 71 ਲੱਖ ਕਿਰਤੀਆਂ ਦਾ ਸੱਤ ਫ਼ੀ ਸਦੀ ਬਣਦਾ ਹੈ। ਜ਼ਿਆਦਾਤਰ ਕਿਰਤੀਆਂ ਦੀ ਉਮਰ 15 ਸਾਲ ਤੋਂ 24 ਸਾਲ ਦਰਮਿਆਨ ਹੈ ਅਤੇ ਵਿਦਿਆਰਥੀਆਂ ਦੀ ਘੱਟੋ ਘੱਟ ਉਜਰਤ ਦਰ ਵਿਚ ਵੀ ਅੱਜ ਤੋਂ 40 ਸੈਂਟ ਦਾ ਵਾਧਾ ਹੋ ਰਿਹਾ ਹੈ। ਹੁਣ ਵਿਦਿਆਰਥੀਆਂ ਨੂੰ ਘੱਟੋ ਘੱਟ 16.60 ਡਾਲਰ ਪ੍ਰਤੀ ਘੰਟਾ ਮਿਹਨਤਾਨਾ ਮਿਲੇਗਾ। ਉਧਰ ਯੂਨੀਵਰਸਿਟੀ ਆਫ਼ ਟੋਰਾਂਟੋ ਦੇ ਰੋਟਮੈਨ ਸਕੂਲ ਆਫ਼ ਮੈਨੇਜਮੈਂਟ ਦੇ ਸਾਬਕਾ ਪ੍ਰੋਫੈਸਰ ਅਤੇ ਉਨਟਾਰੀਓ ਦੇ ਮਿਨੀਮਮ ਵੇਜ ਐਡਵਾਇਜ਼ਰੀ ਪੈਨਲ ਦੇ ਮੁਖੀ ਅਨਿਲ ਵਰਮਾ ਨੇ ਦੱਸਿਆ ਕਿ ਜੂਨ 2013 ਵਿਚ ਪੈਨਲ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕਈ ਕਈ ਸਾਲ ਤੱਕ ਮਿਹਨਤਾਨੇ ਵਿਚ ਵਾਧਾ ਨਹੀਂ ਸੀ ਹੁੰਦਾ। ਪੈਨਲ ਗਠਤ ਕੀਤੇ ਜਾਣਮੌਕੇ ਉਨਟਾਰੀਓ ਵਿਚ ਘੱਟੋ ਘੱਟ ਉਜਰਤ ਦਰ 10.25 ਡਾਲਰ ਸੀ ਅਤੇ ਪਿਛਲੇ ਤਿੰਨ ਸਾਲ ਤੋਂ ਕੋਈ ਵਾਧਾ ਨਹੀਂ ਸੀ ਹੋਇਆ। ਉਸ ਵੇਲੇ ਲਿਬਰਲ ਸਰਕਾਰ ਵੱਲੋਂ 11 ਡਾਲਰ ਪ੍ਰਤੀ ਘੰਟਾ ਉਜਰਤ ਦਰ ਕੀਤੀ ਗਈ ਅਤੇ ਬਾਅਦ ਵਿਚ ਲਗਾਤਾਰ ਵਕਫ਼ੇ 'ਤੇ ਵਾਧਾ ਹੋਣ ਲੱਗਾ। ਇਸ ਦੇ ਉਲਟ ਉਨਟਾਰੀਓ ਲੇਬਰ ਫੈਡਰੇਸ਼ਨ ਦੀ ਮੁਖੀ ਲੌਰਾ ਵਾਲਟਨ ਦਾ ਕਹਿਣਾ ਸੀ ਕਿ ਵਾਧੇ ਤੋਂ ਬਾਅਦ ਵੀ ਘੱਟੋ ਘੱਟ ਉਜਰਤ ਦਰ ਨਾਕਾਫ਼ੀ ਹੈ ਅਤੇ ਕਿਰਤੀਆਂ ਨੂੰ 20 ਡਾਲਰ ਦਾ ਘੱਟੋ ਘੱਟ ਮਿਹਨਤਾਨਾ ਮਿਲਣਾ ਚਾਹੀਦਾ ਹੈ।

ਜੇ ਟੋਰਾਂਟੋ ਵਿਖੇ ਇਕ ਕਮਰੇ ਵਾਲਾ ਮਕਾਨ ਕਿਰਾਏ 'ਤੇ ਲੈ ਕੇ ਰਹਿਣਾ ਹੈ ਤਾਂ ਘੱਟੋ ਘੱਟ ਉਜਰਤ ਦਰ 38 ਡਾਲਰ ਪ੍ਰਤੀ ਘੰਟਾ ਹੋਣੀ ਚਾਹੀਦੀ ਹੈ ਪਰ ਤਾਜ਼ਾ ਵਾਧੇ ਤੋਂ ਬਾਅਦ ਹਰ ਹਫ਼ਤੇ 40 ਘੰਟੇ ਕੰਮ ਕਰਨ ਵਾਲੇ ਕਿਰਤੀਆਂ ਨੂੰ 33,790 ਡਾਲਰ ਪ੍ਰੀ ਟੈਕਸ ਸਾਲਾਨਾ ਆਮਦਨ ਮਿਲੇਗੀ ਅਤੇ ਇਸ ਵਿਚੋਂ 80 ਫੀ ਸਦੀ ਹਿੱਸਾ ਤਾਂ ਮਕਾਨ ਕਿਰਾਏ ਦੇ ਰੂਪ ਵਿਚ ਹੀ ਚਲਾ ਜਾਵੇਗਾ। ਦੱਸ ਦੇਈਏ ਕਿ ਨੋਵਾ ਸਕੋਸ਼ੀਆ ਅਤੇ ਪ੍ਰਿੰਸ ਐਡਵਰਡ ਆਇਲੈਂਡ ਵਿਚ ਘੱਟੋ ਘੱਟ ਮਿਹਨਤਾਨਾ 16.50 ਡਾਲਰ ਪ੍ਰਤੀ ਘੰਟਾ ਹੋ ਗਿਆ ਹੈ ਜਦਕਿ ਸਸਕੈਚਵਨ ਵਿਚ ਹੁਣ ਇਕ ਘੰਟੇ ਦੀ ਮਿਹਨਤ ਦੇ ਘੱਟੋ ਘੱਟ 16 ਡਾਲਰ ਮਿਲਣਗੇ ਜਦਕਿ ਸਸਕੈਚਵਨ ਵਿਚ 15.34 ਡਾਲਰ ਪ੍ਰਤੀ ਘੰਟਾ ਦੀ ਉਜਰਤ ਦਰ ਮਿਲੇਗੀ।

## ਕੈਨੇਡਾ ਨੇ ਗੈਂਗਸਟਰ ਲਾਰੈਂਸ...

ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕਰਨ ਤੋਂ ਬਾਅਦ, ਕੈਨੇਡੀਅਨ ਸਰਕਾਰ ਕੈਨੇਡਾ ਵਿੱਚ ਬਿਸ਼ਨੋਈ ਗੈਂਗ ਦੀ ਕਿਸੇ ਵੀ ਜਾਇਦਾਦ, ਜਿਸ ਵਿੱਚ ਨਕਦੀ, ਵਾਹਨ ਅਤੇ ਜਾਇਦਾਦ ਸ਼ਾਮਲ ਹੈ, ਨੂੰ ਜ਼ਬਤ ਕਰ ਸਕਦੀ ਹੈ।

ਇਸ ਨਾਲ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਅੱਤਵਾਦੀ ਗਤੀਵਿਧੀਆਂ ਨੂੰ ਵਿੱਤ ਪ੍ਰਦਾਨ ਕਰਨ ਨਾਲ ਸਬੰਧਤ ਅਪਰਾਧਾਂ ਸਮੇਤ ਵੱਖ-ਵੱਖ ਅਪਰਾਧਾਂ ਲਈ ਗੈਂਗ ਮੈਂਬਰਾਂ 'ਤੇ ਮੁਕੱਦਮਾ ਚਲਾਉਣ ਦੀ ਵਧੇਰੇ ਸ਼ਕਤੀ ਮਿਲੇਗੀ। ਇਮੀਗ੍ਰੇਸ਼ਨ ਅਧਿਕਾਰੀ ਹੁਣ ਬਿਸ਼ਨੋਈ ਗੈਂਗ ਦੇ ਮੈਂਬਰਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕ ਸਕਦੇ ਹਨ।


REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre





Best Bargain Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21 Mississauga, ON L5S 0A2
Email:- best_bargain@hotmail.com
Gurpreet Singh





BEST TRUCK REPAIR & TIRE CENTER
ਅਸੀਂ ਸੇਫਟੀ, ਇਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਕੈਨੇਡਾ ਸਰਕਾਰ ਪ੍ਰਵਾਸੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਸਹੀ ਨਿਯਮ ਬਣਾਵੇ : ਪ੍ਰਮਿੰਦਰ ਸਿੰਘ ਢੀਂਡਸਾ

## ਪੰਜਾਬੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਦਾ ਜ਼ਿਕਰ



ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰਮਿੰਦਰ ਸਿੰਘ ਢੀਂਡਸਾ ਨੇ ਕੈਨੇਡਾ ਦੀ ਸਰਕਾਰ ਨੂੰ ਪਰਵਾਸੀਆਂ ਲਈ ਸਹੀ ਨੀਤੀਆਂ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਪਰਵਾਸ ਕਰਨ ਵਾਲਿਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਇੱਕ ਸਹੀ ਤਰੀਕਾ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਅਜਿਹੀ ਨੀਤੀ ਬਣਾਵੇ ਕਿ ਪੰਜਾਬੀਆਂ ਨੂੰ ਪੀ ਆਰ ਲੈਣ ਵਿਚ ਮੁਸ਼ਕਲ ਪੇਸ਼ ਨਾ ਆਵੇ। ਉਨਾਂ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬੀ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਕੈਨੇਡਾ ਵਿਚ ਰੁਜ਼ਗਾਰ ਦੀ ਭਾਲ ਵਿਚ ਆਉਂਦੇ ਹਨ ਅਤੇ ਇਸੇ ਲਈ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਨ੍ਹਾਂ ਦੇ ਪੀ ਆਰ ਹੋਣ ਵਿਚ ਆਉਂਦੀਆਂ ਮੁਸ਼ਕਲਾਂ ਨੂੰ ਹੱਲ ਕਰੇ।

ਢੀਂਡਸਾ ਨੇ ਖਾਸ ਤੌਰ 'ਤੇ ਪੰਜਾਬੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀ ਵਿਦਿਆਰਥੀ ਆਪਣੇ ਪਰਿਵਾਰਾਂ ਨੂੰ ਛੱਡ ਕੇ ਆਪਣੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਕੈਨੇਡਾ ਆਉਂਦੇ ਹਨ, ਪਰ ਜੇਕਰ ਕੈਨੇਡੀਅਨ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਉਨ੍ਹਾਂ ਨੂੰ ਨੁਕਸਾਨ ਹੁੰਦਾ ਹੈ ਤਾਂ ਇਹ ਮੰਦਭਾਗਾ ਹੈ। ਨਵੇਂ ਅਕਾਲੀ ਦਲ ਦੇ ਬਣਾਉਣ ਤੇ ਜੱਥੇਦਾਰ ਹਰਪ੍ਰੀਤ ਸਿੰਘ ਬਾਰੇ ਸਵਾਲ ਪੁੱਛਣ ਤੇ ਉਨ੍ਹਾਂ ਆਖਿਆ ਕਿ ਇਹੀ ਅਸਲੀ ਅਕਾਲੀ ਦਲ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਤੇ ਬਣਿਆ ਹੈ। ਪ੍ਰਮਿੰਦਰ ਢੀਂਡਸਾ ਨੇ ਕਿਹਾ ਕਿ ਜਲਦੀ ਹੀ ਜਥੇਦਾਰ ਹਰਪ੍ਰੀਤ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਦਫ਼ਤਰ ਚੰਡੀਗੜ੍ਹ ਵਿਖੇ ਬਣਾਇਆ ਜਾ ਰਿਹੈ ਅਤੇ ਪਾਰਟੀ ਦਾ ਪੂਰਾ ਢਾਂਚਾ ਵੀ ਬਣੇਗਾ। ਇਸੇ ਤਰ੍ਹਾਂ ਉਨ੍ਹਾਂ ਪੰਜਾਬ ਵਿਚ ਆਏ ਹੜ੍ਹਾਂ ਦਾ ਵੀ ਜਿਕਰ ਕੀਤਾ ਅਤੇ ਐਨ ਆਰ ਆਈਸ ਦਾ ਵੀ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਹੜ੍ਹਾਂ ਦੌਰਾਨ ਪੰਜਾਬੀਆਂ ਦੀ ਬਾਹ ਫੜੀ। ਇਥੇ ਇਹ ਵੀ ਦਸ ਦਈਏ ਕਿ ਪ੍ਰਮਿੰਦਰ ਸਿੰਘ ਢੀਂਡਸਾ ਦਾ ਕੈਨੇਡਾ ਪਹੁੰਚਣ ਤੇ ਨਿਘਾ ਸਵਾਗਤ ਕੀਤਾ ਗਿਆ ਹੈ।

# ਕੈਨੇਡਾ ਦੀ ਪੀ.ਆਰ. ਲਈ ਭੈਣ ਨੇ ਪਾਰ ਕੀਤੀਆਂ ਹੱਦਾਂ

## * 17 ਸਾਲ ਦੀ ਕੁੜੀ ਨੂੰ 20 ਹਜ਼ਾਰ ਡਾਲਰ ਦੀ ਪੇਸ਼ਕਸ਼ * ਬਰੈਂਪਟਨ ਰਹਿੰਦੀ ਭਾਰਤੀ ਔਰਤ ਦੀ ਭਾਲ ਕਰ ਰਹੀ ਪੁਲਿਸ



ਟੋਰਾਂਟੋ : ਕੈਨੇਡਾ ਦੀ ਪੀ.ਆਰ. ਲਈ ਮੈਰਿਜ ਫਰੋਡ ਕੋਈ ਨਵੀਂ ਗੱਲ ਨਹੀਂ ਪਰ ਬਰੈਂਪਟਨ ਨਾਲ ਸਬੰਧਤ ਇਕ ਭਾਰਤੀ ਔਰਤ ਵੱਲੋਂ ਆਪਣੇ ਭਰਾ ਵਾਸਤੇ 20 ਹਜ਼ਾਰ ਡਾਲਰ ਵਿਚ ਇਕ ਨਾਬਾਲਗ ਕੁੜੀ ਨੂੰ ਖਰੀਦਣ ਦੀ ਕੋਸ਼ਿਸ਼ ਦਾ ਹੈਰਾਨਕੁੰਨ ਮਾਮਲਾ ਸਾਹਮਣੇ ਆਇਆ ਹੈ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਮਾਮਲੇ ਦੀ ਪੜਤਾਲ ਕਰ ਰਹੀ ਹੈ ਅਤੇ ਟਿਮ ਹੌਰਟਨਜ਼ ਵਿਚ ਬਤੌਰ ਮੈਨੇਜਰ ਕੰਮ ਕਰਦੀ ਭਾਰਤੀ ਔਰਤ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ ਹੈ। 'ਟੋਰਾਂਟੋ ਸਨ' ਦੀ ਰਿਪੋਰਟ ਮੁਤਾਬਕ ਉਨਟਾਰੀਓ ਦੀ ਪ੍ਰਿੰਸ ਐਡਵਰਡ ਕਾਊਂਟੀ ਵਿਚ ਵਾਪਰੇ ਇਸ ਘਟਨਾਕ੍ਰਮ ਬਾਰੇ 17 ਸਾਲਾ ਕੁੜੀ ਦੇ ਚਾਚੇ ਨੇ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੀ ਭਤੀਜੀ ਵੈਲਿੰਗਟਨ ਦੇ ਟਿਮ ਹੌਰਟਨਜ਼ ਵਿਚ ਕੰਮ ਕਰਦੀ ਸੀ।

ਰੈਸਟੋਰੈਂਟ ਦੀ ਮਹਿਲਾ ਮੈਨੇਜਰ ਨੇ ਉਸ ਨਾਲ ਗੂੜ੍ਹੀ ਦੋਸਤੀ ਕਰ ਲਈ ਅਤੇ ਆਪਣੇ 25 ਸਾਲ ਦੇ ਭਰਾ ਨਾਲ ਵਿਆਹ ਕਰਵਾਉਣ ਦਾ ਦਬਾਅ ਪਾਉਣ ਲੱਗੀ। ਕੁੜੀ ਦੇ ਚਾਚੇ ਮੈਟ ਮੌਨਰੋਅ ਨੇ ਸਾਰੇ ਟੈਕਸਟ ਮੈਸੇਜ ਜਨਤਕ ਕਰ ਦਿਤੇ ਜੋ ਮਹਿਲਾ ਮੈਨੇਜਰ ਵੱਲੋਂ ਵਿਆਹ ਲਈ ਪਾਏ ਜਾ ਰਹੇ ਦਬਾਅ ਨਾਲ ਸਬੰਧਤ ਸਨ। ਫ਼ਿਲਹਾਲ ਭਾਰਤੀ ਔਰਤ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਪਰ ਦੱਸਿਆ ਜਾ ਰਿਹਾ ਹੈ ਕਿ ਉਹ ਬਰੈਂਪਟਨ ਪਰਤ ਚੁੱਕੀ ਹੈ। ਮੈਟ ਮੌਨਰੋਅ ਨੇ ਦੱਸਿਆ ਕਿ ਰੈਸਟੋਰੈਂਟ ਦਾ ਸਟਾਫ਼ ਉਸ ਦੀ ਭਤੀਜੀ ਵੱਲ ਦੇਖ ਕੇ ਹੱਸਦਾ ਸੀ ਜਿਸ ਤੋਂ ਤੰਗ ਆ ਕੇ ਉਸ ਨੇ ਨੌਕਰੀ ਹੀ ਛੱਡ ਦਿਤੀ। ਉਧਰ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਵੱਲੋਂ ਕ੍ਰਿਮੀਨਲ ਕੋਡ ਦੀ ਧਾਰਾ 292 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ ਜਿਸ ਤਹਿਤ ਦੋਸ਼ੀ ਕਰਾਰ ਦਿਤੇ ਜਾਣ 'ਤੇ ਪੰਜ ਸਾਲ ਤੱਕ ਦੀ ਕੈਦ ਸੁਣਾਈ ਜਾ ਸਕਦੀ ਹੈ। ਫਿਲਹਾਲ ਪੁਲਿਸ ਵੱਲੋਂ ਕੋਈ ਦੋਸ਼ ਆਇਦ ਨਹੀਂ ਕੀਤਾ ਗਿਆ ਅਤੇ ਮਹਿਲਾ ਮੈਨੇਜਰ ਸਣੇ ਉਸ ਦੇ ਭਰਾ ਨਾਲ ਗੱਲਬਾਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸੇ ਦੌਰਾਨ ਟਿਮ ਹੌਰਟਨਜ਼ ਦੇ ਮੀਡੀਆ ਰਿਲੇਸ਼ਨਜ਼ ਵਿਭਾਗ ਨੇ ਕਿਹਾ ਕਿ ਸਾਰੇ ਰੈਸਟੋਰੈਂਟਸ ਦੀ ਮਾਲਕੀ ਅਤੇ ਸੰਚਾਲਨ ਸਬੰਧਤ ਫਰੈਂਚਾਇਜ਼ੀ ਕੋਲ ਹੁੰਦਾ ਹੈ ਅਤੇ ਰੈਸਟੋਰੈਂਟ ਮਾਲਕ ਨੇ ਮਾਮਲਾ ਧਿਆਨ ਵਿਚ ਆਉਂਦਿਆਂ ਹੀ ਮੈਨੇਜਰ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿਤਾ। ਉਧਰ ਮੈਟ ਮੌਨਰੋਅ ਨੇ ਉਮੀਦ ਜ਼ਾਹਰ ਕੀਤੀ ਕਿ ਪੁਲਿਸ ਵੱਲੋਂ ਹਿਊਮਨ ਟ੍ਰੈਫਿਕਿੰਗ ਦੇ ਇਸ ਕਥਿਤ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾਵੇਗੀ।

ਟਿਮ ਹੌਰਟਨ ਦੀ ਪਿਕਟਨ ਫਰੈਂਚਾਇਜ਼ੀ ਵਿਚ ਕੰਮ ਕਰਦੀ ਇਕ ਹੋਰ ਕੁੜੀ ਦੇ ਮਾਪਿਆਂ ਵੱਲੋਂ ਰੋਸ ਮੁਜ਼ਾਹਰਾ ਕੀਤੇ ਜਾਣ ਦੀ ਰਿਪੋਰਟ ਹੈ। ਬਰਖਾਸਤ ਮਹਿਲਾ ਮੈਨੇਜਰ ਹੁਣ ਤੱਕ ਸਾਹਮਣੇ ਨਹੀਂ ਆਈ ਪਰ ਸੋਸ਼ਲ ਮੀਡੀਆ ਰਾਹੀਂ ਕੀਤੀ ਇਕ ਟਿੱਪਣੀ ਵਿਚ ਉਸ ਨੇ ਕਿਹਾ ਹੈ ਕਿ ਲੰਮੀ ਗੱਲਬਾਤ ਦੇ ਕੁਝ ਹਿੱਸੇ ਪੇਸ਼ ਕਰ ਕੇ ਮਾਮਲਾ ਇਕਪਾਸੜ ਕੀਤਾ ਜਾ ਰਿਹਾ ਹੈ। ਭਾਰਤੀ ਔਰਤ ਨੇ ਕਿਹਾ ਕਿ 17 ਸਾਲ ਦੀ ਕੁੜੀ ਵੱਲੋਂ ਵਿਸਤਾਰਤ ਗੱਲਬਾਤ ਦੌਰਾਨ ਆਰਥਿਕ ਔਕੜਾਂ ਦਾ ਜ਼ਿਕਰ ਕੀਤਾ ਗਿਆ ਜਿਸ ਮਗਰੋਂ ਉਸ ਨੇ ਰਕਮ ਦੀ ਪੇਸ਼ਕਸ਼ ਕਰ ਦਿਤੀ ਪਰ ਰਕਮ ਦੇ ਇਵਜ਼ ਵਿਚ ਵਿਆਹ ਸ਼ਬਦ ਦੀ ਵਰਤੋਂ ਨਹੀਂ ਕੀਤੀ। ਭਾਰਤੀ ਔਰਤ ਨੇ ਸ਼ਿਕਾਇਤ ਭਰੇ ਲਹਿਜ਼ੇ ਵਿਚ ਕਿਹਾ ਕਿ ਕੁਝ ਗੱਲਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਦਿਤਾ ਜਾਂਦਾ ਹੈ ਅਤੇ ਲੋਕਾਂ ਨੂੰ ਆਪਣਾ ਰੁਤਬਾ ਤੇ ਨੌਕਰੀ ਦੋਵੇਂ ਗਵਾਉਣੇ ਪੈਂਦੇ ਹਨ ਜਦਕਿ ਅਸਲ ਵਿਚ ਕੁਝ ਵਾਪਰਿਆ ਹੀ ਨਹੀਂ ਹੁੰਦਾ। ਦੂਜੇ ਪਾਸੇ ਵੈਲਿੰਗਟਨ ਅਤੇ ਪਿਕਟਨ ਵਿਖੇ ਟਿਮ ਹੌਰਟਨਜ਼ ਫਰੈਂਚਾਇਜ਼ੀ ਦੇ ਮਾਲਕ ਨੇ ਇਸ ਘਟਨਾ ਬਾਰੇ ਕੁਝ ਵੀ ਕਹਿਣ ਤੋਂ ਨਾਂਹ ਕਰ ਦਿਤੀ।

# ਅਮਰੀਕਾ ਨੇ 100 ਈਰਾਨੀਆਂ ਨੂੰ ਦਿੱਤਾ ਦੇਸ਼ ਨਿਕਾਲਾ



ਅਮਰੀਕਾ : ਅਮਰੀਕਾ ਨੇ ਦੇਸ਼ ਤੋਂ ਲਗਭਗ 100 ਈਰਾਨੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਨਿਊਯਾਰਕ ਟਾਈਮਜ਼ ਦੇ ਅਨੁਸਾਰ, ਇਹ ਕਦਮ ਅਮਰੀਕਾ ਅਤੇ ਈਰਾਨ ਵਿਚਕਾਰ ਮਹੀਨਿਆਂ ਦੀ ਗੱਲਬਾਤ ਤੋਂ ਬਾਅਦ ਚੁੱਕਿਆ ਗਿਆ ਹੈ। ਇਨ੍ਹਾਂ ਲੋਕਾਂ ਨੂੰ ਸੋਮਵਾਰ ਨੂੰ ਇੱਕ ਵਿਸ਼ੇਸ਼ ਜਹਾਜ਼ ਰਾਹੀਂ ਅਮਰੀਕਾ ਦੇ ਲੁਈਸਿਆਨਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਇਹ ਜਹਾਜ਼ ਮੰਗਲਵਾਰ ਨੂੰ ਕਤਰ ਰਾਹੀਂ ਈਰਾਨ ਪਹੁੰਚਿਆ।

ਜੂਨ ਵਿੱਚ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕਾ ਦੇ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਆਪਸੀ ਸਹਿਯੋਗ ਦਾ ਇਹ ਪਹਿਲਾ ਸੰਕੇਤ ਹੈ। ਕੁਝ ਲੋਕ ਹਿਰਾਸਤ ਕੇਂਦਰਾਂ ਵਿੱਚ ਲੰਮਾ ਸਮਾਂ ਬਿਤਾਉਣ ਤੋਂ ਬਾਅਦ ਸਵੈ-ਇੱਛਾ ਨਾਲ ਦੇਸ਼ ਨਿਕਾਲਾ ਦੇਣ ਲਈ ਸਹਿਮਤ ਹੋਏ, ਜਦੋਂ ਕਿ ਕੁਝ ਨੂੰ ਦਬਾਅ ਹੇਠ ਦੇਸ਼ ਨਿਕਾਲਾ ਦਿੱਤਾ ਗਿਆ। ਅਮਰੀਕੀ ਸਰਕਾਰ ਨੇ ਲਗਾਤਾਰ ਈਰਾਨੀਆਂ ਨੂੰ ਸ਼ਰਨ ਦਿੱਤੀ ਹੈ, ਕਿਉਂਕਿ ਈਰਾਨ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਾਲਾ ਦੇਸ਼ ਮੰਨਿਆ ਜਾਂਦਾ ਹੈ।

ਹਾਲ ਹੀ ਦੇ ਸਾਲਾਂ ਵਿੱਚ, ਬਹੁਤ ਸਾਰੇ ਈਰਾਨੀ ਅਮਰੀਕਾ-ਮੈਕਸੀਕੋ ਸਰਹੱਦ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਰ ਕਰਦੇ ਫੜੇ ਗਏ ਹਨ। ਇਨ੍ਹਾਂ ਲੋਕਾਂ ਨੇ ਰਾਜਨੀਤਿਕ ਅਤੇ ਧਾਰਮਿਕ ਅਤਿਆਚਾਰ ਦਾ ਹਵਾਲਾ ਦਿੰਦੇ ਹੋਏ ਅਮਰੀਕਾ ਵਿੱਚ ਸ਼ਰਨ ਮੰਗੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਉਨ੍ਹਾਂ ਦੇ ਸ਼ਰਨ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ ਗਿਆ ਸੀ।

# ਓਨਟਾਰੀਓ 'ਚ ਘਰ 'ਤੇ ਹਮਲਾ ਕਰਨ ਵਾਲੇ 2 ਸਾਊਥ ਏਸ਼ੀਅਨ ਕਾਬੂ

## ਯਾਰਕ ਰੀਜਨਲ ਪੁਲਿਸ 4 ਜਣਿਆਂ ਨੂੰ ਪਹਿਲਾਂ ਕਰ ਚੁੱਕੀ ਹੈ ਗ੍ਰਿਫ਼ਤਾਰ





ਟੋਰਾਂਟੋ : ਉਨਟਾਰੀਓ ਦੇ ਮਾਰਖਮ ਵਿਖੇ ਇਕ ਘਰ 'ਤੇ ਹਮਲਾ ਕਰਦਿਆਂ ਗੋਲੀਆਂ ਚਲਾਉਣ ਅਤੇ ਔਰਤ ਨੂੰ ਅਗਵਾ ਕਰਨ ਦੇ ਮਾਮਲੇ ਤਹਿਤ ਪੁਲਿਸ ਵੱਲੋਂ ਦੋ ਹੋਰ ਸ਼ੱਕੀਆਂ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਦੀ ਸ਼ਨਾਖਤ 21 ਸਾਲ ਦੇ ਬਰੈਂਡਨ ਘੋਤਰਾ ਅਤੇ 26 ਸਾਲ ਦੇ ਮਸੀਹ ਮੁਹੰਮਦ ਵਜੋਂ ਕੀਤੀ ਗਈ ਹੈ। ਪੁਲਿਸ ਨੇ ਦੋਹਾਂ ਦੀਆਂ ਤਸਵੀਰਾਂ ਜਾਰੀ ਕਰਦਿਆਂ ਦੱਸਿਆ ਕਿ ਬਰੈਂਪਟਨ ਦੇ ਬਰੈਂਡਨ ਘੋਤਰਾ ਵਿਰੁੱਧ ਇਰਾਦਾ ਕਤਲ, ਅਗਵਾ ਦੀ ਸਾਜ਼ਿਸ਼ ਘੜਨ, ਹਥਿਆਰਾਂ ਰਾਹੀਂ ਲੁੱਟ, ਨਾਜਾਇਜ਼ ਹਥਿਆਰ ਰੱਖਣ ਅਤੇ ਅਪਰਾਧ ਰਾਹੀਂ ਹਾਸਲ ਪੰਜ ਹਜ਼ਾਰ ਡਾਲਰ ਤੋਂ ਵੱਧ ਮੁੱਲ ਦੀ ਪ੍ਰੋਪਰਟੀ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ।

ਦੂਜੇ ਪਾਸੇ ਅਜੈਕਸ ਦੇ ਮਸੀਹ ਮੁਹੰਮਦ ਵਿਰੁੱਧ ਹਥਿਆਰ ਨਾਲ ਲੁੱਟ ਅਤੇ ਅਗਵਾ ਦੀ ਸਾਜ਼ਿਸ਼ ਤੋਂ ਇਲਾਵਾ ਮਾਸਟਰ ਕੀਅ ਰੱਖਣ ਅਤੇ ਰਿਹਾਈ ਸ਼ਰਤਾਂ ਦੀ ਉਲੰਘਣਾ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਨੇ ਅਤੀਤ ਵਿਚ ਗ੍ਰਿਫਤਾਰ ਕੀਤੇ ਗਏ 21 ਸਾਲ ਦੇ ਸ਼ਕੀਰ ਭੱਟੀ ਅਤੇ 20 ਸਾਲ ਦੇ ਪਰਕਰਨ ਪਾਂਗਲੀਆ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਜਿਨ੍ਹਾਂ ਵਿਚੋਂ ਸ਼ਾਕਿਰ ਭੱਟੀ ਨੂੰ 3 ਸਤੰਬਰ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਯਾਰਕ ਰੀਜਨਲ ਪੁਲਿਸ ਨੂੰ ਇਤਲਾਹ ਮਿਲੀ ਸੀ ਕਿ ਕਈ ਸ਼ੱਕੀਆਂ ਵੱਲੋਂ ਘਰ 'ਤੇ ਹਮਲਾ ਕੀਤਾ ਗਿਆ ਹੈ ਅਤੇ ਇਕ ਜਣੇ ਨੂੰ ਗੋਲੀ ਮਾਰਨ ਮਗਰੋਂ ਔਰਤ ਨੂੰ ਅਗਵਾ ਕਰ ਕੇ ਲੈ ਗਏ। ਅਗਵਾ ਔਰਤ ਬਾਅਦ ਵਿਚ ਟੋਰਾਂਟੋ ਤੋਂ ਮਿਲੀ ਗਈ ਅਤੇ ਪੁਲਿਸ ਨੇ 2 ਨਾਬਾਲਗਾਂ ਸਣੇ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਜਾਂਚਕਰਤਾਵਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਇਸ ਮਾਮਲੇ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ ਯਾਰਕ ਰੀਜਨਲ ਪੁਲਿਸ ਦੇ ਹੋਲਡ ਅੱਪ ਯੂਨਿਟ ਨਾਲ ਸੰਪਰਕ ਕੀਤਾ ਜਾਵੇ।

# ਗਾਜ਼ਾ: ਇਜ਼ਰਾਇਲੀ ਹਮਲਿਆਂ 'ਚ ਘੱਟੋ-ਘੱਟ 16 ਹਲਾਕ



ਇਜ਼ਰਾਈਲ ਨੇ ਅੱਜ ਗਾਜ਼ਾ ਵਿੱਚ ਆਪਣਾ ਹਮਲਾ ਜਾਰੀ ਰੱਖਿਆ, ਜਿਸ ਵਿੱਚ ਘੱਟੋ-ਘੱਟ 16 ਫਲਸਤੀਨੀ ਇਸ ਪੱਟੀ ਵਿੱਚ ਮਾਰੇ ਗਏ, ਜਦੋਂ ਕਿ ਦੁਨੀਆ ਇਸ ਸੰਘਰਸ਼ ਵਾਲੇ ਖੇਤਰ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸ਼ਾਂਤੀ ਯੋਜਨਾ 'ਤੇ ਹਮਾਸ ਦੇ ਜਵਾਬ ਦਾ ਇੰਤਜ਼ਾਰ ਕਰ ਰਹੀ ਹੈ। ਪੋਪ ਲੀਓ ਨੇ ਹਮਾਸ ਨੂੰ ਗਾਜ਼ਾ ਲਈ ਟਰੰਪ ਦੀ ਸ਼ਾਂਤੀ ਯੋਜਨਾ ਨੂੰ ਸਵੀਕਾਰ ਕਰਨ ਦੀ ਅਪੀਲ ਕੀਤੀ ਹੈ। ਇਜ਼ਰਾਇਲੀ ਹਮਲੇ ਵਿੱਚ ਮਰਨ ਵਾਲਿਆਂ ਵਿੱਚ ਉਹ ਲੋਕ ਵੀ ਸ਼ਾਮਲ ਸਨ, ਜਿਨ੍ਹਾਂ ਨੇ ਗਾਜ਼ਾ ਸ਼ਹਿਰ 'ਚ ਸਕੂਲ ਵਿੱਚ ਸ਼ਰਨ ਲਈ ਹੋਈ ਸੀ। ਅਲ-ਅਹਲੀ ਹਸਪਤਾਲ ਦੇ ਅਧਿਕਾਰੀਆਂ ਅਨੁਸਾਰ ਸ਼ਹਿਰ ਦੇ ਪੂਰਬੀ ਜ਼ੈਤੂਨ ਇਲਾਕੇ ਵਿੱਚ ਸਥਿਤ ਅਲ-ਫਲਾਹ ਸਕੂਲ 'ਤੇ ਮਿੰਟਾਂ ਦੇ ਫ਼ਰਕ ਨਾਲ ਦੋ ਵਾਰ ਹਮਲਾ ਕੀਤਾ ਗਿਆ। ਇਸੇ ਹਸਪਤਾਲ ਨੇ ਦੱਸਿਆ ਕਿ ਬਾਅਦ ਵਿੱਚ ਪੰਜ ਫਲਸਤੀਨੀ ਹੋਰ ਮਾਰੇ ਗਏ, ਜਦੋਂ ਗਾਜ਼ਾ ਸ਼ਹਿਰ ਦੇ ਪੱਛਮੀ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੇ ਟੈਂਕ ਦੇ ਆਲੇ-ਦੁਆਲੇ ਇਕੱਠੇ ਹੋਏ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਪੋਪ ਨੇ ਹਮਾਸ ਵੱਲੋਂ 7 ਅਕਤੂਬਰ 2023 ਨੂੰ ਬੰਦੀ ਬਣਾਏ ਵਿਅਕਤੀਆਂ ਦੀ ਰਿਹਾਈ ਅਤੇ ਨਾਲ ਹੀ ਤੁਰੰਤ ਜੰਗਬਦੀ ਦੀ ਆਪਣੀ ਅਪੀਲ ਦੁਹਰਾਈ।

# ਕੈਨੇਡਾ 'ਚ ਭਾਰਤੀ ਪਰਿਵਾਰ ਮੁੜ ਬਣੇ ਨਿਸ਼ਾਨਾ

## * ਗੋਲੀਆਂ ਚਲਾ ਕੇ ਫਰਾਰ ਹੋ ਗਏ ਸ਼ੱਕੀ *ਰੈਸਟੋਰੈਂਟ ਅਤੇ ਘਰਾਂ 'ਚ ਹੋ ਗਏ ਸੈਂਕੜੇ ਛੇਕ *ਆਰ.ਸੀ.ਐਮ.ਪੀ. ਕਰ ਰਹੀ ਸ਼ੱਕੀਆਂ ਦੀ ਭਾਲ




ਵੈਨਕੂਵਰ : ਕੈਨੇਡਾ ਵਿਚ ਭਾਰਤੀ ਲੋਕਾਂ ਦੇ ਘਰਾਂ ਅਤੇ ਕਾਰੋਬਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਵਾਰਦਾਤਾਂ ਮੁੜ ਵਧਦੀਆਂ ਨਜ਼ਰ ਆਈਆਂ ਜਦੋਂ ਵੀਕਐਂਡ ਦੌਰਾਨ ਬੀ.ਸੀ. ਵਿਚ ਇਕ ਰੈਸਟੋਰੈਂਟ ਅਤੇ ਇਕ ਘਰ ਉਤੇ ਗੋਲੀਆਂ ਚੱਲ ਗਈਆਂ। ਪਹਿਲੀ ਵਾਰਦਾਤ ਮੇਪਲ ਰਿਜ ਦੇ 'ਉਸਤਾਦ ਜੀ' ਰੈਸਟੋਰੈਂਟ ਵਿਚ ਵਾਪਰੀ ਜਿਥੇ ਅਣਪਛਾਤੇ ਸ਼ੱਕੀ ਗੋਲੀਆਂ ਚਲਾ ਕੇ ਫਰਾਰ ਹੋ ਗਏ। ਹਾਦਸੇ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ ਪਰ ਰੈਸਟੋਰੈਂਟ ਮੁਲਾਜ਼ਮਾਂ ਵਿਚ ਸਹਿਮ ਦਾ ਮਾਹੌਲ ਹੈ। ਰਿਜ ਮੈਡੋਜ਼ ਆਰ.ਸੀ.ਐਮ.ਪੀ. ਵੱਲੋਂ ਫਿਲਹਾਲ ਇਸ ਵਾਰਦਾਤ ਬਾਰੇ ਵਿਸਤਾਰਤ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਪਰ ਮੰਨਿਆ ਜਾ ਰਿਹਾ ਹੈ ਕਿ ਰੈਸਟੋਰੈਂਟ ਮਾਲਕ ਤੋਂ ਮੋਟੀ ਰਕਮ ਮੰਗਣ ਵਾਲਿਆਂ ਨੇ ਹੀ ਵਾਰਦਾਤ ਨੂੰ ਅੰਜਾਮ ਦਿਤਾ।

ਦੂਜੇ ਪਾਸੇ ਚਿਲੀਵੈਕ ਵਿਖੇ ਕਈ ਘਰਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਆਰ.ਸੀ.ਐਮ.ਪੀ. ਵੱਲੋਂ ਇਸ ਵਾਰਦਾਤ ਨੂੰ ਗੈਂਗਵਾਰ ਦਾ ਨਤੀਜਾ ਦੱਸਿਆ ਜਾ ਰਿਹਾ ਹੈ। ਪੁਲਿਸ ਦਾ ਕਹਿਣਾ ਹੈ ਕਿ ਗੋਲੀਬਾਰੀ ਵਾਲੀ ਥਾਂ ਤੋਂ ਕੁਝ ਦੂਰ ਇਕ ਮਾਜ਼ਦਾ ਸੀ.ਐਕਸ-5 ਸੜੀ ਹੋਈ ਮਿਲੀ ਜੋ ਸੰਭਾਵਤ ਤੌਰ 'ਤੇ ਸ਼ੱਕੀਆਂ ਨਾਲ ਸਬੰਧਤ ਹੋ ਸਕਦੀ ਹੈ। ਆਰ.ਸੀ.ਐਮ.ਪੀ. ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਵਾਰਦਾਤ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ ਜਾਂਚਕਰਤਾਵਾਂ ਨਾਲ ਸੰਪਰਕ ਕੀਤਾ ਜਾਵੇ। ਇਥੇ ਦਸਣਾ ਬਣਦਾ ਹੈ ਕਿ ਜਬਰੀ ਵਸੂਲੀ ਦੇ ਮਾਮਲਿਆਂ ਨੂੰ ਵੇਖਦਿਆਂ ਐਬਸਫੋਰਡ ਪੁਲਿਸ ਵੱਲੋਂ ਇਕ ਟਾਸਕ ਫੋਰਸ ਗਠਤ ਕੀਤੀ ਗਈ ਹੈ।

ਪਿਛਲੇ 15 ਦਿਨ ਵਿਚ ਗੋਲੀਬਾਰੀ ਅਤੇ ਗੱਡੀਆਂ ਨੂੰ ਅੱਗ ਲਾਉਣ ਦੀਆਂ ਚਾਰ ਵਾਰਦਾਤ ਸਾਹਮਣੇ ਆਉਣ ਮਗਰੋਂ ਆਪ੍ਰੇਸ਼ਨ ਕਮਿਊਨਿਟੀ ਸ਼ੀਲਡ ਆਰੰਭਿਆ ਗਿਆ ਹੈ ਅਤੇ ਨਵੀਂ ਟਾਸਕ ਫੋਰਸ ਇਨ੍ਹਾਂ ਵਾਰਦਾਤਾਂ ਦੀ ਡੂੰਘਾਈ ਨਾਲ ਪੜਤਾਲ ਕਰੇਗੀ। ਸਾਰਜੈਂਟ ਪੌਲ ਵਾਕਰ ਨੇ ਦੱਸਿਆ ਕਿ ਸਿਰਫ਼ ਐਬਸਫੋਰਡ ਵਿਚ ਹੀ ਨਹੀਂ ਸਗੋਂ ਪੂਰੇ ਲੋਅਰ ਮੇਨਲੈਂਡ ਵਿਚ ਐਕਸਟੌਰਸ਼ਨ ਨਾਲ ਸਬੰਧਤ ਵਾਰਦਾਤਾਂ ਨੇ ਲੋਕਾਂ ਅੰਦਰ ਖੌਫ ਪੈਦਾ ਕਰ ਦਿਤਾ ਹੈ। ਆਪਣੇ ਘਰਾਂ ਵਿਚ ਮੌਜੂਦ ਲੋਕਾਂ ਜਾਂ ਆਪਣੇ ਕਾਰੋਬਾਰੀ ਟਿਕਾਣਿਆਂ 'ਤੇ ਕੰਮ ਕਰ ਰਹੇ ਲੋਕਾਂ ਨੂੰ ਹਿੰਸਕ ਅਪਰਾਧ ਦਾ ਨਿਸ਼ਾਨਾ ਬਣਾਇਆ ਜਾਵੇ, ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਨਵੰਬਰ 2023 ਮਗਰੋਂ ਐਬਸਫੋਰਡ ਪੁਲਿਸ ਕੋਲ ਜਬਰੀ ਵਸੂਲੀ ਦੇ 38 ਮਾਮਲੇ ਆ ਚੁੱਕੇ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਗੈਰਹਿੰਸਕ ਮੰਨੇ ਗਏ। ਧਮਕੀਆਂ ਦੇਣ ਵਾਲਿਆਂ ਨੇ ਚਿੱਠੀਆਂ, ਫੋਨ ਕਾਲਜ਼ ਜਾਂ ਟੈਕਸਟ ਮੈਸੇਜ ਰਾਹੀਂ ਲੋਕਾਂ ਤੋਂ ਮੋਟੀਆਂ ਰਕਮਾਂ ਦੀ ਮੰਗ ਕੀਤੀ।

ਨਵੀਂ ਟਾਸਕ ਫੋਰਸ ਕੋਲ ਨਿਗਰਾਨੀ ਟੀਮਾਂ ਅਤੇ ਅਪਰਾਧ ਵਿਗਿਆਨ ਦੇ ਮਾਹਰਾਂ ਦੀਆਂ ਸੇਵਾਵਾਂ ਮੌਜੂਦ ਹਨ ਜਿਸ ਦੇ ਮੱਦੇਨਜ਼ਰ ਐਕਸਟੌਰਸ਼ਨ ਕਾਲਜ਼ ਕਰਨ ਵਾਲਿਆਂ ਅਤੇ ਬਾਅਦ ਵਿਚ ਗੋਲੀਆਂ ਚਲਾ ਕੇ ਫਰਾਰ ਹੋਣ ਵਾਲਿਆਂ ਦੀ ਪੈੜ ਨੱਪਣੀ ਸੁਖਾਲੀ ਹੋਵੇਗੀ। ਸਾਊਥ ਏਸ਼ੀਅਨ ਬਿਜ਼ਨਸ ਐਸੋਸੀਏਸ਼ਨ ਵੱਲੋਂ ਨਵੀਂ ਟਾਸਕ ਫੋਰਸ ਦਾ ਸਵਾਗਤ ਕੀਤਾ ਗਿਆ ਹੈ ਪਰ ਜਥੇਬੰਦੀ ਦੇ ਮੀਤ ਪ੍ਰਧਾਨ ਪੁਨੀਤ ਸੰਧਰ ਦਾ ਕਹਿਣਾ ਹੈ ਕਿ ਅਤੀਤ ਵਿਚ ਵਾਪਰੀਆਂ ਵਾਰਦਾਤਾਂ ਦੀ ਪੜਤਾਲ ਬਹੁਤੀ ਅੱਗੇ ਨਹੀਂ ਵਧ ਸਕੀ। ਉਨ੍ਹਾਂ ਕਿਹਾ ਕਿ ਕਈ ਵੀਡੀਓਜ਼ ਵਿਚ ਸ਼ੱਕੀਆਂ ਦੇ ਚਿਹਰੇ ਸਾਫ਼ ਨਜ਼ਰ ਆ ਰਹੇ ਹਨ ਅਤੇ ਇਨ੍ਹਾਂ ਦੀ ਸ਼ਨਾਖਤ ਕਰਦਿਆਂ ਗ੍ਰਿਫ਼ਤਾਰੀਆਂ ਹੋਣੀਆਂ ਚਾਹੀਦੀਆਂ ਸਨ ਜੋ ਹੁਣ ਤੱਕ ਸੰਭਵ ਨਹੀਂ ਹੋ ਸਕੀਆਂ। ਉਧਰ ਐਬਸਫੋਰਡ ਪੁਲਿਸ ਨੇ ਕਿਹਾ ਕਿ ਸਮੱਸਿਆ ਦਾ ਜੜੋਂ ਖਾਤਮਾ ਹੋਣ ਤੱਕ ਅਪ੍ਰੇਸ਼ਨ ਕਮਿਊਨਿਟੀ ਸ਼ੀਲਡ ਜਾਰੀ ਰਹੇਗਾ। ਚੇਤੇ ਰਹੇ ਕਿ ਸਰੀ ਦੀ ਮੇਅਰ ਬਰੈਂਡਾ ਲੌਕ ਜਬਰੀ ਵਸੂਲੀ ਦੇ ਮਾਮਲਿਆਂ ਬਾਰੇ ਸੂਹ ਦੇਣ ਵਾਲਿਆਂ ਲਈ ਢਾਈ ਲੱਖ ਡਾਲਰ ਦੀ ਇਨਾਮੀ ਰਕਮ ਦਾ ਐਲਾਨ ਕਰ ਚੁੱਕੇ ਹਨ ਅਤੇ ਬਾਕੀ ਸ਼ਹਿਰਾਂ ਵਿਚ ਵੀ ਅਜਿਹੇ ਇਨਾਮ ਐਲਾਨੇ ਜਾਣ ਦੀ ਮੰਗ ਉਠ ਰਹੀ ਹੈ।

# ਗਾਜ਼ਾ ਪਹੁੰਚਣ ਤੋਂ ਪਹਿਲਾਂ ਹੀ ਇਜ਼ਰਾਇਲੀ ਜਲਸੈਨਾ ਨੇ 'ਫਲੋਟਿਲਾ' ਬੇੜੇ ਦਾ ਰਾਹ ਰੋਕਿਆ; ਗ੍ਰੇਟਾ ਥੁਨਬਰਗ ਸਣੇ 500 ਕਾਰਕੁਨ ਸੁਰੱਖਿਅਤ



ਇਜ਼ਰਾਇਲੀ ਜਲਸੈਨਾ ਨੇ ਬੁੱਧਵਾਰ ਰਾਤ ਨੂੰ ਗਾਜ਼ਾ ਦੀ ਸਾਗਰੀ ਨਾਕੇਬੰਦੀ ਵਿਚ ਸੰਨ੍ਹ ਲਾਉਣ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਜਲਸੈਨਾ ਨੇ ਭੂਮੱਧ ਸਾਗਰ ਵਿਚ 'ਗਲੋਬਲ ਸੁਮੂਦ ਫਲੋਟਿਲਾ' ਨੂੰ ਰੋਕ ਦਿੱਤਾ। ਕਰੀਬ 50 ਕਿਸ਼ਤੀਆਂ ਤੇ 500 ਕਾਰਕੁਨਾਂ ਵਾਲਾ ਇਹ ਬੇੜਾ ਗਾਜ਼ਾ ਦੇ ਸਾਹਿਲ 'ਤੇ ਮਾਨਵੀ ਸਹਾਇਤਾ ਪਹੁੰਚਾਉਣ ਦੇ ਇਰਾਦੇ ਨਾਲ ਰਵਾਨਾ ਹੋਇਆ ਸੀ। ਇਨ੍ਹਾਂ ਵਿਚ ਵਾਤਾਵਰਨ ਕਾਰਕੁਨ ਗ੍ਰੇਟਾ ਥੁਨਬਰਗ, ਨੈਲਸਨ ਮੰਡੇਲਾ ਦਾ ਪੋਤਾ ਮੰਡਲਾ ਮੰਡੇਲਾ, ਬਾਰਸੀਲੋਨਾ ਦੀ ਸਾਬਕਾ ਮੇਅਰ ਐਡਾ ਕੋਲਾਓ ਤੇ ਕਈ ਯੂਰਪੀ ਸੰਸਦ ਮੈਂਬਰ ਸ਼ਾਮਲ ਸਨ। ਇਜ਼ਰਾਇਲੀ ਅਧਿਕਾਰੀਆਂ ਨੇ ਦੱਸਿਆ ਕਿ ਸਾਰੇ ਯਾਤਰੀ ਸੁਰੱਖਿਅਤ ਹਨ ਤੇ ਇਨ੍ਹਾਂ ਨੂੰ ਅਸ਼ਦੂਦ ਬੰਦਰਗਾਹ ਲਿਆ ਕੇ ਡਿਪੋਰਟ ਕੀਤਾ ਜਾਵੇਗਾ।

ਪ੍ਰਬੰਧਕਾਂ ਅਨੁਸਾਰ ਗਾਜ਼ਾ ਤੋਂ ਕਰੀਬ 70 ਸਮੁੰਦਰੀ ਮੀਲ ਦੂਰ 'ਸੀਰੀਅਸ', 'ਅਲਮਾ', ਅਤੇ 'ਅਦਾਰਾ' ਨਾਮ ਦੀਆਂ ਤਿੰਨ ਕਿਸ਼ਤੀਆਂ ਨੂੰ ਰੋਕਿਆ ਗਿਆ। ਇੱਕ ਸਾਬਕਾ ਅਮਰੀਕੀ ਫੌਜੀ ਗ੍ਰੇਗ ਸਟੋਕਰ ਨੇ ਕਿਹਾ ਕਿ ਲਗਪਗ ਇੱਕ ਦਰਜਨ ਇਜ਼ਰਾਈਲੀ ਜਲਸੈਨਾ ਦੇ ਜਹਾਜ਼ਾਂ ਨੇ ਅਚਾਨਕ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਇੰਜਣ ਬੰਦ ਕਰਨ ਦਾ ਆਦੇਸ਼ ਦਿੱਤਾ। ਕੁਝ ਕਾਰਕੁਨਾਂ ਨੇ ਸੋਸ਼ਲ ਮੀਡੀਆ 'ਤੇ ਦਾਅਵਾ ਕੀਤਾ ਕਿ ਇਜ਼ਰਾਈਲੀ ਬਲਾਂ ਨੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ। ਇਸ ਦੇ ਬਾਵਜੂਦ, ਕਾਰਕੁਨਾਂ ਦਾ ਕਹਿਣਾ ਹੈ ਕਿ ਉਹ ਗਾਜ਼ਾ ਦੀ ਨਾਕਾਬੰਦੀ ਤੋੜਨ ਦੇ ਆਪਣੇ ਮਿਸ਼ਨ ਤੋਂ ਪਿੱਛੇ ਨਹੀਂ ਹਟਣਗੇ।

ਇਜ਼ਰਾਇਲੀ ਵਿਦੇਸ਼ ਮੰਤਰਾਲੇ ਨੇ X 'ਤੇ ਇੱਕ ਵੀਡੀਓ ਜਾਰੀ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਗ੍ਰੇਟਾ ਅਤੇ ਉਸ ਦੇ ਸਾਥੀ ਸੁਰੱਖਿਅਤ ਹਨ। ਇਟਲੀ ਦੇ ਵਿਦੇਸ਼ ਮੰਤਰੀ ਐਂਟੋਨੀਓ ਤਾਜਾਨੀ ਨੇ ਸਪੱਸ਼ਟ ਕੀਤਾ ਕਿ ਇਹ ਮੁਹਿੰਮ ਵਿਚ ਹਿੰਸਾ ਦੀ ਵਰਤੋਂ ਨਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ ਅਤੇ ਆਉਣ ਵਾਲੇ ਦਿਨਾਂ ਵਿੱਚ ਕਾਰਕੁਨਾਂ ਨੂੰ ਵਾਪਸ ਭੇਜਿਆ ਜਾਵੇਗਾ। ਇਸ ਦੌਰਾਨ, ਤੁਰਕੀ ਦੇ ਵਿਦੇਸ਼ ਮੰਤਰਾਲੇ ਨੇ ਇਸ ਕਾਰਵਾਈ ਨੂੰ 'ਅਤਿਵਾਦ' ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਦੱਸਿਆ ਅਤੇ ਤੁਰਕੀ ਦੇ ਨਾਗਰਿਕਾਂ ਸਮੇਤ ਸਾਰੇ ਯਾਤਰੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ।

ਇਹ ਬੇੜਾ 'ਫਲੋਟਿਲਾ' ਇੱਕ ਮਹੀਨਾ ਪਹਿਲਾਂ ਸਪੇਨ ਦੇ ਬਾਰਸੀਲੋਨਾ ਤੋਂ ਰਵਾਨਾ ਹੋਇਆ ਸੀ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਯਤਨ ਹੈ, ਜਿਸ ਵਿੱਚ ਦਰਜਨਾਂ ਕਿਸ਼ਤੀਆਂ ਪਿਛਲੇ 18 ਸਾਲਾਂ ਤੋਂ ਜਾਰੀ ਇਜ਼ਰਾਈਲ ਦੀ ਸਮੁੰਦਰੀ ਨਾਕਾਬੰਦੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਕਿਸ਼ਤੀਆਂ 'ਤੇ ਸਵਾਰ ਕਾਰਕੁਨਾਂ ਨੇ ਗਾਜ਼ਾ ਦੇ ਲੋਕਾਂ ਨਾਲ ਏਕਤਾ ਦੇ ਲਾਈਵ ਸੰਦੇਸ਼ ਪ੍ਰਸਾਰਿਤ ਕੀਤੇ ਅਤੇ 'ਆਜ਼ਾਦ ਫਲਸਤੀਨ' ਦੇ ਨਾਅਰੇ ਲਗਾਏ।

# ਨਿਊਯਾਰਕ 'ਚ ਵੱਡਾ ਹਵਾਈ ਹਾਦਸਾ ਟਲਿਆ

ਨਿਊਯਾਰਕ : ਬੁੱਧਵਾਰ ਰਾਤ ਨੂੰ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਇੱਕ ਵੱਡਾ ਹਵਾਈ ਹਾਦਸਾ ਹੋਣ ਤੋਂ ਟਲ ਗਿਆ। ਘਟਨਾ ਲਾਗਾਰਡੀਆ ਹਵਾਈ ਅੱਡੇ 'ਤੇ ਉਸ ਸਮੇਂ ਵਾਪਰੀ ਜਦੋਂ ਡੈਲਟਾ ਏਅਰਲਾਈਨਜ਼ ਦੀਆਂ ਦੋ ਉਡਾਣਾਂ ਆਪਸ ਵਿਚ ਟਕਰਾ ਗਈਆਂ। ਹਵਾਈ ਅੱਡੇ ਦੇ ਅਧਿਕਾਰੀਆਂ ਨੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਇਹ ਹਾਦਸਾ ਰਾਤ 9:56 ਵਜੇ (ਸਥਾਨਕ ਸਮੇਂ) ਦੇ ਕਰੀਬ ਵਾਪਰਿਆ। ਜਾਣਕਾਰੀ ਅਨੁਸਾਰ ਇੱਕ ਡੈਲਟਾ ਖੇਤਰੀ ਜੈੱਟ ਗੇਟ ਦੇ ਨੇੜੇ ਆ ਰਿਹਾ ਸੀ ਜਦੋਂ ਕਿ ਇੱਕ ਹੋਰ ਡੈਲਟਾ ਉਡਾਣ ਲੈਂਡਿੰਗ ਤੋਂ ਬਾਅਦ ਗੇਟ ਦੇ ਨੇੜੇ ਆ ਰਹੀ ਸੀ।

ਇਸੇ ਦੌਰਾਨ ਉਨ੍ਹਾਂ ਦੇ ਰਸਤੇ ਟਕਰਾ ਗਏ ਅਤੇ ਖੇਤਰੀ ਜੈੱਟ ਦਾ ਵਿੰਗ ਅਚਾਨਕ ਦੂਜੇ ਦੇ ਨੱਕ ਵਾਲੇ ਹਿੱਸੇ ਨਾਲ ਟਕਰਾ ਗਿਆ। ਟੱਕਰ ਇੰਨੀ ਗੰਭੀਰ ਸੀ ਕਿ ਖੇਤਰੀ ਜੈੱਟ ਦਾ ਵਿੰਗ ਟੁੱਟ ਗਿਆ। ਏਅਰ ਟ੍ਰੈਫਿਕ ਕੰਟਰੋਲ (ਏਟੀਸੀ) ਤੋਂ ਆਡੀਓ ਦੱਸਦਾ ਹੈ ਕਿ ਪਾਇਲਟਾਂ ਨੇ ਤੁਰੰਤ ਸਥਿਤੀ ਦੀ ਜਾਣਕਾਰੀ ਦਿੱਤੀ ਪਰ ਉਦੋਂ ਤੱਕ, ਹਾਦਸਾ ਹੋ ਚੁੱਕਾ ਸੀ। ਇਸ ਹਾਦਸੇ ਦੌਰਾਨ ਇਕ ਵਿਅਕਤੀ ਦੇ ਜ਼ਖਮੀ ਹੋਣ ਦੀ ਖਬਰ ਵੀ ਪ੍ਰਾਪਤ ਹੋਈ ਹੈ।

# ਟਰੰਪ ਨੂੰ ਵੱਡਾ ਝਟਕਾ, ਸ਼ਟਡਾਊਨ ਦਾ ਕੀ ਅਰਥ ਹੈ? ਟਰੰਪ ਪ੍ਰਸ਼ਾਸਨ ਫੰਡਾਂ ਤੋਂ ਬਿਨਾਂ ਕਿਵੇਂ ਕੰਮ ਕਰੇਗਾ?

ਅਮਰੀਕੀ ਸਰਕਾਰ ਸ਼ਟਡਾਊਨ ਵੱਲ ਵਧ ਰਹੀ ਹੈ। ਰਿਪਬਲਿਕਨ ਕਾਨੂੰਨਸਾਜ਼ਾਂ ਨੇ 21 ਨਵੰਬਰ ਤੱਕ ਸਰਕਾਰ ਨੂੰ ਅਸਥਾਈ ਤੌਰ 'ਤੇ ਫੰਡ ਦੇਣ ਲਈ ਇੱਕ ਬਿੱਲ ਪੇਸ਼ ਕੀਤਾ, ਪਰ ਇਹ ਪਾਸ ਨਹੀਂ ਹੋ ਸਕਿਆ। ਡੈਮੋਕ੍ਰੇਟਿਕ ਕਾਨੂੰਨਸਾਜ਼ਾਂ ਨੇ ਬਿੱਲ ਦਾ ਵਿਰੋਧ ਕੀਤਾ, ਜਿਸ ਨਾਲ ਸਰਕਾਰੀ ਫੰਡਿੰਗ ਬੰਦ ਹੋ ਜਾਵੇਗੀ ਅਤੇ ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਵਿੱਚ ਪਹਿਲੀ ਵਾਰ ਸ਼ਟਡਾਊਨ ਹੋ ਜਾਵੇਗਾ। ਫੰਡਿੰਗ ਬਿੱਲ 'ਤੇ ਮੰਗਲਵਾਰ ਸ਼ਾਮ ਨੂੰ ਵੋਟਿੰਗ ਹੋਈ, ਪਰ ਇਹ 55-45 ਦੇ ਫਰਕ ਨਾਲ ਪਾਸ ਨਹੀਂ ਹੋ ਸਕਿਆ। ਸੱਤਾਧਾਰੀ ਰਿਪਬਲਿਕਨ ਪਾਰਟੀ ਨੂੰ ਬਿੱਲ ਪਾਸ ਕਰਨ ਲਈ ਘੱਟੋ-ਘੱਟ 60 ਵੋਟਾਂ ਦੀ ਲੋੜ ਸੀ। ਹੁਣ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਅਮਰੀਕਾ ਵਿੱਚ ਸਰਕਾਰੀ ਖਰਚ ਅੱਜ ਰਾਤ 12 ਵਜੇ ਤੋਂ ਬੰਦ ਹੋ ਜਾਵੇਗਾ।

### ਸ਼ਟਡਾਊਨ ਕੀ ਹੈ?

ਸੰਯੁਕਤ ਰਾਜ ਅਮਰੀਕਾ ਵਿੱਚ, ਵਿੱਤੀ ਸਾਲ 1 ਅਕਤੂਬਰ ਤੋਂ ਸ਼ੁਰੂ ਹੁੰਦਾ ਹੈ। ਵਿੱਤੀ ਸਾਲ ਦੀ ਸ਼ੁਰੂਆਤ ਵਿੱਚ, ਸਰਕਾਰ ਇੱਕ ਬਜਟ ਬਣਾਉਂਦੀ ਹੈ ਅਤੇ ਇਹ ਨਿਰਧਾਰਿਤ ਕਰਦੀ ਹੈ ਕਿ ਸਰਕਾਰੀ ਫੰਡ ਕਿਵੇਂ ਖਰਚ ਕੀਤੇ ਜਾਣਗੇ। ਜੇਕਰ ਬਜਟ ਸਮਾਂ ਸੀਮਾ ਤੱਕ ਪਾਸ ਨਹੀਂ ਹੁੰਦਾ, ਤਾਂ ਸਰਕਾਰ ਬੰਦ ਹੋ ਸਕਦੀ ਹੈ।






# ਕੈਮਬ੍ਰਿਜ ਗੁਰਦੁਆਰਾ ਸਾਹਿਬ ਵਿਖੇ ਗੁਰੂ ਸਾਹਿਬ ਨਾਲ ਸਬੰਧਤ ਦੁਰਲੱਭ ਵਸਤਾਂ ਦੀ ਪ੍ਰਦਰਸ਼ਨੀ ਲੱਗੀ





ਸਟਾਰ ਨਿਊਜ਼:- ਬੀਤੇ ਐਤਵਾਰ 28 ਸਤੰਬਰ ਨੂੰ ਸ੍ਰੀ ਗੁਰੂ ਸਿੰਘ ਸਭਾ, ਕੈਮਬ੍ਰਿਜ ਗੁਰਦੁਆਰਾ ਸਾਹਿਬ ਵਿਖੇ ਗੁਰੂ ਸਾਹਿਬਾਨ ਨਾਲ ਸਬੰਧਤ ਦੁਰਲੱਭ ਕਲਾਕ੍ਰਿਤੀਆਂ ਦੀ ਪ੍ਰਦਰਸ਼ਨੀ ਦਾ ਅਯੋਜਨ ਕੀਤਾ ਗਿਆ। ਭਾਈ ਰੂਪ ਚੰਦ ਜੀ ਦਾ ਸ਼ਾਸਤ੍ਰਾਂ ਅਤੇ ਕਲਾਕ੍ਰਿਤੀਆਂ ਦਾ ਸੰਗ੍ਰਹਿ ਜਿਸ ਦੀ ਭਾਈ ਬੂਟਾ ਸਿੰਘ ਜੀ ਵਲੋਂ ਸੇਵਾ ਕੀਤੀ ਜਾ ਰਹੀ ਹੈ। ਇਸ ਪ੍ਰਦਰਸ਼ਨੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਢਾਲ, ਕਟਾਰ ਅਤੇ ਸਰਬ ਲੋਹ ਦਾ ਗੜਵਾ, ਗੁਰੂ ਤੇਗ ਬਹਾਦੁਰ ਜੀ ਦੀ ਕਿਰਪਾਨ ਅਤੇ ਕੜਾ, ਮਾਤਾ ਗੁਜਰੀ ਜੀ ਦੀਆਂ ਖੜਾਵਾਂ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਅਤੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੇ ਹੱਥਲਿਖਤ ਹੁਕਮਨਾਮਾ ਸਾਹਿਬ ਅਤੇ ਹੋਰ ਬਹੁਤ ਸਾਰੀਆਂ ਪਵਿੱਤਰ ਵਸਤਾਂ ਦੀ ਪ੍ਰਦਰਸ਼ਨੀ ਦੌਰਾਨ ਭਾਈ ਬੂਟਾ ਸਿੰਘ ਜੀ ਨੇ ਇਨ੍ਹਾਂ ਕਲਾਕ੍ਰਿਤੀਆਂ ਦਾ ਸੰਖੇਪ ਇਤਿਹਾਸ ਵੀ ਸੰਗਤਾਂ ਨਾਲ ਸਾਂਝਾ ਕੀਤਾ। ਸੰਗਤਾਂ ਵਲੋਂ ਵੱਡੀ ਗਿਣਤੀ ਵਿੱਚ ਪਹੁੰਚਕੇ ਇਨ੍ਹਾਂ ਪਵਿੱਤਰ ਵਸਤਾਂ ਦੇ ਦਰਸ਼ਨ ਕੀਤੇ ਗਏ।

ਉਪਰੰਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਭਾਈ ਸੁਖਵਿੰਦਰ ਸਿੰਘ ਸਮਰਾ ਨੇ ਭਾਈ ਬੂਟਾ ਸਿੰਘ ਨੂੰ ਸਿਰੋਪਾਓ ਦਿੱਤਾ ਇਸ ਮੌਕੇ ਉਨ੍ਹਾਂ ਦੇ ਨਾਲ ਸਕੱਤਰ ਭਾਈ ਹਰਵਿੰਦਰ ਸਿੰਘ ਗਰਚਾ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਵਜ਼ੀਰ ਭਾਈ ਕਰਮਜੀਤ ਸਿੰਘ ਰੁਦਰਪੁਰ ਵਾਲੇ ਵੀ ਮੌਜੂਦ ਰਹੇ। ਸੰਗਤਾਂ ਵਲੋਂ ਵੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵਲੋਂ ਕੀਤੇ ਇਸ ਉਪਰਾਲੇ ਦੀ ਬਹੁਤ ਸ਼ਲਾਘਾ ਕੀਤੀ ਗਈ। ਸੰਗਤ ਵਿੱਚੋਂ ਬਹੁਤ ਸਾਰੇ ਸਰਧਾਲੂਆਂ ਦਾ ਇਹ ਵੀ ਕਹਿਣਾ ਸੀ ਕਿ ਗੁਰਦੁਆਰਾ ਸਾਹਿਬ ਨੂੰ ਇਸ ਤਰ੍ਹਾਂ ਦੇ ਸਮਾਗਮਾ ਅਯੋਜਨ ਕਰਦੇ ਰਹਿਣਾ ਚਾਹੀਦਾ ਹੈ। ਇਸ ਨਾਲ ਸੰਗਤਾਂ ਨੂੰ ਗੁਰੂਆਂ ਦੇ ਇਤਿਹਾਸ ਸਬੰਧੀ ਵੱਡਮੁੱਲੀ ਜਾਣਕਾਰੀ ਮਿਲਦੀ ਹੈ।

# ਕੇਂਦਰ ਤੋਂ ₹20,000 ਕਰੋੜ ਦੀ ਮੰਗ 'ਤੇ ਅੜੀ ਪੰਜਾਬ ਸਰਕਾਰ

## SDRF ਫੰਡ ਦੇ ਅੰਕੜਿਆਂ ਨੂੰ ਦੱਸਿਆ 'ਗੁੰਮਰਾਹਕੁੰਨ'



ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹ ਰਾਹਤ ਦੇ ਮੁੱਦੇ 'ਤੇ ਕੇਂਦਰ ਸਰਕਾਰ ਦੇ ਰਵੱਈਏ ਬਾਰੇ ਤਿੱਖੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸੂਬਾ ਆਪਣੇ ਹੱਕ ਦੀ ਮੰਗ ਕਰ ਰਿਹਾ ਹੈ, ਭੀਖ ਨਹੀਂ। ਮਾਨ ਨੇ ਵਿਧਾਨ ਸਭਾ ਵਿੱਚ ਪਿਛਲੇ 25 ਸਾਲਾਂ ਦੇ ਸ਼ਧ੍ਰਫ (ਰਾਜ ਆਫ਼ਤ ਪ੍ਰਤੀਕਿਰਿਆ ਫੰਡ) ਦੇ ਪੂਰੇ ਅੰਕੜੇ ਸਦਨ ਸਾਹਮਣੇ ਰੱਖਦਿਆਂ ਕੇਂਦਰ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਦੁਆਰਾ ਸ਼ਧ੍ਰਫ ਵਿੱਚ ₹12,000 ਕਰੋੜ ਪਏ ਹੋਣ ਦਾ ਦਾਅਵਾ ਪੂਰੀ ਤਰ੍ਹਾਂ ਗੁੰਮਰਾਹਕੁੰਨ ਅਤੇ ਤੱਥਹੀਣ ਹੈ। ਮੁੱਖ ਮੰਤਰੀ ਨੇ ਵਿਸਥਾਰ ਨਾਲ ਦੱਸਿਆ ਕਿ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਦੀਆਂ ਸਰਕਾਰਾਂ ਦੇ ਕਾਰਜਕਾਲ ਸਮੇਤ ਪਿਛਲੇ 25 ਸਾਲਾਂ ਵਿੱਚ ਸੂਬੇ ਨੂੰ ਸ਼ਧ੍ਰਫ ਤਹਿਤ ਕੁੱਲ ਮਿਲਾ ਕੇ ਸਿਰਫ਼ ₹6,190 ਕਰੋੜ ਹੀ ਪ੍ਰਾਪਤ ਹੋਏ ਹਨ। ਇਸ ਵਿੱਚੋਂ ਜ਼ਿਆਦਾਤਰ ਰਾਸ਼ੀ ਪਹਿਲਾਂ ਹੀ ਵੱਖ-ਵੱਖ ਆਫ਼ਤਾਂ - ਹੜ੍ਹ, ਸੋਕਾ, ਗੜ੍ਹੇਮਾਰੀ ਅਤੇ ਹੋਰ ਕੁਦਰਤੀ ਆਫ਼ਤਾਂ 'ਤੇ ਖਰਚ ਹੋ ਚੁੱਕੀ ਹੈ। ਵਰਤਮਾਨ ਵਿੱਚ ਸ਼ਧ੍ਰਫ ਖਾਤੇ ਵਿੱਚ ਸਿਰਫ਼ ਲਗਭਗ ₹1,200 ਕਰੋੜ ਹੀ ਬਾਕੀ ਬਚੇ ਹਨ, ਜੋ ਇਸ ਵਿਨਾਸ਼ਕਾਰੀ ਹੜ੍ਹ ਨਾਲ ਨਜਿੱਠਣ ਲਈ ਨਾਕਾਫ਼ੀ ਹਨ।

2025 ਅਗਸਤ ਵਿੱਚ ਆਏ ਭਿਆਨਕ ਹੜ੍ਹ ਨੇ ਪੰਜਾਬ ਦੇ ਲਗਭਗ 1,400 ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਚਾਰ ਲੱਖ ਤੋਂ ਵੱਧ ਲੋਕ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ। ਸੂਬੇ ਦੇ ਪ੍ਰਮੁੱਖ ਖੇਤੀਬਾੜੀ ਖੇਤਰਾਂ ਵਿੱਚ ਵੱਡੀ ਤਬਾਹੀ ਹੋਈ, ਜਿਸ ਵਿੱਚ ਹਜ਼ਾਰਾਂ ਏਕੜ ਖੜ੍ਹੀਆਂ ਫਸਲਾਂ ਨਸ਼ਟ ਹੋ ਗਈਆਂ। ਕਣਕ, ਸਰ੍ਹੋਂ ਅਤੇ ਹੋਰ ਹਾੜ੍ਹੀ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ। ਕਿਸਾਨ ਜਥੇਬੰਦੀਆਂ ਅਨੁਸਾਰ, ਲਗਭਗ 75,000 ਕਿਸਾਨ ਪਰਿਵਾਰ ਪੂਰੀ ਤਰ੍ਹਾਂ ਬਰਬਾਦ ਹੋ ਗਏ ਹਨ ਅਤੇ ਉਨ੍ਹਾਂ ਨੂੰ ਤੁਰੰਤ ਰਾਹਤ ਦੀ ਸਖ਼ਤ ਲੋੜ ਹੈ।

ਰਾਜ ਸਰਕਾਰ ਦੁਆਰਾ ਕੀਤੇ ਗਏ ਮੁੱਢਲੇ ਮੁਲਾਂਕਣ ਅਨੁਸਾਰ, ਹੜ੍ਹ ਕਾਰਨ ਹੋਏ ਕੁੱਲ ਨੁਕਸਾਨ ਦਾ ਅਨੁਮਾਨ ₹13,800 ਕਰੋੜ ਹੈ। ਇਸ ਵਿੱਚ ਖੇਤੀ ਨੁਕਸਾਨ, ਬੁਨਿਆਦੀ ਢਾਂਚੇ ਨੂੰ ਨੁਕਸਾਨ, ਸੜਕਾਂ ਅਤੇ ਪੁਲਾਂ ਦੀ ਤਬਾਹੀ, ਬਿਜਲੀ ਅਤੇ ਪਾਣੀ ਦੀ ਸਪਲਾਈ ਪ੍ਰਣਾਲੀ ਨੂੰ ਹੋਏ ਨੁਕਸਾਨ ਨੂੰ ਸ਼ਾਮਲ ਕੀਤਾ ਗਿਆ ਹੈ। ਹਾਲਾਂਕਿ, ਸੂਬਾ ਸਰਕਾਰ ਦਾ ਮੰਨਣਾ ਹੈ ਕਿ ਅਸਲ ਨੁਕਸਾਨ ਇਸ ਤੋਂ ਕਿਤੇ ਵੱਧ ਹੋ ਸਕਦਾ ਹੈ ਕਿਉਂਕਿ ਕਈ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਅਜੇ ਵੀ ਸਰਵੇਖਣ ਦਾ ਕੰਮ ਚੱਲ ਰਿਹਾ ਹੈ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਨੇ ਕੇਂਦਰ ਤੋਂ ₹20,000 ਕਰੋੜ ਦੇ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕੀਤੀ ਹੈ।

ਕੇਂਦਰ ਸਰਕਾਰ ਨੇ ਹੁਣ ਤੱਕ ਸਿਰਫ਼ ₹1,600 ਕਰੋੜ ਦੀ ਰਾਸ਼ੀ ਪ੍ਰਵਾਨ ਕੀਤੀ ਹੈ, ਜਿਸ ਨੂੰ ਰਾਜ ਸਰਕਾਰ ਅਤੇ ਵਿਰੋਧੀ ਦਲਾਂ ਨੇ "ਸਮੁੰਦਰ ਵਿੱਚ ਬੂੰਦ" ਕਰਾਰ ਦਿੱਤਾ ਹੈ। ਕੇਂਦਰ ਵੱਲੋਂ ਇਹ ਵੀ ਸੁਝਾਅ ਦਿੱਤਾ ਗਿਆ ਕਿ ਸੂਬਾ ਸ਼ਧ੍ਰਫ ਵਿੱਚ ਪਏ ₹12,000 ਕਰੋੜ ਦੇ ਫੰਡ ਦੀ ਵਰਤੋਂ ਕਰੇ। ਇਸ 'ਤੇ ਮੁੱਖ ਮੰਤਰੀ ਮਾਨ ਨੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਦਾਅਵਾ "ਫਜ਼ੂਲ ਕਲਪਨਾ" ਅਤੇ "ਅੰਕਾਂ ਦੀ ਬਾਜ਼ੀਗਰੀ" ਤੋਂ ਵੱਧ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼ਧ੍ਰਫ ਦਾ ਪੂਰਾ ਹਿਸਾਬ-ਕਿਤਾਬ ਪਾਰਦਰਸ਼ੀ ਤਰੀਕੇ ਨਾਲ ਜਨਤਾ ਸਾਹਮਣੇ ਰੱਖ ਦਿੱਤਾ ਗਿਆ ਹੈ ਅਤੇ ਕੋਈ ਵੀ ਇਸ ਦੀ ਜਾਂਚ ਕਰ ਸਕਦਾ ਹੈ। ਵਿਧਾਨ ਸਭਾ ਵਿੱਚ ਆਪਣੇ ਭਾਸ਼ਣ ਵਿੱਚ ਮੁੱਖ ਮੰਤਰੀ ਮਾਨ ਨੇ ਕੇਂਦਰ ਸਰਕਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ, "ਅਸੀਂ ਕੇਂਦਰ ਤੋਂ ਭੀਖ ਨਹੀਂ ਮੰਗ ਰਹੇ, ਸਗੋਂ ਆਪਣੇ ਹੱਕ ਦੀ ਮੰਗ ਕਰ ਰਹੇ ਹਾਂ। ਘਸ਼ਠ ਤਹਿਤ ਸੂਬੇ ਦਾ ₹50,000 ਕਰੋੜ ਤੋਂ ਵੱਧ ਰੁਕਿਆ ਹੋਇਆ ਹੈ, ਪੇਂਡੂ ਵਿਕਾਸ ਯੋਜਨਾਵਾਂ ਲਈ ₹8,000 ਕਰੋੜ ਤੋਂ ਵੱਧ ਅਟਕਿਆ ਪਿਆ ਹੈ। ਅਜਿਹੇ ਵਿੱਚ ਆਫ਼ਤ ਦੇ ਸਮੇਂ ਸੂਬੇ ਨੂੰ ਉਚਿਤ ਮਦਦ ਨਾ ਦੇਣਾ ਅਤੇ ਗੁੰਮਰਾਹਕੁੰਨ ਅੰਕੜੇ ਪੇਸ਼ ਕਰਨਾ ਦੁਰਭਾਗਪੂਰਨ ਹੈ।" ਉਨ੍ਹਾਂ ਕੇਂਦਰ ਨੂੰ ਅਪੀਲ ਕੀਤੀ ਕਿ ਆਫ਼ਤ ਪ੍ਰਬੰਧਨ ਵਰਗੇ ਸੰਵੇਦਨਸ਼ੀਲ ਮਾਮਲੇ ਵਿੱਚ ਰਾਜਨੀਤੀ ਨੂੰ ਵਿਚਾਲੇ ਨਾ ਲਿਆਂਦਾ ਜਾਵੇ ਅਤੇ ਸੰਵਿਧਾਨਕ ਜ਼ਿੰਮੇਵਾਰੀਆਂ ਦਾ ਨਿਰਵਹਨ ਕੀਤਾ ਜਾਵੇ। ਸੂਬਾ ਸਰਕਾਰ ਨੇ ਆਪਣੇ ਪੱਧਰ 'ਤੇ ਰਾਹਤ ਕਾਰਜਾਂ ਵਿੱਚ ਕੋਈ ਕਮੀ ਨਹੀਂ ਛੱਡੀ ਹੈ। ਪ੍ਰਭਾਵਿਤ ਕਿਸਾਨਾਂ ਨੂੰ ਤੁਰੰਤ ਸਹਾਇਤਾ ਦੇਣ ਲਈ ਸੂਬੇ ਦੇ ਸਰੋਤਾਂ ਤੋਂ ਹੀ ਸ਼ੁਰੂਆਤੀ ਮਦਦ ਦਿੱਤੀ ਜਾ ਰਹੀ ਹੈ। ਮੁੱਖ ਮੰਤਰੀ ਰਾਹਤ ਕੋਸ਼ ਤੋਂ ਵੀ ਸਹਾਇਤਾ ਰਾਸ਼ੀ ਵੰਡੀ ਜਾ ਰਹੀ ਹੈ। ਹਾਲਾਂਕਿ, ਸੂਬੇ ਦੇ ਸੀਮਤ ਸਾਧਨਾਂ ਨੂੰ ਦੇਖਦਿਆਂ ਇਹ ਸਪੱਸ਼ਟ ਹੈ ਕਿ ਕੇਂਦਰ ਦੀ ਲੋੜੀਂਦੀ ਮਦਦ ਤੋਂ ਬਿਨਾਂ ਇਸ ਵਿਸ਼ਾਲ ਆਫ਼ਤ ਨਾਲ ਨਜਿੱਠਣਾ ਸੰਭਵ ਨਹੀਂ ਹੋਵੇਗਾ। ਪੰਜਾਬ ਸਰਕਾਰ ਨੇ ਕੇਂਦਰ ਤੋਂ ਇੱਕ ਵਾਰ ਫਿਰ ਅਪੀਲ ਕੀਤੀ ਹੈ ਕਿ ਉਹ ਤੁਰੰਤ ₹20,000 ਕਰੋੜ ਦੇ ਰਾਹਤ ਪੈਕੇਜ ਨੂੰ ਮਨਜ਼ੂਰੀ ਦੇਵੇ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਜਲਦ ਤੋਂ ਜਲਦ ਰਾਹਤ ਪਹੁੰਚਾਈ ਜਾ ਸਕੇ।

# ਅਮਰੀਕਾ ਤੋਂ ਰੋਂਦੀ-ਰੋਂਦੀ ਰਵਾਨਾ ਹੋਈ ਭਾਰਤੀ ਮੁਟਿਆਰ

### ਨੌਕਰੀ ਨਾ ਮਿਲਣ ਕਾਰਨ ਛੱਡਣਾ ਪਿਆ ਸੁਪਨਿਆਂ ਦਾ ਮੁਲਕ



ਨਿਊਯਾਰਕ: ਟਰੰਪ ਦੀਆਂ ਇੰਮੀਗ੍ਰੇਸ਼ਨ ਨੀਤੀਆਂ ਜਿਥੇ ਕੱਚੇ ਪ੍ਰਵਾਸੀਆਂ ਬਿਸਤਰੇ ਗੋਲ ਕਰ ਰਹੀਆਂ ਹਨ, ਉਥੇ ਹੀ ਪੜ੍ਹੇ-ਲਿਖੇ ਨੌਜਵਾਨਾਂ ਨੂੰ ਲੱਖ ਯਤਨਾਂ ਦੇ ਬਾਵਜੂਦ ਨੌਕਰੀਆਂ ਨਹੀਂ ਮਿਲ ਰਹੀਆਂ। ਅਮਰੀਕਾ ਤੋਂ ਰਵਾਨਾ ਹੋ ਰਹੀ ਇਕ ਭਾਰਤੀ ਮੁਟਿਆਰ ਦੀ ਵੀਡੀਓ ਵਾਇਰਲ ਹੋ ਰਹੀ ਹੈ ਜੋ ਹੁਣ ਦੁਬਈ ਵਿਚ ਨੌਕਰੀ ਕਰੇਗੀ। ਨੌਰਥ ਵੈਸਟ੍ਰਨ ਯੂਨੀਵਰਸਿਟੀ ਤੋਂ 2024 ਵਿਚ ਪੜ੍ਹਾਈ ਮੁਕੰਮਲ ਕਰਨ ਵਾਲੀ ਅਨੰਨਿਆ ਜੋਸ਼ੀ ਨੇ ਕਿਹਾ ਕਿ ਉਸ ਦੀ ਜ਼ਿੰਦਗੀ ਦਾ ਇਹ ਸਭ ਤੋਂ ਵੱਡਾ ਕਦਮ ਹੈ। ਇਕ ਖੁਦਮੁਖਤਿਆਰ ਬਾਲਗ ਵਜੋਂ ਅਮਰੀਕਾ ਹੀ ਉਸ ਦਾ ਪਹਿਲਾ ਘਰ ਸੀ ਪਰ ਬਦਕਿਸਮਤੀ ਨਾਲ ਹੁਣ ਇਸ ਨੂੰ ਅਲਵਿਦਾ ਕਹਿਣਾ ਪਿਆ। ਇਥੇ ਦਸਣਾ ਬਣਦਾ ਹੈ ਕਿ ਅਨੰਨਿਆ ਜੋਸ਼ੀ ਨੇ ਚਾਰ ਮਹੀਨੇ ਪਹਿਲਾਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕਰਦਿਆਂ ਨੌਕਰੀ ਦੀ ਮੰਗ ਕੀਤੀ ਸੀ। ਉਸ ਨੇ ਕਿਹਾ ਕਿ ਨੌਕਰੀ ਦੀ ਅਣਹੋਂਦ ਵਿਚ ਉਸ ਦਾ ਵੀਜ਼ਾ ਬਰਕਰਾਰ ਨਹੀਂ ਰਹਿ ਸਕੇਗਾ ਅਤੇ ਅਮਰੀਕਾ ਛੱਡਣਾ ਪੈ ਸਕਦਾ ਹੈ। ਸੋਸ਼ਲ ਮੀਡੀਆ ਰਾਹੀਂ ਕੀਤੀਆਂ ਅਪੀਲਾਂ ਕੰਮ ਨਾ ਆਈਆਂ ਅਤੇ ਆਖਰਕਾਰ ਦੁਬਈ ਵਿਚ ਨੌਕਰੀ ਮਿਲਣ 'ਤੇ ਅਨੰਨਿਆ ਮੱਧ ਪੂਰਬ ਦੇ ਮੁਲਕ ਵੱਲ ਰਵਾਨਾ ਹੋ ਗਈ।

# ਹਾਈ ਕੋਰਟ ਨੇ 120 ਕਰੋੜ ਰੁਪਏ ਦੇ ਪੰਚਾਇਤ ਘੁਟਾਲੇ ਦੇ ਦੋਸ਼ ਹੇਠ ਪੰਜਾਬ ਸਰਕਾਰ ਨੂੰ ਜਾਰੀ ਕੀਤਾ ਨੋਟਿਸ




ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗ੍ਰਾਮ ਪੰਚਾਇਤਾਂ ਵਿੱਚ 120.87 ਕਰੋੜ ਰੁਪਏ ਦੇ ਘੁਟਾਲੇ ਦੇ ਦੋਸ਼ ਲਗਾਉਣ ਵਾਲੀ ਇੱਕ ਪਟੀਸ਼ਨ ਵਿੱਚ ਪੰਜਾਬ ਸਰਕਾਰ ਅਤੇ ਹੋਰ ਪ੍ਰਤੀਵਾਦੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਉਨ੍ਹਾਂ ਨੂੰ 17 ਅਕਤੂਬਰ ਤੱਕ ਆਪਣੇ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਸਰਕਾਰ ਨੂੰ ਪਟੀਸ਼ਨਕਰਤਾ ਦੀ ਜਾਨ-ਮਾਲ ਨੂੰ ਖ਼ਤਰੇ ਦੀ ਜਾਂਚ ਕਰਨ ਅਤੇ ਜ਼ਰੂਰੀ ਕਦਮ ਚੁੱਕਣ ਦੇ ਨਿਰਦੇਸ਼ ਵੀ ਦਿੱਤੇ ਹਨ।

ਸੁਖਪਾਲ ਸਿੰਘ ਗਿੱਲ ਨੇ ਪਟੀਸ਼ਨ ਦਾਇਰ ਕਰਦੇ ਹੋਏ ਕਿਹਾ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਕੀਤੀ ਗਈ ਮੁੱਢਲੀ ਜਾਂਚ ਵਿੱਚ ਕਰੋੜਾਂ ਰੁਪਏ ਦੀਆਂ ਬੇਨਿਯਮੀਆਂ ਸਾਹਮਣੇ ਆਈਆਂ ਹਨ ਅਤੇ ਸਬੰਧਿਤ ਮੰਤਰੀ ਨੇ 11 ਅਕਤੂਬਰ, 2023 ਨੂੰ ਕਾਰਵਾਈ ਦੀ ਸਿਫਾਰਸ਼ ਵੀ ਕੀਤੀ ਸੀ, ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਘੁਟਾਲੇ ਦਾ ਪਰਦਾਫਾਸ਼ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ 27 ਸਤੰਬਰ 2023 ਅਤੇ 11 ਅਕਤੂਬਰ 2023 ਨੂੰ ਕੀਤੀ ਗਈ ਜਾਂਚ ਰਿਪੋਰਟ ਵਿੱਚ ਹੋਇਆ ਸੀ।

ਇਹ ਦੋਸ਼ ਹੈ ਕਿ ਲੁਧਿਆਣਾ ਜ਼ਿਲ੍ਹੇ ਦੇ ਤਤਕਾਲੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀ ਨੇ ਛੇ ਗ੍ਰਾਮ ਪੰਚਾਇਤਾਂ ਦੀ ਜ਼ਮੀਨ ਪ੍ਰਾਪਤੀ ਰਕਮ (ਲਗਭਗ 244.54 ਕਰੋੜ ਰੁਪਏ) ਵਿੱਚ ਬੇਨਿਯਮੀਆਂ ਦੀ ਵਿਸਥਾਰਤ ਜਾਂਚ ਕੀਤੀ ਸੀ। ਇਹ ਰਿਪੋਰਟ ਸੀਨੀਅਰ ਅਧਿਕਾਰੀਆਂ ਨੂੰ ਭੇਜੀ ਗਈ ਸੀ ਜਿਨ੍ਹਾਂ ਨੇ 11 ਅਕਤੂਬਰ, 2023 ਦੀ ਆਪਣੀ ਰਿਪੋਰਟ ਵਿੱਚ ਦੋਸ਼ਾਂ ਨੂੰ ਸੱਚ ਪਾਇਆ। ਇਸ ਦੇ ਬਾਵਜੂਦ, 26 ਮਾਰਚ, 2024 ਨੂੰ ਇੱਕ ਆਈਏਐਸ ਅਧਿਕਾਰੀ ਨੂੰ ਨਿਯਮਤ ਜਾਂਚ ਸੌਂਪੇ ਜਾਣ ਤੋਂ ਬਾਅਦ ਵੀ, ਵਿੱਤ ਕਮਿਸ਼ਨਰ (ਪੇਂਡੂ ਵਿਕਾਸ ਅਤੇ ਪੰਚਾਇਤ) ਦੇ ਦਫ਼ਤਰ ਨੇ 27 ਫਰਵਰੀ ਨੂੰ ਇਸਨੂੰ ਰੋਕ ਦਿੱਤਾ।

# ਮਮਦੋਟ ਦੇ ਨੇੜਲੇ ਪਿੰਡ ਲੱਖੋ ਕੇ ਬਹਿਰਾਮ ਵਿਖੇ ਨਸ਼ੇ ਨੇ 4 ਘਰਾਂ 'ਚ ਵਿਛਾਏ ਸੱਥਰ, ਕੱਲ੍ਹ 1 ਤੇ ਅੱਜ 3 ਨੌਜਵਾਨਾਂ ਦੀ ਹੋਈ ਮੌਤ





ਮੰਦੋਤ ਦੇ ਨੇੜਲੇ ਪਿੰਡ ਲੱਖੋ ਕੇ ਬਹਿਰਾਮ ਵਿਖੇ ਨਸ਼ੇ ਨੇ 4 ਘਰਾਂ 'ਚ ਸੱਥਰ ਵਿਛਾ ਦਿੱਤੇ ਹਨ। ਨਸ਼ਿਆਂ ਦੀ ਦਲਦਲ ਵਿੱਚ ਫਸੇ ਚਾਰ ਨੌਜਵਾਨਾਂ ਦੀਆਂ ਮੌਤਾਂ ਹੋ ਜਾਣ ਨਾਲ ਇਲਾਕੇ ਵਿੱਚ ਸਹਿਮ ਪੈਦਾ ਹੋ ਗਿਆ ਹੈ। ਇੱਕ ਕੱਲ੍ਹ ਅਤੇ ਅੱਜ ਸਵੇਰੇ ਤਿੰਨ ਮੌਤਾਂ ਨਾਲ ਘਰਾਂ ਵਿੱਚ ਸੱਥਰ ਵਿਛ ਗਏ ਹਨ ਅਤੇ ਕੀਰਨੇ ਪੈ ਰਹੇ ਹਨ।

ਜਾਣਕਾਰੀ ਮੁਤਾਬਕ ਪਿੰਡ ਵਿੱਚ ਨਸ਼ੇ ਦਾ ਜਾਲ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਕਾਫੀ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ। ਇਸ ਦਲਦਲ ਵਿੱਚ ਫਸੇ ਹੋਏ ਨੌਜਵਾਨਾਂ ਚੋਂ ਅੱਜ ਤਿੰਨ ਨੌਜਵਾਨਾਂ ਦੀ ਸਵੇਰੇ ਮੌਤ ਹੋ ਗਈ ਅਤੇ ਇਸੇ ਤਰ੍ਹਾਂ ਕੱਲ ਵੀ ਇੱਕ ਨੌਜਵਾਨ ਦੀ ਮੌਤ ਹੋ ਗਈ ਸੀ। ਲਗਾਤਾਰ ਦੋ ਦਿਨਾਂ ਵਿੱਚ ਹੋਈਆਂ ਚਾਰ ਨੌਜਵਾਨਾਂ ਦੀਆਂ ਮੌਤਾਂ ਨੇ ਇਲਾਕੇ ਨੂੰ ਦਹਿਲਾ ਕੇ ਰੱਖ ਦਿੱਤਾ ਹੈ। ਮ੍ਰਿਤਕ ਨੌਜਵਾਨ ਰਮਨ ਸਿੰਘ (26) ਦੇ ਪਿਤਾ ਬਚਿੱਤਰ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਪਿਛਲੇ ਕਈ ਸਾਲਾਂ ਤੋਂ ਨਸ਼ੇ ਦਾ ਆਦੀ ਸੀ। ਗੁਆਂਢ ਵਿੱਚ ਰਹਿਣ ਵਾਲੇ ਮ੍ਰਿਤਕ ਮੈਦੂ ਸਿੰਘ ਪੁੱਤਰ ਮੁਖਤਿਆਰ ਸਿੰਘ ਨਸ਼ੇ ਦੀ ਡੂੰਘੀ ਦਲਦਲ ਵਿੱਚ ਇੰਨਾ ਜ਼ਿਆਦਾ ਫਸ ਚੁੱਕਿਆ ਸੀ ਕਿ ਘਰ ਦੇ ਉਸ ਨੇ ਬੂਹੇ ਬਾਰੀਆਂ ਰੋਸ਼ਨਦਾਨ ਅਤੇ ਵਿਹੜੇ ਵਿੱਚ ਉੱਗੇ ਦਰੱਖਤ ਵੀ ਵੇਚ ਦਿੱਤੇ ਸਨ। ਘਰ ਵਿੱਚ ਗਰੀਬੀ ਪੈਦਾ ਹੋ ਜਾਣ ਕਾਰਨ ਪਤਨੀ ਅਤੇ ਬੱਚੇ ਵੀ ਛੱਡ ਕੇ ਚਲੇ ਗਏ ਸਨ ਅਤੇ ਇਕੱਲਾ ਰਹਿ ਰਿਹਾ ਸੀ ਜਿਸ ਦੀ ਅੱਜ ਸਵੇਰੇ ਮੌਤ ਹੋ ਗਈ। ਤੀਸਰੇ ਨੌਜਵਾਨ ਰੱਜਤ ਸਿੰਘ ਦੇ ਪਿਤਾ ਸੁਖਦੇਵ ਸਿੰਘ ਨੇ ਕਿਹਾ ਹੈ ਕਿ ਨਸ਼ਾ ਬੜੀ ਤੇਜ਼ੀ ਦੇ ਨਾਲ ਇਲਾਕੇ ਅੰਦਰ ਫੈਲ ਚੁੱਕਾ ਹੈ, ਜਿਸ ਨੂੰ ਰੋਕਣਾ ਪੁਲਿਸ ਦੇ ਲਈ ਬਹੁਤ ਔਖਾ ਹੋ ਚੁੱਕਾ ਹੈ। ਉਸ ਨੇ ਪੁੱਤਰ ਦੀ ਲਾਸ਼ ਉੱਪਰ ਰੋਂਦੇ ਹੋਏ ਕਿਹਾ ਕਿ ਸਾਡਾ ਪਰਿਵਾਰ ਦਾ ਸਹਾਰਾ ਤਾਂ ਚਲੇ ਗਿਆ ਹੈ ਪਰ ਪਿੰਡ ਦੇ ਹੋਰ ਨੌਜਵਾਨ ਮੌਤ ਦੇ ਮੂੰਹ ਵਿੱਚ ਜਾਣ ਤੋਂ ਪੁਲਿਸ ਨੂੰ ਰੋਕਣ ਲਈ ਬੇਹੱਦ ਜਿਆਦਾ ਸਖਤੀ ਕਰਨੀ ਚਾਹੀਦੀ ਹੈ। ਨਸ਼ੇ ਕਾਰਨ ਕੱਲ੍ਹ ਜਾਨ ਗੁਆਉਣ ਵਾਲੇ ਨੌਜਵਾਨ ਦੀ ਪਛਾਣ ਸੰਦੀਪ ਸਿੰਘ ਪੁੱਤਰ ਵੀਰ ਸਿੰਘ ਵਜੋਂ ਹੋਈ ਹੈ।

# ਪਰਗਟ ਸਿੰਘ ਨੇ ਫਿਰੋਜ਼ਪੁਰ 'ਚ ਨਸ਼ੇ ਕਾਰਨ ਤਿੰਨ ਨੌਜਵਾਨਾਂ ਦੀ ਮੌਤ 'ਤੇ ਡੂੰਘੀ ਚਿੰਤਾ ਕੀਤੀ ਪ੍ਰਗਟ





ਚੰਡੀਗੜ੍ਹ: ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪਰਗਟ ਸਿੰਘ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂਹਰਸਹਾਏ ਹਲਕੇ ਦੇ ਪਿੰਡ ਬਹਿਰਾਮ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਤਿੰਨ ਨੌਜਵਾਨਾਂ ਦੀ ਮੌਤ 'ਤੇ ਡੂੰਘਾ ਦੁੱਖ ਅਤੇ ਗੁੱਸਾ ਪ੍ਰਗਟ ਕੀਤਾ ਹੈ।

ਫਿਰੋਜ਼ਪੁਰ-ਫਾਜ਼ਿਲਕਾ ਸੜਕ 'ਤੇ ਲਾਸ਼ਾਂ ਰੱਖ ਕੇ ਸੋਗ ਮਨਾਉਣ ਵਾਲੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਵੱਲੋਂ ਕੀਤਾ ਜਾਮ ਨਾ ਸਿਰਫ਼ ਸਰਕਾਰ ਪ੍ਰਤੀ ਅਵਿਸ਼ਵਾਸ ਦੀ ਨਿਸ਼ਾਨੀ ਹੈ, ਸਗੋਂ ਪੰਜਾਬ ਦੀ ਮੌਜੂਦਾ ਸਥਿਤੀ ਦਾ ਦਰਦਨਾਕ ਪ੍ਰਤੀਬਿੰਬ ਵੀ ਹੈ। ਪਰਗਟ ਸਿੰਘ ਨੇ ਕਿਹਾ, "ਪਹਿਲਾਂ ਖਡੂਰ ਸਾਹਿਬ ਅਤੇ ਹੁਣ ਫਿਰੋਜ਼ਪੁਰ - ਇਹ ਸਿਰਫ਼ ਘਟਨਾਵਾਂ ਨਹੀਂ ਹਨ, ਸਗੋਂ ਪੰਜਾਬ ਦੇ ਨੌਜਵਾਨਾਂ ਦਾ ਕਤਲੇਆਮ ਹੈ। ਜਦੋਂ ਮਾਪਿਆਂ ਨੂੰ ਆਪਣੇ ਪੁੱਤਰਾਂ ਦੀਆਂ ਲਾਸ਼ਾਂ ਨਾਲ ਸੜਕਾਂ 'ਤੇ ਬੈਠਣ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਇਹ ਵਿਰੋਧ ਪ੍ਰਦਰਸ਼ਨ ਨਹੀਂ, ਸਗੋਂ ਇਨਸਾਫ਼ ਦੀ ਮੰਗ ਹੈ। ਮੈਂ ਪੰਜਾਬ ਦੇ ਨੌਜਵਾਨਾਂ ਲਈ ਉਦੋਂ ਤੱਕ ਲੜਦਾ ਰਹਾਂਗਾ ਜਦੋਂ ਤੱਕ ਇਨਸਾਫ਼ ਅਤੇ ਠੋਸ ਕਾਰਵਾਈ ਨਹੀਂ ਹੋ ਜਾਂਦੀ। 'ਆਪ' ਸਰਕਾਰ ਨਸ਼ਿਆਂ ਵਿਰੁੱਧ ਜੰਗ ਦਾ ਬਿਗਲ ਵਜਾਉਂਦੀ ਹੈ, ਪਰ ਅਸਲੀਅਤ ਵਿੱਚ, ਇਹ ਜੰਗ ਪੰਜਾਬ ਦੇ ਨੌਜਵਾਨਾਂ ਵਿਰੁੱਧ ਲੜੀ ਜਾ ਰਹੀ ਹੈ। ਇਸ ਤੋਂ ਵੱਡੀ ਸ਼ਾਸਨ ਦੀ ਅਸਫਲਤਾ ਕੀ ਹੋ ਸਕਦੀ ਹੈ?"

ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਨੇ ਨਸ਼ਿਆਂ ਵਿਰੁੱਧ ਆਪਣੀ ਲੜਾਈ ਨੂੰ ਸਿਰਫ਼ ਪ੍ਰਚਾਰ ਅਤੇ ਖਿੜਕੀ ਦੀ ਸਜਾਵਟ ਤੱਕ ਸੀਮਤ ਕਰ ਦਿੱਤਾ ਹੈ। "ਸੱਚ ਉਨ੍ਹਾਂ ਪਰਿਵਾਰਾਂ ਦੇ ਹੰਝੂਆਂ ਵਿੱਚ ਲਿਖਿਆ ਹੋਇਆ ਹੈ ਅਤੇ ਇਸ ਪਿੰਡ ਦੇ ਗੁੱਸੇ ਵਿੱਚ ਝਲਕਦਾ ਹੈ। ਪੁਲਿਸ ਪ੍ਰਣਾਲੀ ਨੇ ਵੀ ਨਸ਼ਾ ਵੇਚਣ ਵਾਲਿਆਂ ਨਾਲ ਸਮਝੌਤਾ ਕਰ ਲਿਆ ਹੈ। ਹੁਣ ਪੰਜਾਬ ਦੇ ਲੋਕਾਂ ਨੂੰ ਝੂਠੇ ਵਾਅਦਿਆਂ ਦੀ ਨਹੀਂ, ਠੋਸ ਕਾਰਵਾਈ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਵਿੱਚ ਹੋਈਆਂ ਇਨ੍ਹਾਂ ਮੌਤਾਂ ਦੀ ਨਿਆਂਇਕ ਜਾਂਚ ਅਤੇ ਸਪਲਾਈ ਚੇਨ ਦਾ ਖੁਲਾਸਾ ਜ਼ਰੂਰੀ ਹੈ। ਸਥਾਨਕ ਪੁਲਿਸ ਅਤੇ ਪ੍ਰਸ਼ਾਸਨ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ, ਅਤੇ ਇੱਕ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪੇਂਡੂ ਪੰਜਾਬ ਵਿੱਚ ਮੁੜ ਵਸੇਬਾ ਅਤੇ ਨਸ਼ਾ ਛੁਡਾਊ ਸੇਵਾਵਾਂ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ। ਇੱਕ ਪੰਜਾਬ ਨਸ਼ਾ ਵਿਰੋਧੀ ਟਾਸਕ ਫੋਰਸ ਸਥਾਪਤ ਕੀਤੀ ਜਾਣੀ ਚਾਹੀਦੀ ਹੈ, ਜੋ ਪਾਰਦਰਸ਼ਤਾ ਨਾਲ ਜਨਤਾ ਨੂੰ ਰਿਪੋਰਟ ਕਰੇ। ਪਰਗਟ ਸਿੰਘ ਨੇ ਕਿਹਾ ਕਿ ਕਾਂਗਰਸ ਪ੍ਰਭਾਵਿਤ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। "ਪੰਜਾਬ ਗੁਰੂਆਂ ਅਤੇ ਸੰਤਾਂ ਦੀ ਧਰਤੀ ਹੈ - ਨਸ਼ਿਆਂ ਲਈ ਇੱਥੇ ਕੋਈ ਥਾਂ ਨਹੀਂ ਹੈ। ਹਰ ਜਾਨ ਗੁਆਉਣਾ ਸਿਰਫ਼ ਉਸ ਪਰਿਵਾਰ ਨਾਲ ਬੇਇਨਸਾਫ਼ੀ ਨਹੀਂ ਹੈ, ਸਗੋਂ ਪੰਜਾਬ ਦੀ ਆਤਮਾ ਵਿਰੁੱਧ ਅਪਰਾਧ ਹੈ। ਮੈਂ ਇਹ ਲੜਾਈ ਹਰ ਮੋਰਚੇ 'ਤੇ ਉਦੋਂ ਤੱਕ ਲੜਦਾ ਰਹਾਂਗਾ ਜਦੋਂ ਤੱਕ ਨਿਆਂ ਅਤੇ ਕਾਰਵਾਈ ਨਹੀਂ ਹੋ ਜਾਂਦੀ।"



# ਟੀ.ਪੀ.ਏ.ਆਰ. ਕਲੱਬ ਦੇ 32 ਮੈਂਬਰਾਂ ਨੇ 'ਬਿੰਗੋ ਗਲੋਬਲ ਰੇਸ' 'ਚ ਬੜੇ ਉਤਸ਼ਾਹ ਨਾਲ ਲਿਆ ਹਿੱਸਾ

## ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ ਇਹ ਦੂਰੋਂ ਹੀ ਪਛਾਣੇ ਜਾ ਰਹੇ ਸਨ











ਟੋਰਾਂਟੋ, (ਡਾ. ਝੰਡ) – ਲੰਘੇ ਐਤਵਾਰ 28 ਸਤੰਬਰ ਨੂੰ ਟੋਰਾਂਟੋ ਨੇੜੇ ਲੇਕਸ਼ੋਰ ਦੇ ਕਿਨਾਰੇ ਬੋਰਡ-ਵਾਕ ਉੱਪਰ ਆਰੰਭ ਹੋਈ 'ਬਿੰਗੋ ਗਲੋਬਲ ਰੇਸ' ਵਿੱਚ ਟੀ.ਪੀ.ਏ.ਆਰ. ਕਲੱਬ ਬਰੈਂਪਟਨ ਦੇ 32 ਮੈਂਬਰਾਂ ਵੱਲੋਂ ਬੜੇ ਉਤਸ਼ਾਹ ਅਤੇ ਸ਼ੌਕ ਨਾਲ ਹਿੱਸਾ ਲਿਆ ਗਿਆ। ਇਸ ਰੇਸ ਵਿੱਚ 10 ਕਿਲੋਮੀਟਰ, 5 ਕਿਲੋਮੀਟਰ ਮੁਕਾਬਲੇ ਦੀਆਂ ਦੌੜਾਂ ਤੇ ਬੱਚਿਆਂ ਲਈ ਸ਼ੌਕੀਆ 3 ਕਿਲੋਮੀਟਰ ਦੌੜ ਦੇ ਈਵੈਂਟ ਸ਼ਾਮਲ ਸਨ ਅਤੇ ਇਹ ਵੱਖ-ਵੱਖ ਸਮੇਂ 'ਤੇ ਆਰੰਭ ਹੋਏ। ਦੌੜ ਦੇ ਇਸ ਈਵੈਂਟ ਵਿੱਚ ਸ਼ਾਮਲ ਹੋਣ ਲਈ ਕਲੱਬ ਦੇ ਮੈਂਬਰ ਸਵੇਰੇ 6.00 ਵਜੇ ਇੱਕ ਸਕੂਲ ਬੱਸ ਵਿੱਚ ਸਵਾਰ ਹੋ ਕੇ ਸੱਤ ਵਜੇ ਦੌੜ ਆਰੰਭ ਹੋਣ ਵਾਲੀ ਜਗ੍ਹਾ 1561 ਲੇਕ ਸ਼ੋਰ ਬੁਲੇਵਾਰਡ 'ਤੇ ਪਹੁੰਚ ਗਏ। ਕਲੱਬ ਦੇ ਕਈ ਮੈਂਬਰ ਆਪਣੀਆਂ ਕਾਰਾਂ ਰਾਹੀਂ ਵੀ ਇੱਥੇ ਪਹੁੰਚੇ। ਇਨ੍ਹਾਂ ਵਿੱਚੋਂ ਬਹੁਤੇ ਮੈਂਬਰਾਂ ਨੇ ਸਵੇਰੇ ਅੱਠ ਵਜੇ ਸ਼ੁਰੂ ਹੋਣ ਵਾਲੀ 10 ਕਿਲੋਮੀਟਰ ਦੌੜ ਵਿੱਚ ਭਾਗ ਲੈਣਾ ਸੀ ਅਤੇ ਇਸ ਤੋਂ ਪਹਿਲਾਂ ਉੱਥੇ ਜਾ ਕੇ 'ਵਾਰਮ-ਅੱਪ' ਵੀ ਹੋਣਾ ਸੀ ਜਿਸ ਦੇ ਲਈ 7.30 ਵਜੇ ਸਟੇਜ ਉੱਪਰ ਤਿੰਨ ਦੌੜਾਕਾਂ ਵੱਲੋਂ ਮਿਊਜ਼ਿਕ ਦੀ ਤਾਲ 'ਤੇ ਕੁਝ ਹਲਕੀਆਂ ਵਰਜ਼ਿਸ਼ਾਂ ਕਰਵਾਈਆਂ ਗਈਆਂ। ਅੱਠ ਵਜੇ ਤੋਂ ਪਹਿਲਾਂ 10 ਕਿਲੋਮੀਟਰ ਦੌੜਨ ਵਾਲੇ ਸਾਰੇ ਦੌੜਾਕ 'ਸਟਾਰਟਿੰਗ-ਲਾਈਨ' ਦੇ ਪਿੱਛੇ ਖੜੇ ਹੋ ਗਏ ਅਤੇ ਪ੍ਰਬੰਧਕਾਂ ਵੱਲੋਂ ਪੂਰੇ ਅੱਠ ਵਜੇ ਵਿਸਲ ਦੇ ਕੇ ਇਹ ਦੌੜ ਆਰੰਭ ਕੀਤੀ ਗਈ। 5 ਕਿਲੋਮੀਟਰ ਦੌੜਨ ਵਾਲੇ ਮੈਂਬਰ 'ਵਾਰਮ-ਅੱਪ' ਹੋਣ ਲਈ 9.15 ਵਜੇ ਸਟੇਜ ਦੇ ਸਾਹਮਣੇ ਇਕੱਠੇ ਹੋਏ ਅਤੇ ਉਨ੍ਹਾਂ ਨੂੰ ਵੀ ਉੱਥੇ ਓਸੇ ਤਰ੍ਹਾਂ ਮਿਊਜ਼ਿਕ ਦੀ ਤਾਲ 'ਤੇ ਹਲਕੀਆਂ ਵਰਜ਼ਿਸਾਂ ਕਰਵਾਈਆਂ ਗਈਆਂ। ਇਸ ਦੌੜ ਦੇ ਸ਼ੁਰੂ ਹੋਣ ਦਾ ਸਮਾਂ 9.45 ਸੀ ਅਤੇ ਇਸ ਤੋਂ ਪਹਿਲਾਂ ਸਾਰੇ ਦੌੜਾਕ 'ਸਟਾਰਟਿੰਗ-ਲਾਈਨ 'ਤੇ ਹਾਜ਼ਰ ਹੋ ਗਏ। ਪ੍ਰਬੰਧਕਾਂ ਦੀ ਲੰਮੀ ਵਿਸਲ ਨਾਲ ਇਹ ਦੌੜ 9.50 'ਤੇ ਸ਼ੁਰੂ ਹੋ ਗਈ। ਇਸ ਦੌੜ ਵਿੱਚ ਸ਼ਾਮਲ ਹੋਣ ਵਾਲ਼ਿਆਂ ਦੀ ਗਿਣਤੀ ਸੱਭ ਤੋਂ ਵਧੇਰੇ ਸੀ। ਨੌਜੁਆਨਾਂ ਤੋਂ ਇਲਾਵਾ ਇਸ ਵਿੱਚ ਬਹੁਤ ਸਾਰੇ ਸੀਨੀਅਰਜ਼ ਅਤੇ 10-12 ਸਾਲ ਦੇ ਬੱਚੇ ਵੀ ਕਾਫ਼ੀ ਗਿਣਤੀ ਵਿੱਚ ਸਨ। ਸੀਨੀਅਰਜ਼ ਤਾਂ ਹੌਲੀ-ਹੌਲੀ ਆਪਣੀ ਚਾਲੇ ਦੌੜ ਰਹੇ ਸਨ ਜਾਂ ਥੋੜ੍ਹਾ ਜਿਹਾ ਤੇਜ਼ ਪੈਦਲ ਚੱਲ ਰਹੇ ਸਨ ਪਰ ਬੱਚੇ ਆਪਣੀ 'ਦੁੜਕੀ' ਚਾਲੇ ਜਾ ਰਹੇ ਸਨ।

ਛੋਟੇ ਬੱਚਿਆਂ ਲਈ 3 ਕਿਲੋਮੀਟਰ ਦੌੜ 10.30 ਵਜੇ ਸ਼ੁਰੂ ਕੀਤੀ ਗਈ। ਇਸ ਵਿੱਚ ਬੱਚੇ ਅਤੇ ਉਨ੍ਹਾਂ ਦੇ ਮਾਪੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਲੇਕ ਸ਼ੋਰ ਦੇ ਕੰਢੇ-ਕੰਢੇ 'ਬੋਰਡ-ਵਾੱਕ' ਉੱਪਰ ਦੌੜਦਿਆਂ ਤੇ ਪੈਦਲ ਚੱਲਦਿਆਂ ਸਾਰੇ ਦੌੜਾਕ ਤੇ ਵਾੱਕਰ ਬੜਾ ਵਧੀਆ ਮਹਿਸੂਸ ਕਰ ਰਹੇ ਸਨ। ਸਮੁੰਦਰ-ਰੂਪੀ ਲੇਕ ਓਨਟਾਰੀਓ ਦਾ ਦੂਰ ਤੱਕ ਫ਼ੈਲਿਆ ਪਾਣੀ ਮਨਮੋਹਕ ਦ੍ਰਿਸ਼ ਪੇਸ਼ ਕਰ ਰਿਹਾ ਸੀ। 'ਬੋਰਡ-ਵਾਕ' ਉੱਪਰ 2.5 ਕਿਲੋਮੀਟਰ ਦੀ ਦੂਰੀ ਤੇ 'ਵਾਪਸੀ ਕਰਨ' (ਯੂ-ਟਰਨ) ਦੇ ਨਿਸ਼ਾਨ ਦਾ ਬੋਰਡ ਲੱਗਾ ਹੋਇਆ। ਦੌੜਾਕਾਂ ਨੇ ਇਸ ਤੋਂ ਖੱਬੇ ਪਾਸੇ ਮੁੜ ਕੇ ਬੋਰਡ-ਵਾੱਕ ਦੇ ਸਮਾਨਅੰਤਰ ਬਣੀ ਸੜਕ 'ਤੇ ਵਾਪਸ ਜਾਣਾ ਸੀ। ਵੱਡੇ-ਵੱਡੇ ਰੁੱਖਾਂ ਦੀ ਸੰਘਣੀ ਛਾਂ ਵਿੱਚੋਂ ਲੰਘਦੀ ਇਸ ਸੜਕ ਦੇ ਦੋਹੀਂ ਪਾਸੀਂ ਕਈ ਥਾਵਾਂ 'ਤੇ ਲਾਲ ਤੇ ਪੀਲ਼ੇ ਰੰਗ ਦੀਆਂ ਛੋਟੀਆਂ-ਛੋਟੀਆਂ ਝੰਡੀਆਂ ਗੱਡੀਆਂ ਹੋਈਆਂ ਸਨ ਜੋ ਦੌੜਾਕਾਂ ਤੇ ਵਾੱਕਰਾਂ ਨੂੰ ਵਾਪਸੀ ਦਾ ਰਾਹ ਬਾਖ਼ੂਬੀ ਵਿਖਾ ਰਹੀਆਂ ਸਨ। 'ਫਿਨਿਸ਼ ਲਾਈਨ' ਉੱਪਰ ਪਹੁੰਚ ਰਹੇ ਦੌੜਾਕਾਂ ਦਾ ਪ੍ਰਬੰਧਕਾਂ ਤੇ ਦਰਸ਼ਕਾਂ ਵੱਲੋਂ ਤਾੜੀਆਂ ਮਾਰ ਕੇ ਸੁਆਗ਼ਤ ਕੀਤਾ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਗਲ਼ਾਂ ਵਿੱਚ ਮੈਡਲ ਪਾਏ ਜਾ ਰਹੇ ਸਨ।

ਇਸ ਮੌਕੇ 'ਬਿੰਗੋ ਗਲੋਬਲ ਰੇਸ' ਦੇ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦੇ ਸਮਾਨ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਦੌੜਾਂ ਆਰੰਭ ਹੋਣ ਤੋਂ ਪਹਿਲਾਂ ਹਲਕੇ ਬਰੇਕ-ਫ਼ਾਸਟ ਲਈ ਕਈ ਸਟਾਲਾਂ ਉੱਪਰ ਵੱਖ-ਵੱਖ ਖਾਧ-ਪਦਾਰਥ, ਜੂਸ ਅਤੇ ਕੋਲਡ-ਡਰਿੰਕਸ ਸਜਾਏ ਹੋਏ ਸਨ ਅਤੇ ਹਰ ਕੋਈ ਇੱਥੋਂ ਲੋੜ ਅਨੁਸਾਰ ਇਹ ਫ਼ਰੀ ਲੈ ਸਕਦਾ ਸੀ। ਦੌੜਾਂ ਦੀ ਵਾਪਸੀ 'ਤੇ ਦੁਪਹਿਰ ਦੇ ਖਾਣੇ ਦੇ ਕਈ ਸਟਾਲ ਲੱਗੇ ਹੋਏ ਸਨ ਜਿੱਥੋਂ ਦੌੜਾਕ ਆਪਣੀ ਪਸੰਦ ਦਾ ਖਾਣਾ ਲੈ ਸਕਦੇ ਸਨ ਜਿਸ ਵਿੱਚ ਕਈ ਤਰ੍ਹਾਂ ਦੇ ਬਰਗਰ, ਪੀਜ਼ੇ, ਸਲਾਦ ਤੇ ਕੋਲਡ-ਡਰਿੰਕਸ ਆਦਿ ਸ਼ਾਮਲ ਸਨ। ਦੌੜਾਕਾਂ ਤੇ ਵਾੱਕਰਾਂ ਨੇ ਮਨਪਸੰਦ ਲੰਚ ਦੀ ਚੋਣ ਕੀਤੀ ਅਤੇ ਛਕ-ਛਕਾ ਕੇ ਘਰਾਂ ਨੂੰ ਵਾਪਸੀ ਕੀਤੀ। ਲੰਚ ਕਰਨ ਤੋਂ ਬਾਅਦ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਵੀ ਦੋ ਕੁ ਵਜੇ ਆਪਣੀ ਸਕੂਲ ਬੱਸ ਵੱਲ ਰਵਾਨਾ ਹੋਏ ਅਤੇ ਲੱਗਭੱਗ ਤਿੰਨ ਵਜੇ ਬਰੈਂਪਟਨ ਵਾਪਸ ਪਹੁੰਚੇ।

# ਲੰਦਨ 'ਚ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨਤੋੜ, ਭਾਰਤੀ ਦੂਤਾਵਾਸ ਨੇ ਜਤਾਇਆ ਸਖ਼ਤ ਇਤਰਾਜ਼




ਲੰਦਨ ਦੇ ਟੈਵਿਸਟੋਕ ਸਕੁਏਅਰ ਵਿੱਚ ਮਹਾਤਮਾ ਗਾਂਧੀ ਦੀ ਮੂਰਤੀ ਨੂੰ ਅਣਪਛਾਤੇ ਵਿਅਕਤੀਆਂ ਨੇ ਨੁਕਸਾਨ ਪਹੁੰਚਾਇਆ ਹੈ। ਇਹ ਘਟਨਾ 2 ਅਕਤੂਬਰ ਨੂੰ ਮਨਾਏ ਜਾਣ ਵਾਲੇ ਗਾਂਧੀ ਜਯੰਤੀ ਅਤੇ ਅੰਤਰਰਾਸ਼ਟਰੀ ਅਹਿੰਸਾ ਦਿਵਸ ਤੋਂ ਕੁਝ ਦਿਨ ਪਹਿਲਾਂ ਵਾਪਰੀ। ਮੂਰਤੀ ਦੇ ਚੌਂਕੀ 'ਤੇ ਅਪਮਾਨਜਨਕ ਗ੍ਰੈਫਿਟੀ ਲਿਖੀ ਗਈ, ਜਿਸ ਵਿੱਚ ਰਾਸ਼ਟਰ ਪਿਤਾ ਨੂੰ ਧਿਆਨ ਮੁਦਰਾ ਵਿੱਚ ਦਰਸਾਇਆ ਗਿਆ ਹੈ। ਭਾਰਤੀ ਹਾਈ ਕਮਿਸ਼ਨ ਨੇ ਇਸ ਕਾਰਵਾਈ ਦੀ ਸਖ਼ਤ ਨਿੰਦਾ ਕਰਦਿਆਂ ਸਥਾਨਕ ਅਧਿਕਾਰੀਆਂ ਨੂੰ ਤੁਰੰਤ ਸੂਚਿਤ ਕੀਤਾ ਹੈ। ਮੂਰਤੀ ਦੀ ਬਹਾਲੀ ਲਈ ਹਾਈ ਕਮਿਸ਼ਨ ਦੀ ਟੀਮ ਮੌਕੇ 'ਤੇ ਕੰਮ ਕਰ ਰਹੀ ਹੈ ਅਤੇ ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਕਰ ਰਹੀ ਹੈ। ਭਾਰਤੀ ਹਾਈ ਕਮਿਸ਼ਨ ਨੇ ਸੋਸ਼ਲ ਮੀਡੀਆ 'ਤੇ ਬਿਆਨ ਜਾਰੀ ਕਰਦਿਆਂ ਕਿਹਾ, "ਅਸੀਂ ਮਹਾਤਮਾ ਗਾਂਧੀ ਦੀ ਮੂਰਤੀ ਦੀ ਭੰਨਤੋੜ ਤੋਂ ਡੂੰਘੇ ਦੁਖੀ ਹਾਂ। ਇਹ ਸਿਰਫ਼ ਮੂਰਤੀ 'ਤੇ ਹਮਲਾ ਨਹੀਂ, ਸਗੋਂ ਅਹਿੰਸਾ ਦੇ ਸਿਧਾਂਤਾਂ ਅਤੇ ਗਾਂਧੀ ਜੀ ਦੀ ਵਿਰਾਸਤ 'ਤੇ ਹਮਲਾ ਹੈ। ਅਸੀਂ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਅਤੇ ਮੂਰਤੀ ਦੀ ਬਹਾਲੀ ਲਈ ਕੰਮ ਕਰ ਰਹੇ ਹਾਂ।"

ਟੈਵਿਸਟੋਕ ਸਕੁਏਅਰ ਵਿੱਚ ਮੂਰਤੀ ਦਾ ਇਤਿਹਾਸ

1968 ਵਿੱਚ ਇੰਡੀਆ ਲੀਗ ਦੁਆਰਾ ਸਥਾਪਿਤ ਇਹ ਕਾਂਸੀ ਦੀ ਮੂਰਤੀ ਮਹਾਤਮਾ ਗਾਂਧੀ ਦੇ ਲੰਦਨ ਵਿੱਚ ਕਾਨੂੰਨ ਦੇ ਵਿਦਿਆਰਥੀ ਵਜੋਂ ਬਤੀਤ ਸਮੇਂ ਦੀ ਯਾਦ ਦਿਵਾਉਂਦੀ ਹੈ। ਹਰ ਸਾਲ 2 ਅਕਤੂਬਰ ਨੂੰ ਅੰਤਰਰਾਸ਼ਟਰੀ ਅਹਿੰਸਾ ਦਿਵਸ ਮੌਕੇ ਇਸ ਸਮਾਰਕ 'ਤੇ ਫੁੱਲ ਭੇਟ ਕੀਤੇ ਜਾਂਦੇ ਹਨ ਅਤੇ ਗਾਂਧੀ ਜੀ ਦੇ ਮਨਪਸੰਦ ਭਜਨ ਗਾਏ ਜਾਂਦੇ ਹਨ। ਮੂਰਤੀ ਦੇ ਪੈਡਸਟਲ 'ਤੇ ਲਿਖਿਆ ਹੈ, "ਮਹਾਤਮਾ ਗਾਂਧੀ, 1869-1948।" ਮੈਟਰੋਪੋਲੀਟਨ ਪੁਲਿਸ ਅਤੇ ਕੈਮਡੇਨ ਕੌਂਸਲ ਨੇ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਲੜਨਗੇ ਚੋਣ

## ਭਾਵੁਕ ਹੁੰਦੇ ਹੋਏ ਬੋਲੇ- "ਪੁੱਤਰ ਦਾ ਸੁਪਨਾ ਪੂਰਾ ਕਰਾਂਗਾ"



ਚੰਡੀਗੜ੍ਹ: ਮਰਹੂਮ ਪੰਜਾਬੀ ਗਾਇਕ ਅਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਹ 2027 ਦੀਆਂ ਵਿਧਾਨ ਸਭਾ ਚੋਣਾਂ ਮਾਨਸਾ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਲੜਨਗੇ। ਉਨ੍ਹਾਂ ਕਿਹਾ ਕਿ ਰਾਜਨੀਤੀ ਵਿੱਚ ਆਉਣ ਦਾ ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਆਪਣੇ ਪੁੱਤਰ ਲਈ ਇਨਸਾਫ਼ ਪ੍ਰਾਪਤ ਕਰਨਾ ਹੈ।

ਬਲਕੌਰ ਸਿੰਘ ਕਾਂਗਰਸ ਪਾਰਟੀ ਵੱਲੋਂ ਆਯੋਜਿਤ ਇੱਕ ਸਮਾਗਮ ਵਿੱਚ ਬੋਲ ਰਹੇ ਸਨ। ਉਨ੍ਹਾਂ ਕਿਹਾ, "ਮੈਂ ਕਾਂਗਰਸ ਪਾਰਟੀ ਦਾ ਸੱਚਾ ਸਿਪਾਹੀ ਹਾਂ ਅਤੇ ਮੇਰਾ ਇਰਾਦਾ ਕਿਸੇ ਵੀ ਕੀਮਤ 'ਤੇ ਇਹ ਚੋਣ ਲੜਨ ਦਾ ਹੈ। ਮੈਨੂੰ ਸਰਕਾਰ ਤੋਂ ਕੋਈ ਉਮੀਦ ਨਹੀਂ ਬਚੀ ਹੈ, ਇਸ ਲਈ ਮੈਂ ਰਾਜਨੀਤੀ ਵਿੱਚ ਆਵਾਂਗਾ ਅਤੇ ਇਨਸਾਫ਼ ਲਈ ਲੜਾਂਗਾ।" ਬਲਕੌਰ ਸਿੰਘ ਨੇ ਕਿਹਾ, "ਮੈਂ ਚੋਣ ਲੜਾਂਗਾ ਅਤੇ ਜਿੱਤਾਂਗਾ। ਮੈਨੂੰ ਤੁਹਾਡੇ ਸਮਰਥਨ ਦੀ ਲੋੜ ਹੈ। ਕੋਈ ਗਲਤਫਹਿਮੀ ਨਾ ਰੱਖੋ, ਅਸੀਂ ਪੂਰੀ ਤਾਕਤ ਨਾਲ ਚੋਣਾਂ ਲੜਾਂਗੇ।" ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਨੇੜਲੇ ਸਬੰਧਾਂ ਕਾਰਨ ਉਨ੍ਹਾਂ ਨੂੰ ਕਾਂਗਰਸ ਦੀ ਟਿਕਟ ਮਿਲਣ ਦੀ ਸੰਭਾਵਨਾ ਹੈ।

ਪਹਿਲਾਂ ਬਲਕੌਰ ਸਿੰਘ ਦੇ ਬਠਿੰਡਾ ਲੋਕ ਸਭਾ ਸੀਟ ਤੋਂ ਚੋਣ ਲੜਨ ਬਾਰੇ ਚਰਚਾ ਸੀ, ਪਰ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਇਸ ਵਾਰ ਚੋਣ ਨਹੀਂ ਲੜਨਗੇ। ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਸਿੱਧੂ ਮੂਸੇਵਾਲਾ ਨੇ ਵਿਧਾਨ ਸਭਾ ਦੀ ਪੌੜੀ ਚੜ੍ਹਨ ਦਾ ਸੁਪਨਾ ਦੇਖਿਆ ਸੀ।

ਉਹ ਭਾਵੁਕ ਹੋ ਗਏ ਅਤੇ ਕਿਹਾ, "ਹੁਣ ਅਸੀਂ ਆਪਣੇ ਦਿਲਾਂ ਵਿੱਚ ਸਿੱਧੂ ਦੀ ਤਸਵੀਰ ਲੈ ਕੇ ਵਿਧਾਨ ਸਭਾ ਵੱਲ ਮਾਰਚ ਕਰਾਂਗੇ। ਅਗਲੀ ਲੜਾਈ ਬਹੁਤ ਵੱਡੀ ਹੈ, ਪਰ ਅਸੀਂ ਇਸਨੂੰ ਲੜਨ ਲਈ ਤਿਆਰ ਹਾਂ।" ਉਸਨੇ ਇਹ ਵੀ ਪ੍ਰਗਟ ਕੀਤਾ ਕਿ ਉਸਦੇ ਪੁੱਤਰ ਦੀ ਮੌਤ ਤੋਂ ਬਾਅਦ, ਉਸਨੂੰ ਡਰ ਸੀ ਕਿ ਲੋਕ ਉਸਨੂੰ ਭੁੱਲ ਜਾਣਗੇ, ਪਰ ਉਸਨੂੰ ਅਹਿਸਾਸ ਹੋਇਆ ਕਿ ਲੋਕ ਅਜੇ ਵੀ ਉਸਨੂੰ ਆਪਣੇ ਦਿਲਾਂ ਵਿੱਚ ਰੱਖਦੇ ਹਨ।

ਬਲਕੌਰ ਸਿੰਘ ਨੇ ਕਿਹਾ, "ਮੈਂ ਤੁਹਾਨੂੰ ਵਾਅਦਾ ਕਰਦਾ ਹਾਂ ਕਿ ਭਾਵੇਂ ਅਸੀਂ ਨਿਹੱਥੇ ਹਾਂ, ਅਸੀਂ ਕਮਜ਼ੋਰ ਨਹੀਂ ਹਾਂ। ਤੁਸੀਂ ਸਾਰੇ ਮਜ਼ਬੂਤ ਰਹੋ। ਮੈਨੂੰ ਕਿਸੇ ਹੋਰ ਦੀ ਲੋੜ ਨਹੀਂ ਹੈ, ਮੈਨੂੰ ਸਿਰਫ਼ ਤੁਹਾਡੇ ਸਮਰਥਨ ਦੀ ਲੋੜ ਹੈ।" ਇਹ ਧਿਆਨ ਦੇਣ ਯੋਗ ਹੈ ਕਿ ਸਿੱਧੂ ਮੂਸੇਵਾਲਾ ਨੇ 2022 ਦੀਆਂ ਮਾਨਸਾ ਵਿਧਾਨ ਸਭਾ ਚੋਣਾਂ ਲੜੀਆਂ ਸਨ ਪਰ ਹਾਰ ਗਏ ਸਨ।

ਉਹਨਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਵਿਜੇ ਸਿੰਗਲਾ ਨੇ 63,323 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ। ਡਾ. ਵਿਜੇ ਸਿੰਗਲਾ ਨੂੰ ਇੱਕ ਲੱਖ (100023) ਤੋਂ ਵੱਧ ਵੋਟਾਂ ਮਿਲੀਆਂ, ਜਦੋਂ ਕਿ ਸਿੱਧੂ ਨੂੰ ਸਿਰਫ਼ 36,700 ਵੋਟਾਂ ਮਿਲੀਆਂ। 2021 ਵਿੱਚ ਸਿੱਧੂ ਮੂਸੇਵਾਲਾ ਦੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ, ਪੰਜਾਬ ਕਾਂਗਰਸ ਦੇ ਮੁਖੀ ਨਵਜੋਤ ਸਿੰਘ ਸਿੱਧੂ ਨੇ ਉਹਨਾਂ ਨੂੰ ਯੂਥ ਆਈਕਨ ਦੱਸਿਆ।

# ਚੰਡੀਗੜ੍ਹ ਨਗਰ ਨਿਗਮ ਦੀ ਮੀਟਿੰਗ 'ਚ ਹੰਗਾਮਾ

## 'ਕਾਂਗਰਸ-ਆਪ' ਕੌਂਸਲਰਾਂ ਨੇ ਏਜੰਡੇ ਦੇ ਪਾੜੇ ਪਰਚੇ



ਚੰਡੀਗੜ੍ਹ ਵਿਚ ਅੱਜ ਨਗਰ ਨਿਗਮ ਦੀ ਮੀਟਿੰਗ ਵਿਚ ਹੰਗਾਮਾ ਹੋ ਗਿਆ। ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇਮੇਅਰ ਹਰਪ੍ਰੀਤ ਕੌਰ ਬਬਲਾ ਦੇ ਵਿਦੇਸ਼ ਦੌਰੇ ਨੂੰ ਲੈ ਕੇ ਘੇਰਨ ਦੀ ਕੋਸ਼ਿਸ਼ ਕੀਤੀ। ਨਾਲ ਹੀ ਉਨ੍ਹਾਂ ਨੇ ਨਿਗਮ ਮੁਲਾਜ਼ਮਾਂ ਨੂੰ ਸਸਪੈਂਡ ਕਰਨ ਖਿਲਾਫ ਆਵਾਜ਼ ਚੁੱਕੀ। ਜਦੋਂ ਮੇਅਰ ਤੇ ਭਾਜਪਾ ਕੌਂਸਲਰਾਂ ਨੇ ਉਨ੍ਹਾਂ ਨੂੰ ਹੰਗਾਮਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਦੋਵੇਂ ਪੱਖਾਂ ਵਿਚ ਕਾਫੀ ਬਹਿਸ ਹੋਈ। ਕਾਂਗਰਸ ਕੌਂਸਲਰਾਂ ਨੂੰ ਸ਼ਾਂਤ ਕਰਾਉਣ ਲਈ ਮੇਅਰ ਬਬਲਾ ਨੇ ਵਿਦੇਸ਼ ਦੌਰੇ ਦੌਰਾਨ ਮਿਲਿਆ ਐਵਾਰਡ ਉਨ੍ਹਾਂ ਨੂੰ ਦਿਖਾਇਆ। ਉਨ੍ਹਾਂ ਕਿਹਾ ਕਿ ਤੁਹਾਡੇ ਸ਼ਹਿਰ ਨੂੰ ਐਵਾਰਡ ਮਿਲਿਆ ਹੈ ਤੇ ਤੁਸੀਂ ਸ਼ਹਿਰ ਦੇ ਨਾਲ ਹੀ ਨਹੀਂ ਹੋ। ਕਾਂਗਰਸ ਤੇ ਆਪ ਕੌਂਸਲਰਾਂ ਨੇ ਏਜੰਡੇ ਦੇ ਮਤੇ ਦੀਆਂ ਕਾਪੀਆਂ ਸਦਨ ਵਿਚ ਫਾੜ ਦਿੱਤੀਆਂ। ਕਾਂਗਰਸ ਕੌਂਸਲਰਾਂ ਨੇ ਨਿਗਮ ਮੁਲਾਜ਼ਮਾਂ ਦਾ ਸ਼ੋਸ਼ਣ ਬੰਦ ਕਰੋ ਲਿਖੇ ਪਰਚੇ ਚੁੱਕੇ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਉਨ੍ਹਾਂ ਨੇ ਮੀਟਿੰਗ ਦੇ ਏਜੰਡੇ ਦੇ ਪੇਪਰ ਫਾੜ ਕੇ ਮੇਅਰ ਵੱਲ ਸੁੱਟ ਦਿੱਤਾ। ਹੰਗਾਮਾ ਜ਼ਿਆਦਾ ਵਧਣ 'ਤੇ ਮੇਅਰ ਨੇ 10 ਮਿੰਟ ਲਈ ਮੀਟਿੰਗ ਨੂੰ ਮੁਲਤਵੀ ਕਰ ਦਿੱਤਾ।

# ਪੰਜਾਬ 'ਚ ਲਾਲ ਲਕੀਰ ਦੇ ਅੰਦਰ ਰਹਿਣ ਵਾਲਿਆਂ ਲਈ ਖੁਸ਼ਖਬਰੀ



ਚੰਡੀਗੜ੍ਹ: ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਲਾਲਜੀਤ ਸਿੰਘ ਭੁੱਲਰ ਨੇ ਤਰਨਤਾਰਨ ਜ਼ਿਲ੍ਹੇ ਤੋਂ 'ਮੇਰਾ ਘਰ, ਮੇਰਾ ਮਾਣ' ਸਕੀਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਲਾਲ ਲਕੀਰ ਦੇ ਅੰਦਰ ਆਉਂਦੀ ਜ਼ਮੀਨ, ਜਾਇਦਾਦ ਦੇ ਮਾਲਕਾਨਾ ਹੱਕ ਪ੍ਰਾਪਤ ਕਰਨ ਵਾਲੇ ਹਲਕਾ ਤਰਨਤਾਰਨ ਦੇ 11 ਪਿੰਡਾਂ ਦੇ ਲਾਭਪਾਤਰੀਆਂ ਨੂੰ ਪ੍ਰਾਪਰਟੀ ਕਾਰਡ ਵੰਡੇ। ਇਸ ਮੌਕੇ ਹਲਕਾ ਇੰਚਾਰਜ ਤਰਨਤਾਰਨ ਹਰਮੀਤ ਸਿੰਘ ਸੰਧੂ, ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਐੱਸਡੀਐੱਮ ਤਰਨਤਾਰਨ ਗੁਰਮੀਤ ਸਿੰਘ ਅਤੇ ਜ਼ਿਲ੍ਹਾ ਮਾਲ ਅਫ਼ਸਰ ਤਰਨਤਾਰਨ ਗੁਰਪ੍ਰੀਤ ਸਿੰਘ ਵਿੱਲੋਂ ਤੋਂ ਇਲਾਵਾ ਹੋਰ ਪਤਵੰਤੇ ਅਤੇ ਵੱਖ-ਵੱਖ ਪਿੰਡਾਂ ਤੋਂ ਆਏ ਲਾਭਪਾਤਰੀ ਵੀ ਹਾਜ਼ਰ ਸਨ। ਇਸ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਉਨ੍ਹਾਂ ਦੀ ਸੰਪਤੀ ਦੇ ਅਧਿਕਾਰ ਵੰਡ ਰਹੇ ਹਾਂ। ਉਨ੍ਹਾਂ ਕਿਹਾ ਕਿ ਅੱਜ ਤਰਨਤਾਰਨ ਤੋਂ ਸ਼ੁਰੂ ਹੋਈ ਮੇਰਾ ਘਰ, ਮੇਰਾ ਮਾਣ ਮੁਹਿੰਮ ਸੂਬੇ ਵਿਚ ਨਵੀਂ ਕ੍ਰਾਂਤੀ ਲੈ ਕੇ ਆਵੇਗੀ। ਉਨ੍ਹਾਂ ਕਿਹਾ ਕਿ ਇਸ ਸਕੀਮ ਨੂੰ ਰਾਜ ਵਿਚ ਮਿਸ਼ਨ ਮੋਡ 'ਚ ਲਾਗੂ ਕੀਤਾ ਜਾ ਰਿਹਾ ਹੈ, ਇਹ ਸਕੀਮ ਦਸੰਬਰ 2026 ਤੱਕ ਰਾਜ ਭਰ ਵਿਚ ਲਾਗੂ ਕਰ ਦਿੱਤੀ ਜਾਵੇਗੀ। ਇਸ ਮੌਕੇ ਹਾਜ਼ਰ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਪ੍ਰਾਪਰਟੀ ਕਾਰਡ ਤੁਹਾਡੀ ਜ਼ਮੀਨ 'ਤੇ ਤੁਹਾਡੇ ਮਾਲਕੀ ਦੇ ਹੱਕਾਂ ਦਾ ਇਕ ਸਪੱਸ਼ਟ, ਡਿਜੀਟਲ ਅਤੇ ਸਰਕਾਰੀ ਰਿਕਾਰਡ ਹੋਵੇਗਾ। ਹੁਣ ਕਿਸੇ ਨੂੰ ਇਹ ਨਹੀਂ ਕਹਿਣਾ ਪਏਗਾ ਕਿ ਤੁਹਾਡੇ ਕੋਲ ਜ਼ਮੀਨ ਦਾ ਸਬੂਤ ਨਹੀਂ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
NUTRA SELECT
AJWA DATE FRESH SEED POWDER
100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।

ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।

ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।

ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton

ਸਾਡੀ ਕੰਪਨੀ ਨਿਊਟਰਾ ਸਲੇਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੇਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.

Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਲੱਗੀ ਵਾਲੇ ਕਦੇ ਨਹੀਂ ਸੌਂਦੇ ਤੇਰੀ ਕਿਵੇਂ ਅੱਖ ਲੱਗ ਗਈ ਪੰਜਾਬ ਸਿਆਂ ?






ਜਦੋਂ ਮਨੁੱਖ ਨੂੰ ਖ਼ਤਮ ਕਰਨਾ ਹੁੰਦਾ ਹੈ ਤਾਂ ਉਸ ਦਾ ਅੰਨ ਪਾਣੀ ਬੰਦ ਕਰ ਦਿੱਤਾ ਜਾਂਦਾ ਹੈ। ਉਸ ਨੂੰ ਗੋਲੀ ਨਾਲ ਮਾਰਨ ਦੀ ਵਜਾਏ ਪਲ ਪਲ ਮਰਨ ਲਈ ਛੱਡ ਦਿੱਤਾ ਜਾਂਦਾ ਹੈ। ਇਹ ਹਥਿਆਰ ਪਿਛਲੇ ਸਮਿਆਂ ਤੋਂ ਵਰਤਿਆ ਜਾ ਰਿਹਾ ਹੈ। ਨੋਟ ਬੰਦੀ, ਜੀਐਸਟੀ, ਕਰੋਨਾ ਦੌਰ , ਹੜ੍ਹ, ਰੇਤ ਤੇ ਭਈਆ ਬੈਠਨ ਇਹ ਹਥਿਆਰ ਵਜੋਂ ਵਰਤੇ ਗਏ ਹਨ । ਹੁਣ ਤੁਹਾਨੂੰ ਬੂਟਾਂ ਤੇ ਸੰਗੀਨਾਂ ਦੇ ਹਵਾਲੇ ਕਰ ਦਿੱਤਾ ਹੈ। ਬਹਾਨਾ ਅਮਨ ਕਾਨੂੰਨ ਤੇ ਸ਼ਾਂਤੀ ਬਣਾਈ ਰੱਖਣ ਦਾ ਹੈ। ਤੁਹਾਨੂੰ ਆਰਥਿਕ ਤੌਰ ਕਮਜ਼ੋਰ ਕਰਨ ਲਈ ਇਹ ਸਭ ਕੁੱਝ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਅਸੀਂ ਇੱਕ ਦੂਜੇ ਦੀਆਂ ਲੱਤਾਂ ਖਿੱਚਣ ਤੇ ਪੱਗਾਂ ਉਤਾਰ ਕੇ ਖ਼ੁਸ਼ ਹੁੰਦੇ ਹਾਂ। ਜਿਹੜੀ ਥਾਂ ਤੇ ਲੋਕਾਂ ਦੇ ਭਵਿੱਖ ਲਈ ਨਵੇਂ ਰਾਹ ਲੱਭਣੇ ਹਨ, ਉਸ ਥਾਂ ਨੂੰ ਇੱਕ ਦੂਜੇ ਦੇ ਗਲੀਆਂ ਵਿੱਚ ਲੜ ਰਹੀਆਂ ਤੀਵੀਂਆਂ ਦੀ ਲੜਾਈ ਬਣਾ ਲਿਆ ਹੈ। ਲੋਕ ਤਮਾਸ਼ਾ ਤੱਕਦੇ ਰਹੇ, ਉਹ ਇੱਕ ਦੂਜੇ ਦੇ ਖਿਲਾਫ਼ ਮੇਹਣੋਂ ਮੇਹਣੀ ਹੁੰਦੇ ਹੋਏ, ਖ਼ੁਸ਼ ਹਨ। ਕਿਉਂਕਿ ਚੋਰ ਤਾਂ ਸਾਰੇ ਹੀ ਹਨ। ਮੂਰਖ ਲੋਕ ਹਨ ਜੋ ਇਹਨਾਂ ਵਾਸਤੇ ਲੜਦੇ ਹਨ। ਲੜਨਾ ਇਹਨਾਂ ਵਿਰੁੱਧ ਹੈ ਪਰ ਲੜੀ ਆਪਸ ਵਿੱਚ ਹਨ। ਸੋਚਣ ਦੀ ਲੋੜ ਹੈ ਕਿ ਇਹ ਹੋ ਕੀ ਰਿਹਾ ਹੈ? ਸੋਚੇਗਾ ਕੌਣ, ਕਿਉਂਕਿ ਹਰ ਕਿਸੇ ਦੇ ਗਰਦਨ ਵਿੱਚ ਸਰੀਆ ਹੈ। ਉਹਨਾਂ ਦੀ ਝੁਕਦੀ ਨਹੀਂ ਧੌਣ।

ਸਮਾਂ ਬੜਾ ਬਲਵਾਨ ਹੁੰਦਾ ਐ, ਇਸ ਦਾ ਪਹੀਆ ਚੱਲਦਾ ਰਹਿੰਦਾ ਹੈ। ਜਿਹੜੇ ਸਮੇਂ ਨਾਲ ਉਠਦੇ, ਤੁਰਦੇ ਤੇ ਜ਼ਿੰਦਗੀ ਦੀ ਜੰਗ ਲੜਦੇ ਹਨ, ਉਹੀ ਜਿਉਂਦੇ ਵਸਦੇ ਹਨ। ਬਹੁਗਿਣਤੀ ਮੁਰਦਿਆਂ ਦੀ ਆਬਾਦੀ ਹੁੰਦੀ ਹੈ। ਉਹ ਖਾਣ ਪੀਣ ਲਈ ਜਿਉਂਦੇ ਹਨ, ਜਿਉਂਣ ਲਈ ਨਹੀਂ। ਇਸੇ ਕਰਕੇ ਉਹਨਾਂ ਦੇ ਸੰਵੇਦਨਾ ਮਰ ਜਾਂਦੀ ਹੈ। ਮਰੇ ਤੇ ਡਰੇ ਵਿੱਚ ਕੋਈ ਅੰਤਰ ਨਹੀਂ ਹੁੰਦਾ। ਬਹੁਗਿਣਤੀ ਡਰ ਦੇ ਕਾਰਨ ਚੁੱਪ ਹੈ। ਉਹਨਾਂ ਨੂੰ ਡਰ ਦੇ ਬੋਲੇ ਤਾਂ ਆ ਹੋ ਜਾਵੇਗਾ। ਇਹ ਹੋ ਜਾਵੇਗਾ ਉਹ ਹੋ ਜਾਵੇਗਾ। ਹੋਣਾ ਉਹੀ ਜੋ ਕੁਦਰਤ ਨੂੰ ਮਨਜ਼ੂਰ ਹੈ। ਫਿਰ ਡਰ, ਭੈਅ ਕਾਹਦਾ ਹੈ?

ਇਹ ਅਕਸਰ ਕਿਹਾ ਜਾਂਦਾ ਹੈ ਕਿ "ਚਿੜੀ ਵਿਚਾਰੀ ਕੀ ਕਰੇ, ਠੰਡਾ ਪਾਣੀ ਪੀ ਮਰੇ !" ਭਲਾ ਇਹ ਚਿੜੀ ਹੀ ਕਿਉਂ ਮਰੇ? ਕੋਈ ਉਹ ਬਾਜ਼ ਕਿਉਂ ਨਾ ਮਰਨ? ਜਿਹੜੇ ਇਸ ਨੂੰ ਨੋਚ ਨੋਚ ਖਾ ਰਹੇ ਹਨ? ਪਰ ਅਸੀਂ ਚਾਹੁੰਦੇ ਹੋਏ ਵੀ ਬੋਲਦੇ ਨਹੀਂ। ਸਾਨੂੰ ਘੁੱਟ ਘੁੱਟ ਮਰਨ ਤੇ ਜਰਨ ਦੀ ਆਦਤ ਪਾ ਦਿੱਤੀ ਹੈ। ਆਦਤ ਕਦੇ ਛੁੱਟਦੀ ਨਹੀਂ ਹੁੰਦੀ। ਜੇ ਇਹ ਛੁੱਟ ਜਾਵੇ ਫੇਰ ਵਾਰੇ ਸ਼ਾਹ ਝੂਠਾ ਪੈ ਜੂ।

"ਵਾਰੇ ਸ਼ਾਹ ਨਾ ਜਾਂਦੀਆਂ ਆਦਤਾਂ ਜੀ, ਭਾਵੇਂ ਕੱਟੀਏ ਪੋਰੀਏ ਪੋਰੀਏ ਜੀ !"

ਇਹ ਹਾਲਤ ਸਾਡੀ ਅਚਾਨਕ ਨਹੀਂ ਬਣੀ, ਇਸ ਵਿੱਚ ਹੋਰਨਾਂ ਨਾਲੋਂ ਬਹੁਤਾ ਸਾਡਾ ਹੀ ਕਸੂਰ ਹੈ ਕਿਉਂਕਿ ਅਸੀਂ "ਇਕ ਚੁੱਪ ਸੌ ਸੁੱਖ" ਵਾਲੀ ਸੋਚ ਉਤੇ ਪਹਿਰਾ ਦਿੱਤਾ ਹੈ। ਪਰ ਇਹ ਪਹਿਰਾ ਹੀ ਸਾਡੇ ਲਈ ਕਹਿਰ ਬਣ ਗਿਆ। ਕਹਿਰ ਤੇ ਜ਼ਹਿਰ ਸਾਡੇ ਰਿਸ਼ਤਿਆਂ ਤੱਕ ਪੁਜ ਗਿਆ। ਦੇਸ਼ ਤੇ ਸਮਾਜ ਦੇ ਅੰਦਰ ਜਿਸ ਤਰ੍ਹਾਂ ਦੇ ਹਾਲਾਤ ਬਣਾਏ ਜਾ ਰਹੇ ਹਨ, ਇਹਨਾਂ ਹਾਲਤਾਂ ਵਿੱਚ ਹਰਿਕ ਦਾ ਦਮ ਘੁੱਟ ਰਿਹਾ ਹੈ। ਜਿਸ ਦੇ ਕੋਲ ਤਾਂ ਤਾਕਤ ਤੇ ਸਾਧਨ ਹਨ,ਉਹ ਤਾਂ ਵਿਦੇਸ਼ ਵੱਲ ਉਡਾਰੀ ਮਾਰ ਰਹੇ ਹਨ। ਜਿਹਨਾਂ ਕੋਲ ਸਾਧਨ ਨਹੀਂ ਉਹ ਤੜਪ ਰਹੇ ਹਨ। ਅਸੀਂ ਅਕਸਰ ਇਹ ਕਹਿ ਕਿ ਚੁੱਪ ਕਰ ਜਾਂਦੇ ਹਾਂ ਕਿ" ਜਿਥੇ ਦਾਣਾ ਉਥੇ ਜਾਣਾ.!" ਕੀ ਇਹ ਗੱਲ ਸੱਚ ਹੈ ? ਕੀ ਪਰਵਾਸ ਹੈ ਕਰਨਾ ਜ਼ਰੂਰੀ ਹੈ ਜਾਂ ਮਜਬੂਰੀ ?

ਜਿਹਨਾਂ ਦੇ ਕੋਲ ਪੂੰਜੀ ਦੀ ਤਾਕਤ ਨਹੀਂ ਉਹ ਇਸ ਦਮ-ਘੋਟੂ ਪੌਣ-ਪਾਣੀ ਵਿਚ ਮਰਨ ਲਈ ਤੜਫ਼ ਰਹੇ ਹਨ ਤੇ ਪਲ ਪਲ ਮਰ ਰਹੇ ਹਨ..ਸਲੋਅ ਡੈੱਥ... ਜਿਹੜਾ ਕੋਈ ਇਸ ਦਮ-ਘੋਟੂ ਵਾਤਾਵਰਣ ਵਿੱਚ ਸਿਰ ਬਾਹਰ ਕੱਢ ਕੇ ਸਾਹ ਲੈਣ ਦੀ ਕੋਸ਼ਿਸ਼ ਕਰਦਾ ਹੈ, ਉਸ ਦਾ ਸਿਰ ਫੇਹ ਦਿੱਤਾ ਜਾਂਦਾ ਹੈ।ਆਮ ਲੋਕ ਤਾਂ ਡਰਦੇ ਬੋਲਦੇ ਨਹੀਂ, ਉਹਨਾਂ ਨੂੰ ਪੁਜਾਰੀਵਾਦ ਨੇ ਨਰਕ ਸਵਰਗ ਦਾ ਡਰ ਪਾਇਆ ਹੋਇਆ ਹੈ ਪੁਜਾਰੀ ਆਖਦੇ ਹਨ, ਮਰਨਾ ਸੱਚ ਤੇ ਜਿਉਣਾ ਝੂਠ ਹੈ ਪਰ ਸੱਚ ਦੋਵੇਂ ਹਨ। ਜਿਉਣਾ ਵੀ ਤੇ ਮਰਨਾ ਵੀ ਕੋਈ ਵੀ ਸੱਚ ਪੂਰਾ ਨੀ ਹੁੰਦਾ। ਸ਼ੁੱਧ ਸੋਨੇ ਦਾ ਗਹਿਣਾ ਨੀ ਬਣਦਾ...ਪਰ ਇਥੇ ਨਾਲੋਂ ਵੱਡਾ ਨਰਕ ਹੋਰ ਕੋਈ ਨਹੀਂ ਹਰ ਰੋਜ਼ ਪੁਜਾਰੀ ਵਰਗ ਸਵਰਗ ਜਾਣ ਦੇ ਰਸਤੇ ਤਾਂ ਦੱਸਦੇ ਹਨ ਪਰ ਇਸ ਜੀਵਨ ਨੂੰ ਨਰਕ ਕਿਹੜੀਆਂ ਤਾਕਤਾਂ ਨੇ ਬਣਾਇਆ ਚੁੱਪ ਹਨ। ਧਰਮ ਸੱਤਾ ਦੀ ਤਾਕਤ ਦਾ ਉਹ ਜ਼ਹਿਰ ਹੈ ਜੋ ਬਚਪਨ ਤੋਂ ਹੀ ਤੁਪਕਾ ਤੁਪਕਾ ਪਲਾਇਆ ਜਾਂਦਾ ਹੈ। ਜਿਹੜੇ ਸੱਤਾ ਦੇ ਦਲਾਲ ਬੋਲਦੇ ਵੀ ਹਨ, ਉਹ 'ਸੱਤਾ' ਦੇ ਸੋਹਿਲੇ ਗਾ ਰਹੇ ਹਨ। ਜਸ਼ਨ ਮਨਾ ਰਹੇ ਹਨ। ਢੋਲੇ ਦੀਆਂ ਲਾ ਰਹੇ ਹਨ। ਕਿਹੋ ਜਿਹੇ ਸਮੇਂ ਆ ਗਏ ਹਨ।

ਸਮਾਜ ਦੇ ਹਰ ਵਰਗ ਦੇ ਵਿੱਚ 'ਗੜਵਈਆਂ' ਤੇ 'ਝੋਲੀ-ਚੱਕ' ਚਾਕਰਾਂ ਦੀ ਫ਼ੌਜ ਵਿੱਚ ਵਾਧਾ ਹੋ ਰਿਹਾ ਹੈ। ਸਿਹਰੇ ਪੜ੍ਹਨ ਤੇ ਲਿਖਣ ਵਾਲਿਆਂ ਵੱਲ ਲੋਕਾਈ ਇਉਂ ਝਾਕਦੀ ਹੈ ਜਿਵੇਂ ਬੋਕ ਤੁੱਕਿਆ ਵੱਲ ਝਾਕਦਾ ਹੁੰਦਾ ਹੈ। ਲੋਕਾਂ ਨੂੰ ਲੁੱਟਣ ਤੇ ਕੁੱਟਣ ਦੀਆਂ ਨਿੱਤ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਲੋਕਾਂ ਨੂੰ ਅਗਲੇ ਜਨਮ ਦੇ ਰਸਤੇ ਦਿਖਾਉਣ ਤੇ ਸਮਝਾਉਣ ਦੇ ਲਈ 'ਆਸਥਾ' ਦਾ ਢੋਲ ਵਜਾਇਆ ਜਾ ਰਿਹਾ ਹੈ। ਸਵਰਗ ਨਰਕ ਦੀਆਂ ਕਥਾਵਾਂ ਦੇ ਰਾਹੀਂ ਡਰੇ ਹੋਇਆਂ ਨੂੰ ਹੋਰ ਡਰਾਇਆ ਜਾ ਰਿਹਾ ਹੈ।

ਮਨੁੱਖ ਨੇ ਜਿਉਣਾ ਕਿਵੇਂ ਹੈ? ਇਸ ਬਾਰੇ ਨਹੀਂ ਸਗੋਂ 'ਸਵਰਗ' ਵਿੱਚ ਕਿਵੇਂ ਜਾਣਾ ਹੈ, ਇਸ ਦੇ 'ਗੁਰ' ਸਿਖਾਏ ਜਾ ਰਹੇ ਹਨ। ਘਰਾਂ ਦੇ ਅੰਦਰ ਤੇ ਬਾਹਰ 'ਸਵਰਗ' ਦੇ ਦਲਾਲਾਂ ਨੇ ਆਪਣੀਆਂ 'ਮੰਜੀਆਂ' ਟਿਕਾਈਆਂ ਹੋਈਆਂ ਨੇ, ਜਿਹੜੇ ਚੌਵੀ ਘੰਟੇ ਸਵਰਗ 'ਚ ਜਾਣ ਦੇ ਰਸਤਿਆਂ ਦਾ ਵਿਖਿਆਨ ਕਰਦੇ ਹਨ। 'ਮੌਤ' ਦਾ ਡਰ ਲੋਕਾਂ ਦੇ ਮਨਾਂ ਵਿੱਚ ਭਰਿਆ ਜਾ ਰਿਹਾ ਹੈ। ਪਰ 'ਮੌਤ' ਤੋਂ ਕਿਵੇਂ ਬਚਣਾ ਹੈ? ਇਸ ਦੀ ਕਿਸੇ ਵੀ 'ਗੁਰੂ' ਕੋਲ 'ਗਿੱਦੜ-ਸਿੰਗੀ' ਨਹੀਂ।ਇਸੇ ਲਈ ਅਸੀਂ ਨਰਕ ਦੀ ਜ਼ਿੰਦਗੀ ਵਰਤਮਾਨ ਵਿੱਚ ਜਿਊਂਦੇ ਹਾਂ। ਜਿਹੜੀ ਉਨ੍ਹਾਂ ਨੂੰ ਮੌਤ ਦੇ ਝੂਟੇ ਨਿੱਤ ਦਿਵਾਉਂਦੀ ਹੈ ਪਰ ਮੌਤ ਤੋਂ ਬਚਾਉਂਦੀ ਨਹੀਂ। ਲੋਕਾਂ ਨੂੰ ਨਿੱਤ ਮਰਨ ਦੀ ਆਦਤ ਨੇ ਉਨ੍ਹਾਂ ਵਿੱਚ ਜ਼ਿੰਦਗੀ ਨੂੰ ਕਿਵੇਂ ਜਿਉਣਾ ਹੈ, ਦੇ ਅਰਥ ਹੀ ਬਦਲ ਦਿੱਤੇ ਹਨ। ਇਸੇ ਕਰਕੇ ਅਸੀਂ ਨਰਕ ਦੀ ਜ਼ਿੰਦਗੀ ਬਣਾਉਣ ਵਾਲੇ ਅਜੋਕੇ ਰਾਖਸ਼ਾਂ ਦੇ ਬੂਹਿਆਂ 'ਤੇ ਧਰਨੇ ਦੇਣ ਦੀ ਵਜਾਏ, ਅਸੀਂ ਤੀਰਥਾਂ ਦਾ ਭਰਮਣ ਕਰਨ ਲਈ ਵਹੀਰਾਂ ਘੱਤੀ ਜਾ ਰਹੇ ਹਾਂ।

**ਨਾਵਣ ਚੱਲੇ ਤੀਰਥੀ ਤਨ ਖੋਟੇ ਮਨ ਚੋਰ**

ਸਾਡਾ ਜਿਊਣਾ ਦੁੱਭਰ ਕਰਨ ਵਾਲਿਆਂ ਦੀ ਸੰਘੀ ਘੁੱਟਣ ਦੀ ਵਜਾਏ ਅਸੀਂ ਉਹਨਾਂ 'ਸੰਘੀਆਂ' ਦੇ ਸਾਥੀ ਬਣ ਕੇ ਉੱਚੀ ਉੱਚੀ 'ਜੈਕਾਰੇ' ਲਾਉਣ ਦੇ ਆਦੀ ਹੋ ਗਏ ਹਾਂ। ਸਾਡੀ ਇਹ ਆਦਤ ਪੀੜ੍ਹੀ ਦਰ ਪੀੜ੍ਹੀ ਚਲੀ ਆਉਂਦੀ ਹੈ, ਜਿਨ੍ਹਾਂ ਦੇ ਪੈਰਾਂ ਹੇਠ ਬਟੇਰਾ ਆ ਗਿਆ ਹੈ, ਉਹ ਦੂਜਿਆਂ ਨੂੰ ਨਸੀਹਤਾਂ ਦੇਣ ਦੇ ਲਈ 'ਪੁਜਾਰੀ ਤੇ ਵਪਾਰੀ' ਬਣ ਗਏ ਹਨ। ਇਹ ਸ਼ਬਦਾਂ ਦੇ 'ਪੁਜਾਰੀ ਤੇ ਵਪਾਰੀ' 'ਸੱਤਾ' ਦੇ ਇਮਾਨਦਾਰ ਸੇਵਕ' ਹਨ। ਜਿਹੜੇ ਸਰਕਾਰ ਦੀ 'ਕੀਤੀ ਸੇਵਾ' ਨੂੰ ਹੁਣ 'ਲੋਕ ਸੇਵਾ' ਵਿੱਚ ਤਬਦੀਲ ਕਰਨ ਲਈ ਕਦੇ ਚੂਹਿਆਂ ਦੇ ਵਾਂਗ ਕੁਤਰਨ ਲੱਗਦੇ ਹਨ, ਕਦੇ ਲਲਾਰੀ ਦੀ ਦੁਕਾਨ ਵਿੱਚੋਂ ਰੰਗ ਚੁਰਾ ਕੇ 'ਸ਼ੇਰ' ਬਣ ਰਹੇ ਹਨ। ਉਨ੍ਹਾਂ ਦਾ ਹਰ ਸਰਕਾਰਾਂ ਵਿੱਚ ਕਰੂਰਾ ਰਲਦਾ ਹੈ। ਇਸੇ ਕਰਕੇ ਉਨ੍ਹਾਂ ਦੀ ਝਿੜਕ ਦਾ ਕੋਈ ਬੁਰਾ ਨਹੀਂ ਮਨਾਉਂਦਾ।

ਇਹੀ ਲੋਕ ਜਦੋਂ ਕੁਰਸੀਆਂ ਉਤੇ ਸਨ ਤਾਂ ਇਨ੍ਹਾਂ ਨੇ ਕਿਸੇ ਨੂੰ ਵੀ ਆਪਣੇ ਲਵੇ ਨੀ ਲੱਗਣ ਦਿੱਤਾ ਤੇ ਕਿਸੇ ਨੂੰ 'ਕਿਰਤ ਦੇ ਲੜ' ਨਹੀਂ ਲਾਇਆ, ਸਗੋਂ ਖਾਦਿਆਂ ਦੇ ਮੂੰਹਾਂ ਵਿੱਚੋਂ ਬੁਰਕੀਆਂ ਵੀ ਖੋਂਹਦੇ ਰਹੇ ਹਨ। ਖੋਹ ਕੇ ਖਾਣ ਦੀ ਆਦਤ ਨੇ ਇਨ੍ਹਾਂ ਨੂੰ 'ਸਤਾ' ਦੇ ਆੜ੍ਹਤੀਏ ਬਣਾ ਦਿੱਤਾ ਹੈ। ਇਨ੍ਹਾਂ ਆੜ੍ਹਤੀਆਂ ਨੂੰ ਨਾ ਤਾਂ ਉਤਪਾਦਕਾਂ ਦਾ ਤੇ ਨਾ ਹੀ ਖਪਤਕਾਰਾਂ ਦਾ ਕੋਈ ਫਿਕਰ ਨਹੀ ਹੁੰਦਾ । ਇਹ ਤਾਂ ਦੋਵੇਂ ਹੱਥੀਂ ਲੁੱਟਦੇ ਹਨ ਤੇ ਆਪਣੇ ਹੱਥ ਰੰਗਦੇ ਹਨ।

ਸੱਤਾ ਦੇ ਦਲਾਲਾਂ ਨੇ ਸਾਨੂੰ ਕਿਰਤੀ ਤੋਂ ਭਿਖਾਰੀ ਬਣਾ ਕੇ ਰੱਖ ਦਿੱਤਾ। ਅਸੀਂ ਆਟਾ-ਦਾਲ ਲੈਣ ਦੇ ਲਈ ਲਾਈਨਾਂ ਵਿੱਚ ਖੜੇ ਇੱਕ ਦੂਜੇ ਦੇ ਪੈਰ ਮਿੱਧਦੇ ਹਾਂ। ਅਸੀਂ ਭਿਖਾਰੀ ਬਨਣ ਦੇ ਲਈ ਤਾਂ ਜੰਗ ਲੜਦੇ ਹਾਂ ਪਰ ਕਿਰਤ ਦੇ ਲਈ ਚੁੱਪ ਹਾਂ। ਸੱਤਾ ਦੇ ਵਪਾਰੀ, ਅਧਿਕਾਰੀ, ਪੁਜਾਰੀ ਤੇ ਲਿਖਾਰੀ ਰਲ ਮਿਲ ਕੇ ਸਾਨੂੰ ਦੰਦ-ਹੀਣ ਕਰ ਰਹੇ ਹਨ। ਅਸੀਂ ਮਿੱਟੀ ਖਾਣੇ ਸੱਪ ਬਣੇ ਸੱਤਾ ਦੀ ਬੀਨ ਅੱਗੇ ਭੁੱਖ ਦਾ ਤਾਂਡਵ ਨਾਚ ਕਰ ਰਹੇ ਹਾਂ। ਜਿਹੜੇ ਸੱਤਾ ਦੇ ਦਲਾਲ ਸਾਰੀ ਉਮਰ ਭ੍ਰਿਸ਼ਟ ਰਹੇ ਹਨ, ਉਹ ਹੁਣ ਦੂਜਿਆਂ ਨੂੰ ਹੱਥ ਸਾਫ਼ ਕਰਕੇ ਰੱਖਣ ਲਈ 'ਹੁਕਮਨਾਮਾ' ਜਾਰੀ ਕਰਦੇ ਹਨ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ 'ਹੁਕਮ' ਤਾਂ ਬਹੁਤ ਦੇਰ ਪਹਿਲਾਂ ਹੋ ਗਿਆ ਸੀ,

**ਹੁਕਮ ਅੰਦਰਿ ਸਭ ਕੋਇ, ਬਾਹਰ ਹੁਕਮ ਨਾ ਕੋਇ ॥**

ਜਦੋਂ ਧਰਤੀ ਹੋਂਦ ਵਿੱਚ ਆਈ ਸੀ, ਮਨੁੱਖ ਦਾ ਜਨਮ ਹੋਇਆ, ਉਸਨੇ ਵਿਕਾਸ ਕੀਤਾ। ਇਸ ਵਿਕਾਸ ਨੂੰ ਵਿਨਾਸ਼ ਦੇ ਰਸਤੇ ਤੋਰਨ ਲਈ ਸ਼ੈਤਾਨਾਂ ਨੇ ਧਰਮ, ਜਾਤ ਤੇ ਫਿਰਕੇ ਬਣਾ ਲਏ। ਪ੍ਰਚਾਰ ਲਈ ਪੁਜਾਰੀ, ਗ੍ਰੰਥੀ, ਉਸਤਾਦ ਗੁਰੂ ਤੇ ਆਸ਼ਰਮ ਖੋਲ੍ਹੇ। ਇਨ੍ਹਾਂ ਆਸ਼ਰਮਾਂ ਦੇ ਵਿੱਚ ਮਨੁੱਖ ਨੂੰ ਇਨਸਾਨ ਬਣਾਉਣ ਦਾ ਪਾਠ ਨਹੀਂ ਸਗੋਂ ਡਰ ਦਾ ਪਾਠ ਪੜ੍ਹਾਇਆ ਗਿਆ ਤੇ ਪੜ੍ਹਾਇਆ ਜਾ ਰਿਹਾ ਹੈ। ਫੇਰ ਲੋਕਾਂ ਨੂੰ ਅਗਲੇ ਪਿਛਲੇ ਜਨਮਾਂ ਦੇ ਕਰਮਾਂ ਵਿੱਚ ਉਲਝਾਇਆ ਗਿਆ।

ਧਰਮ ਦੇ ਪੁਜਾਰੀਆਂ ਨੇ ਲੋਕਾਂ ਨੂੰ ਏਨਾ ਕੁੱਟਿਆ, ਲੋਕਾਂ ਦੇ ਮਨਾ ਅੰਦਰ ਨਰਕ-ਸਵਰਗ' ਦਾ ਡਰ 'ਘਰ' ਕਰ ਗਿਆ। ਜਿਹੜੀ ਵਸਤੂ ਘਰ ਵਿੱਚ ਤਬਦੀਲ ਹੋ ਜਾਵੇ ਉਸ ਤੋਂ ਖਹਿੜਾ ਛੁਡਾਉਣਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਹਰ ਮਨੁੱਖ ਆਪਣੇ ਘਰ ਦੇ ਨਾਲ ਅੰਦਰੋਂ ਜੁੜਿਆ ਹੁੰਦਾ ਹੈ। ਜੁੜੇ ਹੋਏ ਨੂੰ ਤੋੜਣਾ ਬਹੁਤ ਔਖਾ ਹੈ, ਪਰ ਅਸੀਂ 'ਡਰ' ' ਦੇ ਵਿਚ ਜਿਊਣ ਦੇ ਲਈ ਸਦੀਆਂ, ਯੁੱਗਾਂ ਤੇ ਯੁੱਗਾਤਰਾਂ ਤੋਂ ਆਦੀ ਹੋ ਗਏ ਹਾਂ।

ਅਸੀਂ ਉਸ 'ਯੁਗਾਂਤਰ' ਨੂੰ ਹੀ ਨਹੀਂ ਸਗੋਂ ਗਦਰੀਆਂ ਨੂੰ ਵੀ ਭੁੱਲ ਗਏ ਹਾਂ, ਜਿਨ੍ਹਾਂ ਨੇ ਸਾਡੀ ਗੁਲਾਮੀ ਨੂੰ ਗਲੇ ਵਿੱਚੋਂ ਉਤਾਰਨ ਦੇ ਲਈ 'ਗਦਰ' ਦੀ ਨੀਂਹ ਰੱਖੀ ਸੀ। ਦੇਸ਼ ਵਿੱਚ 'ਗਦਰ' ਮਚਾਇਆ, ਪਰ ਅਸੀਂ ਸਭ ਨੂੰ ਭੁੱਲ ਗਏ ਹਾਂ । ਇਸੇ ਕਰਕੇ ਅਸੀਂ ਹਰ ਪਲ ਮਰਨ ਦੀ ਜੂਨ ਭੋਗ ਰਹੇ ਹਾਂ। ਅਸੀਂ ਜੰਗਲ ਵਿੱਚ ਲੱਗੀ ਅੱਗ ਨੂੰ ਬੁਝਾਉਣ ਵਾਲੀ 'ਚਿੜੀ' ਦੇ ਸਾਥੀ ਨਹੀਂ ਬਣੇ, ਸਗੋਂ ਅਸੀਂ ਮਰਗਿਆਂ ਦੀਆਂ 'ਫਿਲਮਾਂ' ਬਣਾ ਕੇ ਸੋਸ਼ਲ ਮੀਡੀਏ 'ਤੇ ਪਾਉਣ ਵਾਲੇ ਤਮਾਸ਼ਬੀਨ ਬਣ ਗਏ ਹਾਂ। ਹੁਣ ਅਸੀਂ ਬਾਜ਼ਾਂ, ਬਘਿਆੜਾਂ, ਗਿੱਦੜਾਂ, ਲੱਕੜਬੱਗਿਆਂ ਤੇ ਕੁੱਤਿਆਂ ਦੇ ਸਾਥੀ ਬਣ ਗਏ ਹਾਂ। ਇਸੇ ਕਰਕੇ ਇਸ ਸਮੇਂ ਅਸੀਂ ਕਹਿ ਰਹੇ ਹਾਂ ਕਿ 'ਚਿੜੀ' ਵਿਚਾਰੀ ਕੀ ਕਰੇ? ਉਹ ਠੰਢਾ ਪਾਣੀ ਪੀ-ਪੀ ਕੇ ਸਦੀਆਂ ਤੋਂ ਮਰ ਰਹੀ ਹੈ। ਹੁਣ ਅਸੀਂ ਸੋਚਣਾ ਹੈ ਕਿ ਅਸੀਂ ਕਿਹੜੀ ਧਿਰ ਨਾਲ ਖੜਨਾ ਹੈ। ਮਨੁੱਖ ਨੇ ਮਰਨਾ ਤਾਂ ਇੱਕ ਦਿਨ ਅਵੱਸ਼ ਹੀ ਹੈ, ਫਿਰ ਮਰਨ ਦਾ 'ਡਰ' ਕਿਉਂ ਅਸੀਂ ਮੋਢਿਆਂ ਉੱਤੇ ਆਪੋ ਆਪਣੀ 'ਲਾਸ਼' ਚੁੱਕੀ ਫਿਰਦੇ ਹਾਂ? ਲਾਸ਼ਾਂ ਦਾ ਤਾਂ ਅੰਤਿਮ ਸਸਕਾਰ ਹੁੰਦਾ ਹੈ, ਪਰ ਜਿਊਦਿਆਂ 'ਲਾਸ਼ਾਂ' ਦਾ ਸਸਕਾਰ ਕੌਣ ਕਰੇਗਾ? ਇਹ ਬਹੁਤ ਹੀ ਗੰਭੀਰ ਸਵਾਲ ਹੈ, ਜਿਸ ਦੇ ਜਵਾਬ ਲਈ ਸਾਨੂੰ ਹੁਣ ਵਿਚਾਰਾਂ ਦੀ ਜੰਗ ਲੜਣੀ ਪਵੇਗੀ। ਸਿਰ ਜੋੜ ਕੇ ਮੰਥਨ ਕਰਨਾ ਪਵੇਗਾ, ਸ਼ਬਦ ਗੁਰੂ ਨਾਲ ਜੁੜਨਾ ਪਵੇਗਾ।



ਬੁੱਧ ਸਿੰਘ ਨੀਲੋਂ
94643 70823

ਸ਼ਬਦ ਦੇ ਨਾਲ ਜੁੜਣ ਲਈ ਕਿਤਾਬਾਂ ਪੜ੍ਹਨੀਆਂ ਪੈਣਗੀਆਂ ਗਿਆਨ ਹਾਸਲ ਕਰਨਾ ਪਵੇਗਾ। ਗਿਆਨ ਹੀ ਚੇਤਨਾ ਦਾ ਰਸਤਾ ਹੈ ਜੋ ਚਿੰਤਨ ਵੱਲ ਤੁਰਦਾ ਹੋਇਆ ਸੱਚ ਤੇ ਝੂਠ ਦਾ ਨਿਤਾਰਾ ਕਰਦਾ ਹੈ...ਕਿਤਾਬਾਂ ਸਾਨੂੰ ਵਿਚਾਰਧਾਰਾ ਵੱਲ ਤੋਰਦੀਆਂ ਹਨ । ਅਸੀਂ ਚਿੜੀਆਂ ਤੋਂ ਬਾਜ਼ਾਂ ਨੂੰ ਲੜਾਉਣ ਵਾਲੀ ਸ਼ਕਤੀਆਂ ਨੂੰ ਕਿਉਂ ਭੁੱਲ ਗਏ ਹਾਂ? ਜਿਸ ਨੇ ਆਪਣੀ ਜਿੱਤ ਦਾ ਪਰਚਮ 'ਜ਼ਫ਼ਰਨਾਮਾ' ਲਿਖ ਕੇ ਝੁਲਾਇਆ ਸੀ, ਜਿਸ ਨੇ ਦੱਬੀਆਂ ਕੁੱਚਲੀਆਂ ਕੌਮਾਂ ਲਈ 'ਸਰਬੰਸ' ਵਾਰਿਆ ਸੀ, ਪਰ ਅਸੀਂ 'ਸਰਬੰਸ ਬਚਾਉਣ ਤੇ ਵਧਾਉਣ ਲਈ 'ਆਪਣੇ ਹੱਥੀਂ 'ਧੀਆਂ' ਤੇ ਪੁਤਾਂ " ਨੂੰ ਵੇਚੀ ਜਾ ਰਹੇ ਹਾਂ। ਜਿਹੜੀਆਂ ਬਚ ਗਈਆਂ ਹਨ ਉਹ ਚਿੜੀਆਂ ਵਿਦੇਸ਼ਾਂ ਨੂੰ ਉਡ ਰਹੀਆਂ ਹਨ। ਤੇ ਬਾਕੀ ਢਿੱਡ ਦੀ ਅੱਗ ਬੁਝਾਉਣ ਲਈ " ਦੂਜਿਆਂ ਦੀ ਅੱਗ " ਬੁਝਾ ਰਹੀਆਂ ਹਨ, ਕਦੇ ਤੀਜਾ ਨੇਤਰ ਖੋਲ੍ਹ ਕੇ ਦੇਖੋ, ਨੰਗ ਭੁੱਖ ਨੇ ਅਣਖ ਤੇ ਜ਼ਮੀਰ ਕਿਵੇਂ ਮਾਰ ਦਿੱਤੀ ਹੈ...ਅਸੀਂ ਤਾਂ ਅਜੇ ਢਿੱਡ ਦੀ ਭੁੱਖ ਦੀ ਜੰਗ ਨਹੀਂ ਜਿੱਤ ਸਕੇ..ਕਿਉਂਕਿ ਸਾਨੂੰ ਸੱਤਾ ਨੇ ਬੇਬਸ ਤੇ ਲਾਚਾਰ ਬਣਾ ਦਿੱਤਾ ਹੈ ਜਾਂ ਅਸੀਂ ਅਪਣੀ ਸਵੈ ਰੱਖਿਆ ਕਰਨ ਦੀ ਤਾਕਤ ਭੁੱਲ ਗਏ ਹਾਂ ...

ਸਾਡੇ ਪੁਰਖੇ ਤੇ ਕਿਤਾਬਾਂ, ਸ਼ਬਦ ਗੁਰੂ ਆਵਾਜ਼ਾਂ ਮਾਰਦੇ ਰਣ ਵਿੱਚ ਜੂਝਣ ਲਈ ਚਮਕੌਰ ਦੀ ਗੜੀ।

ਹੁਣ ਰੁੱਖ, ਮਨੁੱਖ ਤੇ ਕੁੱਖ ਹੀ ਖਤਰੇ ਵਿਚ ਹਨ। ਹੁਣ ਤਾਂ ਪਲ ਪਲ ਖਤਰਾ ਵੱਧ ਰਿਹਾ ਹੈ ਜੋ ਚਿੜੀਆਂ ਨੂੰ ਹੀ ਨਹੀਂ ਸਗੋਂ ਚਿੜੇ ਵੀ ਖਾ ਰਿਹਾ ਹੈ...ਇਸ ਸਮੇਂ ਹੁਣ ਧਰਤੀ, ਚਿੜੀਆਂ ਤੇ ਧੀਆਂ ਨੂੰ ਕੌਣ ਬਚਾਏਗਾ? ਸੋਚੋ ਤੇ ਵਿਚਾਰੋ ।

ਜੰਗ ਦਾ ਬਿਗੁਲ ਵੱਜ ਗਿਆ ਹੈ
ਭੁੱਖ ਦਾ ਮੈਦਾਨ ਸਜ ਗਿਆ ਹੈ
ਬਘਿਆੜ ਸ਼ਹਿਰ ਵੱਲ ਵੱਧ ਰਿਹਾ ਹੈ
ਹੁਣ ਮਿੱਤਰੋ !
ਡਰ ਦੀ ਬੁੱਕਲ ਉਤਾਰ ਦਿਓ
ਆਪਣੀ " ਮੈਂ " ਨੂੰ ਮਾਰ ਦਿਓ
ਮੂੰਹ ਤੋਂ ਮਖੌਟੇ ਉਤਾਰ ਦਿਓ..

ਕੌਣ ਉਤਾਰੇਗਾ ਡਰ ਦਾ ਭਾਰ ? ਚਿੜੀਆਂ ਨੇ ਬਾਜ਼ ਦਿੱਤਾ ਮਾਰ !

ਹੁਣ ਚਿੜੀ ਵਿਚਾਰੀ ਨਹੀਂ ....ਪਰ...ਉਹ ਮਾਈ ਭਾਗੋ ਨੀ...ਬਣੀ....ਲੋੜ.ਹੈ ਜੰਗ ਚਮਕੌਰ ਦੀ.... ਪਛਾਣ ਕਰੋ... ਪਹਾੜੀ ਰਾਜਿਆਂ ਦੀ ਜੋ ਹੁਣ ਭੇਸ ਵਟਾ ਕੇ...ਮਾਰ ਰਹੇ ਹਨ....ਤੁਹਾਨੂੰ ਘਰ ਛੱਡਕੇ ਭੱਜਣ ਲਈ ਮਜਬੂਰ ਕਰ ਰਹੇ ਹਨ...ਸਾਡਾ ਤਾਂ ਡਾਂਗ ਉਤੇ ਡੇਰਾ ਸੀ... ਕਦੇ ਸਰਾਣੇ ਬਾਂਹ ਰੱਖ ਕੇ ਨੀ ਸੀ ਸੁੱਤੇ, ਤੇਰੀ ਕਿਵੇਂ ਅੱਖ ਲੱਗ ਗਈ ਤੇ ਖੇਤ ਤੇ ਘਰ ਲੁਟੇਰੇ ਪਹਾੜੀਆਂ ਨੇ ਲੁੱਟ ਲਿਆ, ਘਰ ਦੇ ਭੇਤੀ ਨੇ ਤੇਰੀ ਲੰਕਾ ਉਜਾੜ ਦਿੱਤੀ! ਹੁਣ ਇਹ ਨਾ ਕਹੋ ਕਿ ਚਿੜੀ ਵਿਚਾਰੀ ਕੀ ਕਰੇ ਸਗੋ ਕਹੋ। ਚਿੜੀਓ ਬਾਜ਼ ਬਣ ਜਾਓ। ਚਿੜੀਆਂ ਨੂੰ ਉਡਾਰੀ ਭਰਨ ਦਿਓ!

CANADIAN TRUCK TRAINING CENTRE






ਹਰਪਾਲ ਸਿੰਘ ਮਾਨ

ਤਸੱਲੀਬਕਸ਼
ਸੇਵਾਵਾਂ ਲਈ

*ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
*ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487

Need to refinance or payout an existing mortgage?

WE'VE SOLUTION FOR ALL YOUR MORTGAGE NEEDS

# ਸੰਨ 1984 ਵਿੱਚ ਦਿੱਤੇ ਫਾਈਨਲ ਪੇਪਰ

ਸੰਨ 1984 ਦੀ ਗੱਲ ਹੈ ਉਦੋਂ ਮੇਰੇ ਵੱਡੇ ਵੀਰ ਸਤਿਕਾਰਯੋਗ ਸਰਦਾਰ ਇਕਬਾਲ ਸਿੰਘ ਲੋਹਾਮ ਜੀ ਦੀ ਪ੍ਰੇਰਨਾ ਸਦਕਾ, ਮੈਂ ਬੀਐਸਸੀ ਦੇ ਵਿੱਚ ਦਾਖਲਾ ਲਿਆ ਸੀ ਤੇ ਫਾਈਨਲ ਵਿਭਾਗ ਵਿੱਚ ਪੜ੍ਹਦਾ ਸੀ। ਮੇਰਾ ਇੱਕੋ ਹੀ ਟੀਚਾ ਸੀ ਕਿ ਦੱਬ ਕੇ ਪੜਾਈ ਕਰਨੀ ਹੈ, ਸਮਾਂ ਬਰਬਾਦ ਨਹੀਂ ਕਰਨਾ ਤੇ ਫਾਲਤੂ ਦੇ ਕੰਮ ਨਹੀਂ ਕਰਨੇ। ਘਰ ਦੇ ਕੰਮ ਵੀ ਘੱਟ ਕਰਦਾ ਸੀ ਤਾਂ ਜੋ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਪੂਰਾ ਮਨ ਪੜ੍ਹਾਈ ਵੱਲ ਲਗਾਇਆ ਹੋਇਆ ਸੀ। ਡੀਐਮ ਕਾਲਜ ਮੋਗਾ ਵਿੱਚ ਕਰੀਬ ਸਵੇਰੇ ਅੱਠ ਤੋਂ ਤਿੰਨ ਵਜੇ ਤੱਕ ਸਾਰੇ ਪੀਰੀਅਡ ਲੱਗ ਜਾਂਦੇ ਸਨ। ਮੇਰਾ ਆਰਟਸ ਗਰੁੱਪ ਵਾਲਿਆਂ ਨਾਲੋਂ ਵੱਧ ਸਮਾਂ ਲੱਗਦਾ ਸੀ। ਕਾਲਜ ਵਿੱਚ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਨੋਟਿਸ ਬੋਰਡ ਦੇਖਦੇ ਸੀ ਤੇ ਫਿਰ ਕਲਾਸਾਂ ਲਗਾਉਣ ਚਲਾ ਜਾਂਦਾ ਸੀ। ਮੇਰੇ ਫਿਜਿਕਸ, ਕੈਮਿਸਟਰੀ, ਮੈਥ ਅਤੇ ਇੰਗਲਿਸ਼ ਪੀਰੀਅਡ ਲੱਗਦੇ ਸਨ। ਅੰਗਰੇਜੀ ਦੇ ਹਫਤੇ ਵਿੱਚ ਸਿਰਫ ਦੋ ਪੀਰੀਅਡ ਹੀ ਲੱਗਦੇ ਸਨ ਤੇ ਸਾਰਾ ਜੋਰ ਬਾਕੀ ਦੇ ਸਾਇੰਸ ਵਿਸ਼ਿਆਂ ਤੇ ਲਗਾਇਆ ਜਾਂਦਾ ਸੀ। ਰੋਜਾਨਾ ਹੀ ਸਾਰੇ ਪੀਰੀਅਡ ਲੱਗਦੇ ਸਨ। ਸਾਰੇ ਪ੍ਰੋਫੈਸਰ ਸਾਹਿਬਾਨ ਬਹੁਤ ਹੀ ਤਜਰਬੇਕਾਰ ਤੇ ਮਿਹਨਤੀ ਸਨ ਅਤੇ ਸਮੇਂ ਸਿਰ ਆਪਣਾ ਸਲੇਬਸ ਮੁਕਾ ਲੈਂਦੇ ਸਨ। ਆਖਰੀ ਸਾਲ ਸੀ, ਮੈਂ ਪਹਿਲਾਂ ਦੱਬ ਕੇ ਕਾਲਜ ਦੀ ਪੜ੍ਹਾਈ ਗ੍ਰਹਿਣ ਕਰਦਾ ਸੀ ਤੇ ਫਿਰ ਘਰ ਆ ਕੇ ਦੁਬਾਰਾ ਉਹੀ ਪੜ੍ਹਾਈ ਕਰਦਾ ਸੀ। ਮੇਰੇ ਕੋਲ ਬਚਪਨ ਦੀ ਸਲੇਟ ਸੀ ਜੋ ਮੈਂ ਨਿੱਕੇ ਹੁੰਦੇ ਸਕੂਲ ਸਮੇਂ ਲਿਖਦਾ ਸੀ। ਉਸ ਦੇ ਦੁਆਲੇ ਲੱਕੜ ਦਾ ਫਰੇਮ ਸੀ ਜੋ ਸਮੇਂ ਦੇ ਨਾਲ ਟੁੱਟ ਗਿਆ ਸੀ ਪਰ ਬਾਕੀ ਦੀ ਸਲੇਟ ਵਧੀਆ ਕੰਮ ਦੇ ਰਹੀ ਸੀ। ਸਲੇਟੀਆਂ ਦਾ ਡੱਬਾ ਮੇਰੇ ਕੋਲ ਰੱਖਿਆ ਹੁੰਦਾ ਸੀ। ਮੈਂ ਪੜ੍ਹ ਪੜ੍ਹ ਕੇ ਯਾਦ ਕਰਦਾ ਸੀ ਫਿਰ ਲਿਖ ਲਿਖ ਕੇ ਦੇਖਦਾ ਸੀ, ਦੁਹਰਾਉਂਦਾ ਸੀ, ਰੱਟਾ ਲਗਾਉਂਦਾ ਸੀ, ਇਹ ਰੋਜਾਨਾ ਦਾ ਕੰਮ ਸੀ। ਅਕਸਰ ਹੀ ਲਿਖਣ ਦਾ ਕੰਮ ਮੈਂ ਆਪਣੀ ਸਲੇਟ ਤੇ ਕਰਦਾ ਸੀ। ਇੱਕ ਕੌਲੀ ਪਾਣੀ ਅਤੇ ਇੱਕ ਲੀਰ ਆਪਣੇ ਕੋਲ ਰੱਖਦਾ ਸੀ ਜਿਸ ਦੇ ਨਾਲ ਸਲੇਟ ਨੂੰ ਪੂੰਝਦਾ ਸੀ। ਇਸ ਨੇ ਵੀ ਮੇਰਾ ਬਚਪਨ ਤੋਂ ਲੈ ਕੇ ਕਾਲਜ ਤੱਕ ਦਾ ਸਾਥ ਨਿਭਾਇਆ ਤੇ ਮੈਨੂੰ ਮੇਰੀ ਮੰਜ਼ਿਲ ਤੱਕ ਪਹੁੰਚਾਉਣ ਤੱਕ ਅਹਿਮ ਰੋਲ ਨਿਭਾਇਆ।ਅੱਜ ਵੀ ਮੈਂ ਸਲੇਟ ਸਾਂਭ ਕੇ ਰੱਖੀ ਹੋਈ ਹੈ। ਜਦੋਂ ਮੈਂ ਕਾਲਜ ਦੇ ਵਿੱਚ ਪ੍ਰੈਕਟੀਕਲ ਕਰਦਾ ਸੀ ਤਾਂ ਪ੍ਰੈਕਟੀਕਲ ਦੀ ਰੀਡਿੰਗ ਸਾਰੇ ਵੇਰਵੇ ਕਾਪੀ ਤੇ ਨੋਟ ਕਰਦਾ ਸੀ ਤੇ ਫਿਰ ਘਰ ਆ ਕੇ ਪੱਕੀ ਪ੍ਰੈਕਟੀਕਲ ਦੀ ਕਾਪੀ ਤੇ ਲਿਖਦਾ ਸੀ। ਰੋਜਾਨਾ ਘਰ ਆ ਕੇ ਨਾਲ ਦੀ ਨਾਲ ਮੁਕੰਮਲ ਯਾਦ ਕਰਦਾ ਸੀ। ਪ੍ਰੈਕਟੀਕਲ ਦੀ ਕਾਪੀ ਬਹੁਤ ਹੀ ਵਧੀਆ ਤੇ ਸਾਫ ਸੁਥਰੀਆਂ ਬਣਾਉਂਦਾ ਸੀ। ਫਿਰ ਅਗਲੇ ਦਿਨ ਪ੍ਰੈਕਟੀਕਲ ਦੀ ਕਾਪੀ ਪ੍ਰੋਫੈਸਰ ਸਾਹਿਬ ਤੋਂ ਚੈੱਕ ਕਰਾਉਂਦਾ ਸੀ। ਮੇਰੇ ਘਰ ਤੋਂ ਮੇਰੇ ਕਾਲਜ ਦਾ ਰਸਤਾ ਸਿਰਫ ਪੰਜ ਮਿੰਟ ਦਾ ਸੀ, ਇਹ ਘਰ ਦੇ ਨੇੜੇ ਸੀ। ਕਈ ਵਾਰੀਂ ਘਰ ਤੋਂ ਕਾਲਜ ਸਾਈਕਲ ਤੇ ਚਲਿਆ ਜਾਂਦਾ ਸੀ। ਇੱਕ ਵਾਰ ਕਾਲਜ ਸਾਥੀ ਜੋ ਹੁਣ ਐਡਵੋਕੇਟ ਹੈ, ਅਸੀਂ ਸਾਈਕਲ



ਤੇ ਗੱਲਾਂ ਮਾਰਦੇ ਜਾ ਰਹੇ ਸੀ, ਉਹ ਡੰਡੇ ਤੇ ਬੈਠਾ ਸੀ ਮੈਂ ਚਲਾ ਰਿਹਾ ਸੀ। ਅਜੇ ਗਲੀ ਨੰਬਰ 9 ਅਤੇ ਆਰੀਆ ਸਕੂਲ ਰੋਡ ਚੌਂਕ ਤੇ ਪੁੱਜੇ ਸੀ ਕਿ ਅਚਾਨਕ ਸਾਈਕਲ ਦਾ ਚਿਮਟਾ ਟੁੱਟ ਗਿਆ ਤੇ ਅਸੀਂ ਦੋਨੇ ਜਾਣੇ ਹੇਠਾਂ ਡਿੱਗ ਪਏ। ਉਹਦੇ ਬੁੱਲ ਤੇ ਸੱਟ ਵੱਜ ਗਈ। ਅਸੀਂ ਡਾਕਟਰ ਕੋਲ ਜਾ ਕੇ ਦਵਾਈ ਲਈ। ਕੁੱਝ ਦਿਨਾਂ ਵਿੱਚ ਹੀ ਉਹ ਠੀਕ ਹੋ ਗਿਆ। ਮੇਰੇ ਘਰ ਵਿੱਚ ਇੱਕ ਲੈਂਪ ਸੀ ਜਿਹੜਾ ਮਿੱਟੀ ਦੇ ਤੇਲ ਨਾਲ ਜਗਦਾ ਸੀ ਉਹਦੀ ਬੱਤੀ ਦਾ ਖਾਸ ਧਿਆਨ ਰੱਖਦਾ ਸੀ, ਕਈ ਵਾਰ ਕੈਂਚੀ ਨਾਲ ਕੱਟ ਕੇ ਉਹਦਾ ਸਿਰਾ ਠੀਕ ਕਰਦਾ ਸੀ, ਉਹਦੀਆਂ ਕੰਨੀਆਂ ਕੱਟ ਕੇ ਗੁਲਾਈ ਵਿੱਚ ਕਰ ਦਿੰਦਾ ਸੀ ਤਾਂ ਜੋ ਉਹ ਵਧੇਰੇ ਰੋਸ਼ਨੀ ਦੇਵੇ। ਉਹਦਾ ਆਧਾਰ ਕੱਚ ਦਾ ਸੀ ਤੇ ਉੱਪਰ ਚਿਮਨੀ ਲੱਗੀ ਹੋਈ ਸੀ ਇਸ ਲੈਂਪ ਨੇ ਮੇਰੀ ਜਿੰਦਗੀ ਰੋਸ਼ਨ ਕਰਨ ਵਿੱਚ ਦੋਸਤਾਨਾ ਰੋਲ ਨਿਭਾਇਆ। ਜਦੋਂ ਵੀ ਬਿਜਲੀ ਚਲੀ ਜਾਂਦੀ ਸੀ ਮੈਂ ਲੈਂਪ ਜਗਾ ਕੇ ਪੜ੍ਹਾਈ ਕਰਦਾ ਸੀ। ਬਿਜਲੀ ਦਾ ਜਾਣਾ ਆਮ ਹੀ ਸੀ ਇੱਥੇ ਹੀ ਬਸ ਨਹੀਂ ਸੀ। ਘਰ ਵਿੱਚ ਇਕ ਲਾਲਟਿਨ ਵੀ ਸੀ ਕਦੇ ਕਦੇ ਉਹ ਵੀ ਕੰਮ ਦੇ ਦਿੰਦੀ ਸੀ। ਘਰ ਵਿੱਚ ਇੱਕ ਤੇਲ ਵਾਲਾ ਛੋਟਾ ਦੀਵਾ ਸੀ ਜੋ ਸਦਾ ਹੀ ਮੱਝਾਂ ਵਾਲੇ ਬਰਾਂਡੇ ਵਿੱਚ ਉੱਚੇ ਥਾਂ ਤੇ ਲਗਾਇਆ ਹੁੰਦਾ ਸੀ। ਮੈਂ ਰਾਤ ਨੂੰ ਅਕਸਰ ਹੀ 12 ਵਜੇ ਤੱਕ ਪੜਦਾ ਸੀ। ਸਾਰਾ ਕੰਮ ਮੁਕਾ ਕੇ, ਸੌਂਦਾ ਸੀ। ਕਈ ਵਾਰ ਪੜ੍ਹਦੇ ਪੜ੍ਹਦੇ ਦੀ ਝਪਕੀ ਲੱਗ ਜਾਂਦੀ ਸੀ ਕਿਤਾਬ ਗੋਦੀ ਵਿੱਚ ਰਹਿ ਜਾਂਦੀ ਸੀ। ਕੋਲ ਪਈ ਮਾਂ ਨੇ ਹਲੂਣਾ ਦੇ ਕੇ ਕਹਿਣਾ ਪੁੱਤ ਹੁਣ ਬਸ ਕਰ, ਤੈਨੂੰ ਨੀਂਦ ਆ ਰਹੀ ਹੈ, ਤੂੰ ਥੱਕ ਗਿਆ ਹੈ, ਤੂੰ ਸੌਂ ਜਾ। ਕਈ ਵਾਰ ਬੀਬੀ ਦੀ ਗੱਲ ਸੁਣ ਕੇ ਮੈਂ ਸੌਂ ਜਾਂਦਾ ਸੀ। ਪਰ ਜਦੋਂ ਕੰਮ ਰਹਿੰਦਾ ਹੁੰਦਾ ਸੀ ਤਾਂ ਮੈਂ ਬੀਬੀ ਨੂੰ ਕਹਿ ਦਿੰਦਾ ਸੀ ਕਿ ਮਾਂ ਮੇਰੀਏ !ਮੇਰੀ ਪੜਾਈ ਅਜੇ ਰਹਿੰਦੀ ਹੈ, ਥੋੜਾ ਜਿਹਾ ਹੋਰ ਪੜ੍ਹ ਲਵਾਂ, ਕੰਮ ਮੁਕਾ ਕੇ ਹੀ ਸੌਂਵਾਂਗਾ। ਫਿਰ ਉੱਠ ਕੇ ਅੱਖਾਂ ਤੇ ਪਾਣੀ ਦੇ ਛਿੱਟੇ ਮਾਰਦਾ, ਥੋੜਾ ਮੋਟਾ ਤੁਰਦਾ ਫਿਰਦਾ, ਫਿਰ ਪੜਨ ਲੱਗ ਜਾਂਦਾ। ਇਹ ਰੋਜਾਨਾ ਦਾ ਕੰਮ ਸੀ। ਪੱਕੇ ਪੇਪਰਾਂ ਦੇ ਦਿਨਾਂ ਵਿੱਚ ਸਾਰਾ ਦਿਨ ਸਾਰੀ ਰਾਤ ਪੜਦਾ ਰਹਿੰਦਾ ਸੀ ਫਿਰ ਮਸਾ ਜਾ ਕੇ ਸਾਰਾ ਸਲੇਬਸ ਪੂਰਾ ਹੁੰਦਾ ਸੀ। ਮਨ ਵਿੱਚ ਇਹ ਸੀ ਕਿ ਕੋਈ ਵੀ ਵਿਸ਼ਾ ਰਹਿ ਨਾ ਜਾਵੇ, ਪੇਪਰ ਨੇ ਪਤਾ ਨਹੀਂ ਕਿੱਥੋਂ, ਕਿਸ ਪਾਠ ਵਿੱਚੋਂ ਆਉਣਾ ਹੈ। ਰਾਤ ਦੇ ਸਮੇਂ ਵਿੱਚੋਂ ਸਿਰਫ ਤਿੰਨ ਕੁ ਘੰਟੇ ਸੌਂ ਕੇ ਗੁਜ਼ਾਰਾ ਕਰਦਾ ਸੀ। ਸਵੇਰੇ ਫਿਰ ਪੜ੍ਹਨ ਲੱਗ ਜਾਂਦਾ ਸੀ। ਅੱਖਾਂ ਵਿੱਚ ਨੀਂਦ ਰੜਕਦੀ ਸੀ ਪਰ ਪੜ੍ਹਾਈ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ। ਸਮਾਂ ਬਰਬਾਦ ਨਹੀਂ ਕੀਤਾ। ਇਹੋ ਜਿਹੇ ਸਮੇਂ ਵਿੱਚ ਪੱਕੇ ਪੇਪਰ ਦੇਣ ਸਮੇਂ ਜੋ ਹਾਲਤ ਹੁੰਦੀ ਸੀ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਸੀ। ਇੱਕ ਪੇਪਰ ਦੇ ਕੇ, ਘਰ ਜਾ ਕੇ ਕਿਤਾਬਾਂ ਚੱਕ ਕੇ, ਅਗਲੇ ਪੇਪਰ ਦੀ ਪੜ੍ਹਾਈ ਨਾਲ ਹੀ ਸ਼ੁਰੂ ਕਰ ਦਿੰਦਾ ਸੀ। ਇਕੋ ਹੀ ਮਿਸ਼ਨ ਹੁੰਦਾ ਸੀ, ਪੜ੍ਹਾਈ ਹੀ ਭਗਤੀ ਹੈ।ਦੱਬ ਕੇ ਪੜ੍ਹਦਾ ਸੀ ਢਿੱਲ ਨਹੀਂ ਰੱਖਦਾ ਸੀ। ਸਾਰਾ ਸਲੇਬਸ ਕਰਦਾ। ਸਮੇਂ ਦੀ ਸਹੀ ਵਰਤੋਂ ਕਰਦਾ। ਇਹ ਗੱਲ ਦਿਮਾਗ ਵਿੱਚ ਬੈਠੀ ਹੋਈ ਸੀ। ਪੇਪਰਾਂ ਵਿੱਚ ਸਾਰੇ ਪ੍ਰਸ਼ਨਾਂ ਦੇ ਉੱਤਰ ਕਰਕੇ ਆਉਂਦਾ ਸੀ ਗੱਲ ਕੀ ਪੇਪਰਾਂ ਦੇ ਚਿੱਬ ਕੱਢ ਦਿੰਦਾ ਸੀ। ਸਾਰਾ ਪੇਪਰ ਕਰਕੇ ਆਉਂਦਾ। ਮੈਂ ਕਾਲਜ ਪ੍ਰੋਫੈਸਰਾਂ ਦਾ ਦਿਲੋਂ ਸਤਿਕਾਰ ਕਰਦਾ ਸੀ। ਉਹਨਾਂ ਦੀ ਕਾਰਜਸ਼ੈਲੀ ਨੂੰ ਨਮਨ ਕਰਦਾ ਹੈ। ਸੰਨ 1984 ਦੇ ਵਿੱਚ ਵਿਦਿਆਰਥੀਆਂ ਨੇ ਪੱਕੇ ਪੇਪਰਾਂ ਦਾ ਬਾਈਕਾਟ ਕਰ ਦਿੱਤਾ ਸੀ ਤੇ ਜਿਸ ਕਰਕੇ ਨਤੀਜੇ ਆਉਣ ਵਿੱਚ ਦੇਰੀ ਹੋ ਰਹੀ ਸੀ। ਯੂਨੀਵਰਸਿਟੀ ਨੇ ਇੱਕ ਫੈਸਲਾ ਕਰਕੇ ਜਿਨਾਂ ਵਿਦਿਆਰਥੀਆਂ ਨੇ ਪੇਪਰ ਨਹੀਂ ਦਿੱਤੇ ਸੀ ਉਹਨਾਂ ਨੂੰ ਦੁਬਾਰਾ ਪੇਪਰ ਦੇਣ ਦਾ ਮੌਕਾ ਦਿੱਤਾ ਸੀ। ਇਸ ਤਰਾਂ ਜਦੋਂ ਸਾਰੇ ਵਿਦਿਆਰਥੀਆਂ ਦੇ ਪੇਪਰ ਹੋ ਗਏ ਤਾਂ ਮਨ ਨੂੰ ਇੱਕਦਮ ਸ਼ਾਂਤੀ ਜਿਹੀ ਆ ਗਈ ਕਿਉਂਕਿ ਹੁਣ ਕੁਝ ਸਮੇਂ ਲਈ ਵਿਹਲੇ ਹੋ ਗਏ। ਨਤੀਜੇ ਵਾਲੇ ਦਿਨ, ਮੈਂ ਨਤੀਜਾ ਪਤਾ ਕਰਨ ਲਈ ਸਵੇਰ 4 ਵਜੇ ਅੰਗਰੇਜ਼ੀ ਦਾ ਅਖਬਾਰ ਲੈਣ ਲਈ, ਜੇਲ ਵਾਲੀ ਗਲੀ ਵਿੱਚ ਗਿਆ ਇੱਥੇ ਹੀ ਕਿਸੇ ਬੰਦੇ ਕੋਲ ਸਵੇਰੇ ਸਾਰੇ ਮੋਗੇ ਦੇ ਅਖਬਾਰ ਆਉਂਦੇ ਸਨ। ਉਸ ਦਿਨ ਉਸ ਗਲੀ ਵਿੱਚ ਮੇਲਾ ਲੱਗਿਆ ਹੋਇਆ ਸੀ। ਮੇਰੇ ਕਾਲਜ ਦੇ ਸਾਰੇ ਸਾਥੀ ਉਥੇ ਪੁੱਜੇ ਹੋਏ ਸਨ। ਮੇਰੇ ਸਾਥੀਆਂ ਨੇ ਜਾਂਦਿਆਂ ਹੀ, ਮੇਰੇ ਨਤੀਜੇ ਬਾਰੇ ਮੈਨੂੰ ਦੱਸ ਦਿੱਤਾ। ਉਹਨਾਂ ਨੂੰ ਸੁਣ ਕੇ ਬਹੁਤ ਖੁਸ਼ੀ ਹੋਈ ਪਰ ਖੁਦ ਅਖਬਾਰ ਵਿੱਚ ਦੇਖ ਕੇ ਤਸੱਲੀ ਹੋ ਗਈ। ਮੈਨੂੰ ਬੜੀ ਖੁਸ਼ੀ ਹੋਈ। ਇਸ ਤਰਾਂ ਮੈਂ ਬੀਐਸਸੀ ਨਾਨ ਮੈਡੀਕਲ ਡੀਐਮ ਕਾਲਜ ਮੋਗਾ ਤੋਂ ਪਾਸ ਕਰ ਲਈ।



ਵੱਲੋਂ: ਪ੍ਰਿੰਸੀਪਲ
ਜਸਪਾਲ ਸਿੰਘ ਲੋਹਾਮ
ਮੋਬਾਇਲ (ਵਟਸਐਪ)
97-810-40140

# ਭਾਅ ਜੀ ਗੁਰਸ਼ਰਨ ਸਿੰਘ ਦੀ ਯਾਦ ਨੂੰ ਸਮਰਪਿਤ 'ਚੇਤਨਾ ਕਲਚਰਲ ਸੈਂਟਰ' ਟੋਰਾਂਟੋ ਵੱਲੋਂ ਕੀਤਾ ਗਿਆ ਸ਼ਾਨਦਾਰ ਸਮਾਗਮ

## ਮੰਚ ਦੇ ਕਲਾਕਾਰਾਂ ਵੱਲੋਂ ਨਾਟਕ 'ਧੁਖ਼ਦੇ ਰਿਸ਼ਤੇ' ਪੇਸ਼ ਕੀਤਾ ਗਿਆ




ਬਰੈਂਪਟਨ, (ਡਾ. ਝੰਡ) – ਉੱਘੇ ਪੰਜਾਬੀ ਨਾਟਕਕਾਰ ਤੇ ਨਾਟਕ ਨਿਰਦੇਸ਼ਕ ਗੁਰਸ਼ਰਨ ਸਿੰਘ 'ਭਾਅ ਜੀ' 27 ਸਤੰਬਰ ਨੂੰ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਦੀ ਯਾਦ ਨੂੰ ਸਮੱਰਪਿਤ ਇਹ ਦਿਨ 'ਪੰਜਾਬੀ ਰੰਗਮੰਚ ਦਿਵਸ' ਦੇ ਤੌਰ 'ਤੇ ਰੰਗ-ਕਰਮੀਆਂ ਵੱਲੋਂ ਮਨਾਇਆ ਜਾਂਦਾ ਹੈ। ਅਗਲਾ ਦਿਨ 28 ਸਤੰਬਰ ਐਤਵਾਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ-ਦਿਨ ਸੀ। ਇਨ੍ਹਾਂ ਦੋਹਾਂ ਮਹਾਨ ਸ਼ਖ਼ਸੀਅਤਾਂ ਨੂੰ ਯਾਦ ਕਰਦਿਆਂ 'ਚੇਤਨਾ ਕਲਚਰਲ ਸੈਂਟਰ' ਵੱਲੋਂ ਬਰੈਂਪਟਨ ਦੇ 'ਵਿਸ਼ਵ ਪੰਜਾਬੀ ਭਵਨ' ਵਿੱਚ ਬਾਅਦ ਦੁਪਹਿਰ ਦੋ ਵਜੇ ਤੋਂ ਸ਼ਾਮ ਦੇ ਪੰਜ ਵਜੇ ਤੱਕ ਇੱਕ ਸ਼ਾਨਦਾਰ ਸਮਾਗ਼ਮ ਆਯੋਜਿਤ ਕੀਤਾ ਗਿਆ। ਸਮਾਗ਼ਮ ਦੌਰਾਨ ਇਸ ਮੰਚ ਦੇ ਕਲਾਕਾਰਾਂ ਵੱਲੋਂ ਕੈਨੇਡਾ ਦੇ ਮੌਜੂਦਾ ਹਾਲਾਤ ਨੂੰ ਦਰਸਾਉਂਦਾ ਨਾਟਕ 'ਧੁਖ਼ਦੇ ਰਿਸ਼ਤੇ' ਪੇਸ਼ ਕੀਤਾ ਗਿਆ ਜਿਸਦਾ ਸੈਂਕੜੇ ਲੋਕਾਂ ਨੇ ਅਨੰਦ ਮਾਣਿਆ।

ਸਮਾਗ਼ਮ ਦੇ ਆਰੰਭ ਵਿੱਚ ਮੰਚ-ਸੰਚਾਲਕ ਨਾਹਰ ਔਜਲਾ ਨੇ ਆਏ ਮਹਿਮਾਨਾਂ ਤੇ ਸਰੋਤਿਆਂ ਨੂੰ 'ਜੀ ਆਇਆਂ' ਕਹਿੰਦਿਆਂ ਹੋਇਆਂ ਸ਼ਹੀਦ ਭਗਤ ਸਿੰਘ ਦੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਅਤੇ ਭਾਅ ਜੀ ਗੁਰਸ਼ਰਨ ਸਿੰਘ ਦੇ ਜੀਵਨ ਤੇ ਪੰਜਾਬੀ ਰੰਗਮੰਚ ਨੂੰ ਉਨ੍ਹਾਂ ਦੀ ਮਹਾਨ ਦੇਣ ਬਾਰੇ ਮੁੱਢਲੇ ਸ਼ਬਦ ਕਹੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਿੰਜਾਈ ਵਿਭਾਗ ਵਿੱਚ ਉੱਚ-ਅਹੁਦੇ ਉੱਪਰ ਕੰਮ ਕਰਦਿਆਂ ਹੋਇਆਂ ਭਾਅ ਜੀ ਨੇ ਭਾਖੜਾ ਨੰਗਲ ਕਲੋਨੀ ਵਿੱਚ ਰਹਿੰਦਿਆਂ ਉੱਥੇ ਛੋਟੇ-ਛੋਟੇ ਨਾਟਕ ਖੇਡਣੇ ਆਰੰਭ ਕੀਤੇ ਅਤੇ ਫਿਰ ਆਪਣਾ ਪੂਰਾ ਜੀਵਨ ਪੰਜਾਬੀ ਨਾਟਕ ਨੂੰ ਸਮੱਰਪਣ ਕਰ ਦਿੱਤਾ। ਉਨ੍ਹਾਂ ਦੂਰ-ਦੁਰਾਡੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਨਾਟਕ ਖੇਡ ਕੇ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਭਾਅ ਜੀ ਦੇ ਵਿਚਾਰਾਂ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੇ ਆਪਣੇ ਪਿੰਡ 'ਨਸਰਾਲੀ' ਵਿਖੇ 'ਨਾਟਕ ਕਲਾ ਮੰਚ' ਬਣਾਇਆ ਅਤੇ ਇਸ ਮੰਚ ਵੱਲੋਂ ਕਈ ਨਾਟਕ ਖੇਡੇ ਗਏ। ਇਸ ਮੌਕੇ ਬੋਲਦਿਆਂ ਪ੍ਰਗਤੀਸ਼ੀਲ ਨਾਟਕ ਮੰਚ ਲਾਂਬੜਾ' ਦੇ ਸਰਗ਼ਰਮ ਮੈਂਬਰ ਰਾਣਾ ਸੋਢੀ ਨੇ ਕਿਹਾ ਕਿ ਭਾਅ ਜੀ ਗੁਰਸ਼ਰਨ ਸਿੰਘ ਅਕਸਰ ਉਨ੍ਹਾਂ ਕੋਲ ਲਾਂਬੜੇ ਆਉਂਦੇ ਹੁੰਦੇ ਸਨ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਉੱਥੇ 'ਪ੍ਰਗਤੀਸ਼ੀਲ ਨਾਟਕ ਮੰਚ ਲਾਂਬੜਾ' ਦੀ ਸਥਾਪਨਾ ਹੋਈ। ਉਨ੍ਹਾਂ ਕਿਹਾ ਕਿ ਉਨ੍ਹਾ ਦਾ ਇਹ ਨਾਟਕ ਮੰਚ ਵੱਖ-ਵੱਖ- ਥਾਵਾਂ 'ਤੇ ਜਾ ਕੇ ਲੋਕ-ਪੱਖੀ ਨਾਟਕ ਪੇਸ਼ ਕਰ ਰਿਹਾ ਹੈ। ਪੀਲ ਸਕੂਲ ਡਿਸਟ੍ਰਿਕਟ ਬੋਰਡ ਦੇ ਡਿਪਟੀ ਚੇਅਰ ਸਤਪਾਲ ਸਿੰਘ ਜੌਹਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਹ ਸਮਾਗ਼ਮ ਆਯੋਜਿਤ ਕਰਕੇ 'ਚੇਤਨਾ ਕਲਚਰਲ ਸੈਂਟਰ' ਦੇ ਮੁੱਖ-ਸੰਚਾਲਕ ਨਾਹਰ ਸਿੰਘ ਔਜਲਾ ਨੇ ਉੱਘੇ ਪੰਜਾਬੀ ਰੰਗਕਰਮੀ ਗੁਰਸ਼ਰਨ ਸਿੰਘ ਹੁਰਾਂ ਨੂੰ ਬਹੁਤ ਵਧੀਆ ਤਰ੍ਹਾਂ ਯਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਾ ਇਹ ਮੰਚ ਬਰੈਂਪਟਨ ਵਿੱਚ ਵੱਖ-ਵੱਖ ਥਾਵਾਂ 'ਤੇ ਨੁੱਕੜ ਨਾਟਕ ਕਰਕੇ ਅਤੇ ਕਈ ਹੋਰ ਲੰਮੇਂ ਨਾਟਕ ਖੇਡ ਕੇ ਲੋਕਾਂ ਵਿੱਚ ਜਾਗਰੂਕਤਾ ਫ਼ੈਲਾਉਣ ਵਿੱਚ ਬਹੁਤ ਵਧੀਆ ਭੂਮਿਕਾ ਨਿਭਾਅ ਰਿਹਾ ਹੈ। ਉਨ੍ਹਾਂ ਵੱਲੋਂ 'ਚੇਤਨਾ ਕਲਚਰਲ ਸੈਂਟਰ' ਦੀ ਸਮੁੱਚੀ ਟੀਮ ਨੂੰ ਸਰਟੀਫ਼ੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਬਰੈਂਪਟਨ ਸਿਟੀ ਕੌਂਸਲ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਵੱਲੋਂ ਨਾਹਰ ਔਜਲਾ ਤੇ ਉਨ੍ਹਾਂ ਦੀ ਟੀਮ ਨੂੰ ਇਹ ਸ਼ਾਨਦਾਰ ਸਮਾਗ਼ਮ ਕਰਨ ਲਈ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਸਮੁੱਚੀ ਟੀਮ ਵੱਖ-ਵੱਖ ਥਾਵਾਂ 'ਤੇ ਜਾ ਕੇ ਨਾਟਕ ਖੇਡ ਕੇ ਪੰਜਾਬੀ ਕਮਿਊਨਿਟੀ ਤੇ ਹੋਰ ਕਮਿਊਨਿਟੀਆਂ ਨੂੰ ਜਾਗਰੂਕ ਕਰ ਰਹੀ ਹੈ। ਉਨ੍ਹਾਂ ਵੱਲੋਂ ਵੀ 'ਚੇਤਨਾ ਕਲਚਰਲ ਸੈਂਟਰ' ਨੂੰ ਸਰਟੀਫ਼ੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ। 'ਪਰਵਾਸੀ ਮੀਡੀਆ' ਦੇ ਮੁੱਖ-ਸੰਚਾਲਕ ਰਾਜਿੰਦਰ ਸੈਣੀ ਵੱਲੋਂ ਆਪਣੇ ਸੰਬੋਧਨ ਵਿੱਚ ਭਾਅ ਜੀ ਗੁਰਸ਼ਰਨ ਸਿੰਘ ਹੁਰਾਂ ਦੀ ਪੰਜਾਬੀ ਰੰਗਮੰਚ ਨੂੰ ਪੂਰੇ ਸਮੱਰਪਿਤ ਹੋਣ ਦੀ ਗੱਲ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਅ ਜੀ ਨੇ ਆਪਣੀ ਵਧੀਆ ਨੌਕਰੀ ਦੀ ਪ੍ਰਵਾਹ ਨਹੀਂ ਕੀਤੀ ਅਤੇ ਲੋਕਾਂ ਵਿੱਚ ਸਮਾਜਿਕ ਤੇ ਰਾਜਨੀਤਕ ਚੇਤਨਾ ਪੈਦਾ ਕਰਨ ਲਈ ਆਪਣਾ ਸਾਰਾ ਜੀਵਨ ਲਗਾ ਦਿੱਤਾ। ਉਨ੍ਹਾਂ ਦੀ ਸੁਪਤਨੀ ਕੈਲਾਸ਼ ਜੀ ਅਤੇ ਦੋਵੇਂ ਬੇਟੀਆਂ ਵੀ ਇਨ੍ਹਾਂ ਦੇ ਕਈ ਨਾਟਕਾਂ ਵਿੱਚ ਭਾਗ ਲੈਂਦੀਆਂ ਹੁੰਦੀਆਂ ਸਨ।

ਸਮਾਗ਼ਮ ਦੇ ਮੁੱਖ-ਬੁਲਾਰੇ ਡਾ. ਵਰਿਆਮ ਸਿੰਘ ਸੰਧੂ ਨੇ ਆਪਣੇ ਸੰਬੋਧਨ ਦੌਰਾਨ ਭਾਅ ਜੀ ਦੇ ਉੱਚੇ ਤੇ ਸੁੱਚੇ ਕਿਰਦਾਰ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਬਿਆਨ ਕੀਤਾ। ਉਨ੍ਹਾਂ ਕਿਹਾ ਕਿ ਭਾਅ ਜੀ ਇੱਕ ਵਿਅੱਕਤੀ ਹੀ ਨਹੀਂ, ਬਲਕਿ ਉਹ ਇੱਕ 'ਸੰਸਥਾ' ਸਨ। ਆਪਣੇ ਮੰਚ' ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਰਾਹੀਂ ਉਨ੍ਹਾਂ ਨੇ ਲੋਕਾਂ ਵਿੱਚ ਭਾਰੀ ਚੇਤਨਤਾ ਲਿਆਂਦੀ। ਡਾ. ਸੰਧੂ ਨੇ ਦੱਸਿਆ ਕਿ ਉਹ ਤੇ ਉਨ੍ਹਾਂ ਦੇ ਕਈ ਸਾਥੀ ਅੰਮ੍ਰਿਤਸਰ ਤੋਂ 20 ਮੀਲ ਦੂਰ ਆਪਣੇ ਪਿੰਡ 'ਸੁਰ ਸਿੰਘ' ਤੋਂ ਸਾਈਕਲਾਂ ਰਾਹੀਂ ਅੰਮ੍ਰਿਤਸਰ ਉਚੇਚੇ ਉਨ੍ਹਾਂ ਦੇ ਨਾਟਕ ਵੇਖਣ ਜਾਂਦੇ ਹੁੰਦੇ ਸਨ। 'ਭਾਈ ਮੰਨਾ ਸਿੰਘ' ਹੇਠ ਚੱਲੀ ਨਾਟਕ-ਲੜੀ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਭਾਈ ਮੰਨਾ ਸਿੰਘ ਉਰਫ਼ ਭਾਅ ਜੀ ਗੁਰਸ਼ਰਨ ਸਿੰਘ ਦੀ ਬੁਲੰਦ ਤੇ ਪ੍ਰਭਾਵਸ਼ਾਲੀ ਆਵਾਜ਼ ਵਿੱਚ ਕੀਤੇ ਗਏ ਨਾਟਕਾਂ ਵਿੱਚ ਸਮਾਜਿਕ ਚੇਤਨਤਾ ਅਤੇ ਜਾਗਰੂਕਤਾ ਦਾ ਜ਼ਬਰਦਸਤ ਸੁਨੇਹਾ ਹੁੰਦਾ ਸੀ ਜਿਸ ਨੂੰ ਉਨ੍ਹਾਂ ਨੇ ਬਿਨਾਂ ਕਿਸੇ ਡਰ ਦੇ ਬੇਬਾਕੀ ਨਾਲ ਫ਼ੈਲਾਇਆ ਅਤੇ ਇਹ ਸੁਨੇਹਾ ਕੇਵਲ ਸ਼ਹਿਰਾਂ ਵਿੱਚ ਹੀ ਨਹੀਂ, ਸਗੋਂ ਦੂਰ-ਦੁਰਾਂਦੇ ਪਿੰਡਾਂ ਵਿੱਚ ਜਾ ਕੇ ਬਲ਼ਦ-ਗੱਡੀਆਂ ਜੋੜ ਕੇ ਬਣਾਈਆਂ ਗਈਆਂ ਸਧਾਰਨ ਸਟੇਜਾਂ ਉੱਪਰ ਨਾਟਕ ਖੇਡ ਕੇ ਲੋਕਾਂ ਤੀਕ ਪਹੁੰਚਾਇਆ ਗਿਆ। ਸਮਾਗ਼ਮ ਨੂੰ ਉੱਘੇ ਸਮਾਜ-ਸੇਵਕ ਇੰਦਰਜੀਤ ਸਿੰਘ ਬੱਲ, ਡਾ. ਅਮਰਦੀਪ ਸਿੰਘ ਬਿੰਦਰਾ, ਡਾ. ਸੁਖਦੇਵ ਸਿੰਘ ਝੰਡ, ਪ੍ਰੋ. ਜਗੀਰ ਸਿੰਘ ਕਾਹਲੋਂ, ਕਰਮਜੀਤ ਗਿੱਲ, ਅਸਮਾ ਤੇ 'ਪੰਜਾਬੀ ਕੈਰਾਬਰਮ' ਦੇ ਪ੍ਰਧਾਨ ਪ੍ਰਿਤਪਾਲ ਸਿੰਘ ਚੱਗਰ ਨੇ ਵੀ ਸੰਬੋਧਨ ਕੀਤਾ ਅਤੇ 'ਚੇਤਨਾ ਕਲਚਰਲ ਸੈਂਟਰ' ਨੂੰ ਇਸ ਸਫ਼ਲ ਸਮਾਗ਼ਮ ਲਈ ਵਧਾਈ ਦਿੱਤੀ। ਸਮਾਗ਼ਮ ਦੇ ਅਖ਼ੀਰਲੇ ਪੜਾਅ ਵੱਲ ਵੱਧਦਿਆਂ 'ਚੇਤਨਾ ਕਲਚਰਲ ਸੈਂਟਰ' ਵੱਲੋਂ ਨਾਟਕ 'ਧੁਖ਼ਦੇ ਰਿਸ਼ਤੇ' ਪੇਸ਼ ਕੀਤਾ ਗਿਆ ਜਿਸ ਵਿੱਚ ਕੈਨੇਡਾ ਵਿੱਚ ਨਸ਼ਿਆਂ ਦੀ ਘਾਤਕ ਬੀਮਾਰੀ, ਕੰਪਿਊਟਰ ਦੇ ਮਾਧਿਅਮ ਰਾਹੀਂ ਏ.ਆਈ. ਉੱਪਰ ਵੱਧ ਰਹੀ ਨਿਰਭਰਤਾ, ਨੀਵੇਂ ਪੱਧਰ ਦੇ ਗੀਤਾਂ ਤੋਂ ਦੂਰ ਰਹਿਣ ਤੇ ਚੰਗਾ ਗੀਤ-ਸੰਗੀਤ ਸੁਣਨ ਅਤੇ ਵੱਖ- ਵੱਖ ਧਰਮਾਂ ਦੇ ਲੋਕਾਂ ਵਿੱਚ ਘਰ ਕਰ ਗਈ ਧਾਰਮਿਕ ਅਸਹਿਣਸ਼ੀਲਤਾ ਵਰਗੇ ਅਹਿਮ ਮੁੱਦੇ ਉਠਾਏ ਗਏ। ਇਸ ਦੌਰਾਨ ਨਾਟਕ ਦੇ ਸਾਰੇ ਕਲਾਕਾਰਾਂ ਦੀ ਪੇਸ਼ਕਾਰੀ ਬਾ-ਕਮਾਲ ਸੀ। ਇਸ ਤੋਂ ਪਹਿਲਾਂ ਮੰਚ ਦੇ ਸਮੂਹ ਕਲਾਕਾਰਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਚੇਤਨਾ ਪ੍ਰਕਾਸ਼ਨ ਲੁਧਿਆਣਾ' ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਨਵ-ਪ੍ਰਕਾਸ਼ਿਤ ਪੁਸਤਕਾਂ 'ਸੋਚਾਂ ਦੇ ਖੰਭ'(ਲੇਖਕ : ਮਨਪ੍ਰੀਤ ਕਲੇਰ) ਅਤੇ 'ਮਸੀਹਾ-ਏ-ਮੁਹੱਬਤ' (ਲੇਖਕ: ਦਲਜੀਤ ਸ਼ਾਹਪੁਰੀ ਲੋਕ-ਅਰਪਿਤ ਕੀਤੀਆਂ ਗਈਆਂ ਅਤੇ ਇਨ੍ਹਾਂ ਪੁਸਤਕਾਂ ਨੂੰ ਲੋਕ-ਅਰਪਿਤ ਕਰਨ ਵਾਲਿਆਂ ਵਿੱਚ 'ਚੇਤਨਾ ਪ੍ਰਕਾਸ਼ਨ' ਦੇ ਪ੍ਰਕਾਸ਼ਕ ਸਤੀਸ਼ ਗੁਲਾਟੀ ਵੀ ਸ਼ਾਮਲ ਸਨ। 'ਚੇਤਨਾ ਕਲਚਰਲ ਸੈਂਟਰ' ਨੂੰ ਸਹਿਯੋਗ ਦੇਣ ਅਤੇ ਇਸ ਦੇ ਕਲਾਕਾਰਾਂ ਦੀ ਸਮੇਂ-ਸਮੇਂ ਹੌਸਲਾ ਅਫ਼ਜ਼ਾਈ ਕਰਨ ਲਈ 'ਬੋਨੀ ਬਰੇਸ ਸੀਨੀਅਰਜ਼ ਕਲੱਬ ਦੇ ਪ੍ਰਧਾਨ ਧਰਮਪਾਲ ਸ਼ੇਰਗਿੱਲ, 'ਕਿੰਗ ਗਰੁੱਪ ਆਫ਼ ਕੰਪਨੀਜ਼' ਦੇ ਸਾਹਿਬ ਸਹੋਤਾ, ਬਲਵਿੰਦਰ ਸਿੰਘ ਮੁੰਡੀ, ਪ੍ਰਿਤਪਾਲ ਸਿੰਘ ਚੱਘਰ, ਡਾ. ਬਿੰਦਰਾ, ਇੰਦਰਜੀਤ ਬੱਲ, ਗੁਰਮੇਲ ਕੌਰ ਸਿੱਧੂ, ਅਮਰਜੀਤ ਕੌਰ ਰੱਖੜਾ, ਸੁਖਪਾਲ ਕੌਰ ਕੜਿਆਲ ਅਤੇ ਬੇਅੰਤ ਕੌਰ ਔਜਲਾ ਨੂੰ ਸਨਮਾਨਿਤ ਕੀਤਾ ਗਿਆ। ਨਾਹਰ ਔਜਲਾ ਵੱਲੋਂ ਸਮਾਗ਼ਮ ਦੇ ਮੁੱਖ-ਬੁਲਾਰੇ ਡਾ. ਵਰਿਆਮ ਸਿੰਘ ਸੰਧੂ, ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਲਈ 'ਵਿਸ਼ਵ ਪੰਜਾਬੀ ਭਵਨ' ਪ੍ਰਦਾਨ ਕਰਨ ਲਈ ਡਾ. ਦਲਬੀਰ ਸਿੰਘ ਕਥੂਰੀਆ ਦਾ ਸ਼ੁਕਰੀਆ ਅਦਾ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਪੰਜਾਬੀ ਮੀਡੀਏ ਵੱਲੋਂ ਇਸ ਸਮਾਗ਼ਮ ਵਿੱਚ ਸ਼ਮੂਲੀਅਤ ਕਰਨ ਲਈ ਹਰਜੀਤ ਗਿੱਲ, ਜਗਮੀਤ ਸਿੰਘ ਤੇ ਗੁਰਜੀਵਨ ਸਿੰਘ ਦਾ ਵੀ ਧੰਨਵਾਦ ਕੀਤਾ ਗਿਆ।

# ਫ਼ਲਾਵਰਸਿਟੀ ਸੀਨੀਅਰਜ਼ ਫ਼ਰੈਂਡਜ਼ ਕਲੱਬ ਨੇ ਸੀਨੀਅਰਾਂ ਦੇ ਇਕੱਲੇਪਨ ਬਾਰੇ ਆਯੋਜਿਤ ਕੀਤਾ ਸੈਮੀਨਾਰ




ਬਰੈਂਪਟਨ, (ਡਾ. ਝੰਡ): ਲੰਘੇ ਹਫ਼ਤੇ 21 ਸਤੰਬਰ ਨੂੰ ਫ਼ਲਾਵਰਸਿਟੀ ਫ਼ਰੈਂਡਜ਼ ਕਲੱਬ ਵੱਲੋਂ ਸੀਨੀਅਰਜ਼ ਦੇ ਇਕੱਲੇਪਨ ਤੇ ਇਸ ਨੂੰ ਦੂਰ ਕਰਨ ਦੇ ਉਪਾਆਂ ਬਾਰੇ ਇੱਕ ਸ਼ਾਨਦਾਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੇ ਮੁੱਖ-ਬੁਲਾਰੇ ਸਰਟੀਫਾਈਡ ਕੌਂਸਲਰ ਡਾ. ਭਾਈ ਗੁਲਜ਼ਾਰ ਸਿੰਘ ਸਨ ਜੋ ਗੁਰਬਾਣੀ ਦੇ ਮਹਾਨ ਵਿਦਵਾਨ ਤੇ ਵਧੀਆ ਪ੍ਰਚਾਰਕ ਹੋਣ ਦੇ ਨਾਲ ਨਾਲ ਇਨਸਾਨੀ ਦਿਮਾਗ਼ੀ ਉਲਝਣਾਂ ਬਾਰੇ ਵੀ ਕਾਫ਼ੀ ਮੁਹਾਰਤ ਰੱਖਦੇ ਹਨ। ਕਲੱਬ ਦੇ 100 ਤੋਂ ਵਧੀਕ ਮੈਂਬਰਾਂ ਨੇ ਇਸ ਮੌਕੇ ਇਸ ਸੈਮੀਨਾਰ ਵਿੱਚ ਉਨ੍ਹਾਂ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਦਾ ਲਾਭ ਉਠਾਇਆ। ਪ੍ਰੋਗਰਾਮ ਦਾ ਆਰੰਭ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸੈਮੀਨਾਰ ਦੇ ਮੁੱਖ-ਬੁਲਾਰੇ ਡਾ. ਗੁਲਜ਼ਾਰ ਸਿੰਘ, ਆਏ ਮਹਿਮਾਨਾਂ ਤੇ ਕਲੱਬ ਦੇ ਮੈਂਬਰਾਂ ਨੂੰ ਨਿੱਘੀ 'ਜੀ ਆਇਆਂ' ਕਹਿਣ ਨਾਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡੇ ਸਮਾਜ ਵਿੱਚ ਉਮਰ ਦੇ ਇਸ ਪੜਾਅ ਵਿੱਚ ਸੀਨੀਅਰਾਂ ਵੱਲੋਂ ਇਕੱਲਾਪਨ ਨੂੰ ਹੰਢਾਉਣਾ ਇੱਕ ਗੰਭੀਰ ਸਮੱਸਿਆ ਹੈ ਅਤੇ ਇਸ ਪ੍ਰਕਾਰ ਦੇ ਸੈਮੀਨਾਰਾਂ ਵਿੱਚ ਇਸ ਸਮੱਸਿਆ ਦੇ ਹੱਲ ਸੋਚਣ, ਸਮਝਣ ਅਤੇ ਉਨ੍ਹਾਂ ਨੂੰ ਅੱਗੋਂ ਅਮਲ ਵਿੱਚ ਲਿਆਉਣ ਦੇ ਯਤਨ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਆਯੋਜਿਤ ਕੀਤਾ ਜਾ ਰਿਹਾ ਇਹ ਸੈਮੀਨਾਰ ਵੀ ਇਨ੍ਹਾਂ ਕੋਸ਼ਿਸ਼ਾਂ ਦੀ ਲੜੀ ਦਾ ਇੱਕ ਹਿੱਸਾ ਹੈ। ਆਪਣੇ ਮੁੱਖ-ਭਾਸ਼ਨ ਵਿੱਚ ਡਾ. ਗੁਲਜ਼ਾਰ ਸਿੰਘ ਹੁਰਾਂ ਵੱਲੋਂ ਸੀਨੀਅਰਾਂ ਦੇ ਇਕੱਲੇਪਨ ਕਾਰਨ ਉਨ੍ਹਾਂ ਉੱਪਰ ਪੈਣ ਵਾਲੇ ਇਸ ਦੇ ਭਾਵਨਾਤਮਿਕ ਅਤੇ ਸਰੀਰਕ ਪੱਖਾਂ ਦੀ ਡੂੰਘੀ ਪੜਚੋਲ ਤੇ ਵਿਆਖਿਆ ਕੀਤੀ ਗਈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਸੀਨੀਅਰ ਆਪਣੇ ਆਪ ਨੂੰ ਸਮਾਜ ਨਾਲੋਂ ਕੱਟਿਆ ਹੋਇਆ ਮਹਿਸੂਸ ਕਰਦੇ ਹਨ ਤਾਂ ਇਸਦਾ ਉਨ੍ਹਾਂ ਦੇ ਦਿਮਾਗ਼ ਅਤੇ ਸਰੀਰ ਦੋਹਾਂ 'ਤੇ ਹੀ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਸਾਨੂੰ ਉਨ੍ਹਾਂ ਦੇ ਲੋਕਾਂ ਨਾਲ ਮਿਲਣ-ਗਿਲਣ ਅਤੇ ਗੱਲਬਾਤ ਸਾਂਝੀ ਕਰਨ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ ਤਾਂ ਜੋ ਉਹ ਵੱਖ-ਵੱਖ ਗਰੁੱਪਾਂ ਵਿਚ ਜਾ ਕੇ ਆਪਣੀ ਗੱਲ ਹੋਰਨਾਂ ਨਾਲ ਸਾਂਝੀ ਕਰ ਸਕਣ ਅਤੇ ਮਨਾਂ ਦਾ ਬੋਝ ਹਲਕਾ ਕਰਕੇ ਆਪਣਾ ਜੀਵਨ ਖ਼ੁਸ਼ੀ-ਖ਼ੁਸੀ ਬਤੀਤ ਕਰ ਸਕਣ। ਉਨ੍ਹਾਂ ਨੇ ਪਰਿਵਾਰਾਂ ਤੇ ਕਮਿਊਨਿਟੀ ਗਰੁੱਪਾਂ ਨੂੰ ਇਸ ਸਮੱਸਿਆ ਦੇ ਹੱਲ ਕਰਨ ਲਈ ਆਪਣੇ ਵੱਲੋਂ ਵੱਧ ਤੋਂ ਵੱਧ ਯਤਨ ਕਰਨ ਲਈ ਕਿਹਾ।

ਇਸ ਸੈਮੀਨਾਰ ਵਿੱਚ ਰੀਜਨਲ ਕੌਂਸਲਰ ਰਵੇਨਾ ਸੈਂਤੋਸ ਵੱਲੋਂ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ, "ਸੀਨੀਅਰਜ਼ ਸਾਡੀ ਕਮਿਊਨਿਟੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਐੱਫ.ਸੀ.ਐੱਫ.ਸੀ. ਕਲੱਬ ਉਨ੍ਹਾਂ ਬਾਰੇ ਵਿਸ਼ੇਸ਼ ਧਿਆਨ ਦੇਣ ਦੀ ਦਿਸ਼ਾ ਵਿੱਚ ਬਾਖ਼ੂਬੀ ਕੰਮ ਕਰ ਰਹੀ ਹੈ। ਕਲੱਬ ਵੱਲੋਂ ਕੀਤੇ ਜਾ ਰਹੇ ਅਜਿਹੇ ਕੰਮ ਅਤੀ-ਸਲਾਹੁਣਯੋਗ ਹਨ ਅਤੇ ਉਨ੍ਹਾਂ ਨੂੰ ਇੱਥੇ ਇਸ ਸੈਮੀਨਾਰ ਵਿੱਚ ਸ਼ਾਮਲ ਹੋ ਕੇ ਬੜੀ ਖ਼ੁਸ਼ੀ ਤੇ ਤਸੱਲੀ ਹੋਈ ਹੈ।" ਇਸ ਸਬੰਧ ਵਿੱਚ ਬਰੈਂਪਟਨ ਦੇ ਮੇਅਰ ਵੱਲੋਂ ਪੈਟਰਿਕ ਬਰਾਊਨ ਵੱਲੋਂ ਭੇਜਿਆ ਗਿਆ ਸੁਨੇਹਾ ਗਿਆਨ ਪਾਲ ਹੁਰਾਂ ਵੱਲੋਂ ਪੜ੍ਹ ਕੇ ਸੁਣਾਇਆ ਗਿਆ, ਜਿਸ ਵਿੱਚ ਮੇਅਰ ਬਰਾਊਨ ਦਾ ਕਹਿਣਾ ਸੀ, "ਮੈਂ ਇਸ ਕਲੱਬ ਵੱਲੋਂ ਸੀਨੀਅਰਾਂ ਦੀ ਇਸ ਸਮੱਸਿਆ ਦੇ ਹੱਲ ਲਈ ਕੀਤੇ ਜਾਣ ਵਾਲੇ ਇਸ ਸੈਮੀਨਾਰ ਦੀ ਭਾਰੀ ਪ੍ਰਸ਼ੰਸਾ ਕਰਦਾ ਹਾਂ। ਕਲੱਬ ਵੱਲੋਂ ਕੀਤਾ ਜਾ ਰਿਹਾ ਇਹ ਉਪਰਾਲਾ ਸੀਨੀਅਰਾਂ ਨੂੰ ਸਮਾਜ ਨਾਲ ਹੋਰ ਵਧੇਰੇ ਚੰਗੀ ਤਰ੍ਹਾਂ ਜੋੜਨ ਵਿੱਚ ਸਹਾਈ ਹੋਵੇਗਾ।"

ਸੈਮੀਨਾਰ ਦੀ ਸਮਾਪਤੀ ਤੋਂ ਬਾਅਦ ਮੀਨਾ ਮੋਧ ਤੇ ਸ਼ਿਵਾਲੀ ਵੱਲੋਂ ਮਿਲ਼ ਕੇ ਬੜੀ ਸੁਰੀਲੀ ਆਵਾਜ਼ ਵਿੱਚ ਗੁਰਬਾਣੀ ਦਾ ਸ਼ਬਦ ਪੇਸ਼ ਕੀਤਾ ਗਿਆ। ਹਰਮੀਤ ਕੁਲਾਰ, ਚਰਨਜੀਤ ਵਾਲੀਆ, ਜਿਓਤੀ, ਮਿਸਜ਼ ਚੌਹਾਨ ਅਤੇ ਮਿਸਿਜ਼ ਡਾਂਗ ਵੱਲੋਂ ਸਾਂਝੇ ਤੌਰ 'ਤੇ ਇੱਕ ਸਕਿੱਟ ਪੇਸ਼ ਕਿਤੀ ਗਈ ਜਿਸ ਨੂੰ ਸਰੋਤਿਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ। ਅਵਤਾਰ ਬਰਾੜ ਦੇ ਗੀਤ ਨਾਲ ਸਰੋਤੇਆਂ ਨੇ ਡਾਂਸ ਕਰਕੇ ਚੰਗਾ ਰੰਗ ਬੰਨ੍ਹਿਆਂ ਅਤੇ ਕਈਆਂ ਵੱਲੋਂ ਭੰਗੜਾ ਤੇ ਗਿੱਧਾ ਵੀ ਪਾਇਆ ਗਿਆ। ਇਸ ਦੌਰਾਨ ਜਿਓਤੀ ਡਾਡੀਵਾਲਾ ਵੱਲੋਂ ਸਮੁੱਚੇ ਪ੍ਰੋਗਰਾਮ ਨੂੰ ਇੱਕ ਲੜੀ ਵਿੱਚ ਪਰੋ ਕੇ ਸਰੋਤਿਆਂ ਸਾਹਮਣੇ ਬਾਖ਼ੂਬੀ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਦਾ ਅਹਿਮ ਹਿੱਸਾ ਜਗਮੋਹਨ ਸਿੰਘ ਚੌਹਾਨ, ਅਵਤਾਰ ਬਰਾੜ, ਜਿਓਤੀ ਡਾਡੀਵਾਲਾ, ਮਨਜੀਤ ਭੱਚੂ, ਗਿਆਨ ਪਾਲ, ਸੁਰਿੰਦਰ ਗਾਂਧੀ, ਚਰਨਜੀਤ ਸਿੰਘ ਢਿੱਲੋਂ, ਨਿਸ਼ੀ ਸ਼ਰਮਾ ਅਤੇ ਦਰਸ਼ਨ ਸਿੰਘ ਦੇ ਜਨਮ- ਦਿਨਾਂ ਨੂੰ ਸਮੂਹਿਕ ਤੌਰ 'ਤੇ ਮਨਾਇਆ ਜਾਣਾ ਸੀ। ਇਨ੍ਹਾਂ ਨੌਂ ਮੈਂਬਰਾਂ ਨੇ ਮਿਲ਼ ਕੇ ਇੱਕ ਵੱਡਾ ਕੇਕ ਕੱਟਿਆ, ਇੱਕ ਦੂਸਰੇ ਦਾ ਮੂੰਹ ਮਿੱਠਾ ਕਰਾਇਆ ਅਤੇ 'ਹੈਪੀ ਬਰਥਡੇਅ ਟੂ ਯੂ' ਗਾਣਾ ਸਾਰੇ ਮੈਂਬਰਾਂ ਨਾਲ ਗਾ ਕੇ ਆਪਣੇ ਮਨਾਂ ਦੇ ਵਲਵਲੇ ਸਾਂਝੇ ਕੀਤੇ।

ਸਮਾਗ਼ਮ ਦੀ ਸਮਾਪਤੀ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸਮਾਗ਼ਮ ਦੇ ਮੁੱਖ-ਬੁਲਾਰੇ ਡਾ. ਗੁਲਜ਼ਾਰ ਸਿੰਘ, ਮੇਅਰ ਪੈਟਰਿਕ ਬਰਾਊਨ, ਕੌਂਸਲਰ ਰੋਵੇਨਾ ਸੈਂਟੋਸ ਅਤੇ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਨ ਨਾਲ ਹੋਈ। ਉਨ੍ਹਾਂ ਕਿਹਾ, "ਅਸੀਂ ਮਿਲ਼ ਕੇ ਸੀਨੀਅਰਾਂ ਦੇ ਲਈ ਮਜ਼ਬੂਤ, ਇੱਕ-ਜੁਟਤਾ ਅਤੇ ਖ਼ੁਸ਼-ਮਿਜਾਜ਼ ਮਾਹੌਲ ਵਾਲੀ ਕਮਿਊਨਿਟੀ ਬਣਾ ਸਕਦੇ ਹਾਂ ਅਤੇ ਅਸੀਂ ਸਾਰੇ ਇਸ ਦੇ ਲਈ ਯਤਨਸ਼ੀਲ ਹਾਂ। ਕਲੱਬ ਸੀਨੀਅਰਾਂ ਲਈ ਖ਼ੂਬਸੂਰਤ ਪਲੇਟਫ਼ਾਰਮ ਤਿਆਰ ਕਰੇਗੀ ਜਿੱਥੇ ਉਹ ਚੁਸਤ-ਦਰੁੱਸਤ ਤੇ ਸੁਰੱਖ਼ਿਅਤ ਰਹਿ ਕੇ ਖ਼ੁਸੀ ਭਰਪੂਰ ਆਪਣਾ ਜੀਵਨ ਗੁਜ਼ਾਰ ਸਕਣ।"

GTA
Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਨਿੱਜੀ ਅਤੇ ਆਲੇ ਦੁਆਲੇ ਦੀ ਸਾਫ਼ ਸਫ਼ਾਈ



ਨਿੱਜੀ ਅਤੇ ਆਲੇ ਦੁਆਲੇ ਦੀ ਸਾਫ਼ ਸਫ਼ਾਈ ਸਿਹਤ ਦੇ ਸਭ ਤੋਂ ਮੂਲ ਨਿਰਣਾਇਕ ਤੱਤਾਂ ਵਿੱਚੋਂ ਹਨ। ਇਹ ਸੰਚਾਰਿਤ ਬਿਮਾਰੀਆਂ ਦੇ ਖਿਲਾਫ ਮੁੱਖ ਰੋਕਥਾਮ ਉਪਾਅ ਹਨ ਜੋ ਜੀਵਨ ਦੀ ਗੁਣਵੱਤਾ ਨੂੰ ਵਧਾਉਂਦੇ ਹਨ ਅਤੇ ਸਮਾਜਿਕ ਭਲਾਈ ਨੂੰ ਪ੍ਰੋਤਸਾਹਿਤ ਕਰਦੇ ਹਨ। ਪ੍ਰਾਚੀਨ ਅਭਿਆਸਾਂ ਤੋਂ ਲੈ ਕੇ ਆਧੁਨਿਕ ਵਿਗਿਆਨਕ ਸਮਝ ਤੱਕ, ਸਾਫ਼ ਸਫ਼ਾਈ ਨੂੰ ਹਮੇਸ਼ਾ ਵਿਅਕਤੀਗਤ ਅਤੇ ਸਮੂਹਿਕ ਰੂਪਾਂ ਲਈ ਇੱਕ ਮਹੱਤਵਪੂਰਨ ਸੁਰੱਖਿਅਤ ਕਾਰਜ ਵਜੋਂ ਮੰਨਿਆ ਗਿਆ ਹੈ।

ਸਿਹਤ ਸਿਰਫ ਬਿਮਾਰੀ ਦੀ ਗੈਰਹਾਜ਼ਰੀ ਨਹੀਂ ਸਗੋਂ ਪੂਰੀ ਸਰੀਰਕ, ਮਾਨਸਿਕ ਅਤੇ ਸਮਾਜਿਕ ਸੁਖ-ਸਮ੍ਰਿੱਧੀ ਦੀ ਸਥਿਤੀ ਹੈ। ਜਦੋਂਕਿ ਸਿਹਤ ਵਿਗਿਆਨ ਬਿਮਾਰੀਆਂ ਦੇ ਇਲਾਜ਼ ਵਿੱਚ ਅੱਗੇ ਵਧਿਆ ਹੈ ਪਰ ਰੋਕਥਾਮ ਇਲਾਜ਼ ਤੋਂ ਜ਼ਿਆਦਾ ਲਾਗਤ-ਕਾਰੀ ਅਤੇ ਪ੍ਰਭਾਵਸ਼ਾਲੀ ਰਹਿੰਦੀ ਹੈ। ਨਿੱਜੀ ਅਤੇ ਆਲੇ ਦੁਆਲੇ ਦੀ ਸਾਫ਼ ਸਫ਼ਾਈ ਚਾਹੇ ਵਿਅਕਤੀਗਤ, ਵਾਤਾਵਰਣੀ ਜਾਂ ਸਮਾਜਿਕ ਹੋਵੇ, ਬਿਮਾਰੀ ਰੋਕਣ ਵਿੱਚ ਪਹਿਲੀ ਕਤਾਰ ਦਾ ਡਿਫੈਂਸ ਸਿਸਟਮ ਬਣਾਉਂਦੀਆਂ ਹਨ। ਇਹ ਬਿਮਾਰੀ ਦੇ ਪੈਟਰਨ, ਜੀਵਨ ਦੀ ਉਮਰ ਅਤੇ ਇੱਥੇ ਤੱਕ ਕਿ ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਦੀਆਂ ਹਨ। ਅੱਜ ਦੇ ਆਪਸੀ ਜੁੜੇ ਹੋਏ ਸੰਸਾਰ ਵਿੱਚ ਜਿੱਥੇ ਸੰਚਾਰਿਤ ਬਿਮਾਰੀਆਂ ਹੱਦਾਂ ਪਾਰ ਤੇਜ਼ੀ ਨਾਲ ਫੈਲ ਸਕਦੀਆਂ ਹਨ ਸਾਫ਼ ਸਫ਼ਾਈ ਦਾ ਮਹੱਤਵ ਕਦੇ ਵੀ ਇੰਨਾ ਜ਼ਿਆਦਾ ਨਹੀਂ ਸੀ।

### ਸਾਫ਼ ਸਫ਼ਾਈ ਦਾ ਵਿਗਿਆਨਕ ਆਧਾਰ

ਸਾਫ਼ ਸਫ਼ਾਈ ਉਹ ਅਭਿਆਸ ਹਨ ਜੋ ਸਿਹਤ ਨੂੰ ਬਣਾਈ ਰੱਖਣ ਅਤੇ ਬਿਮਾਰੀ ਤੋਂ ਬਚਾਉਣ ਲਈ ਮੁੱਖ ਤੌਰ ਤੇ ਕੰਮ ਕਰਦੇ ਹਨ। ਸਾਫ਼ ਸਫ਼ਾਈ ਅਤੇ ਬਿਮਾਰੀਆਂ ਰੋਕਥਾਮ ਦੇ ਵਿਚਕਾਰ ਦਾ ਰਿਸ਼ਤਾ ਮਾਈਕ੍ਰੋਬਾਇਓਲੋਜੀ ਅਤੇ ਐਪੀਡਿਮਿਯੋਲੋਜੀ ਵਿੱਚ ਗਹਿਰਾ ਹੈ:

**1. ਮਾਈਕ੍ਰੋਬੀਅਲ ਨਿਯੰਤਰਣ –**

ਸਹੀ ਹੱਥ ਧੋਣਾ ਜ਼ਹਿਰੀਲੇ ਸੂਖਮ ਜੀਵਾਂ (ਪੈਥੋਜੈਨਿਕ ਮਾਈਕ੍ਰੋਆਰਗੈਨਿਜ਼ਮਾਂ) ਜਿਵੇਂ ਕਿ ਐਸ ਕੋਲੀ, ਸਟੈਫਿਲੋਕੋਕਸ ਔਰੀਅਸ ਅਤੇ ਵਾਇਰਸਾਂ ਜਿਵੇਂ ਕਿ ਇੰਫਲੂਐਂਜ਼ਾ ਅਤੇ ਸਾਰ ਕੋਵਿ 2 (SARS-CoV-2) ਨੂੰ ਹਟਾਉਂਦਾ ਹੈ। ਵੱਖ-ਵੱਖ ਸਿਹਤ ਸਰਵੇਖਣਾਂ ਦੇ ਅਨੁਸਾਰ ਪ੍ਰਭਾਵਸ਼ਾਲੀ ਢੰਗ ਨਾਲ ਹੱਥਾਂ ਦੀ ਸਾਫ਼ ਸਫ਼ਾਈ ਪੇਟ ਦੀਆਂ ਬਿਮਾਰੀਆਂ ਨੂੰ 40% ਤੱਕ ਅਤੇ ਸਾਹ ਦੇ ਸੰਕ੍ਰਮਣਾਂ ਨੂੰ ਲਗਭਗ 20% ਤੱਕ ਘਟਾ ਸਕਦੀ ਹੈ।

**2. ਸੰਕ੍ਰਮਣ ਦੀ ਲੜੀ ਦਾ ਟੁੱਟਣਾ –**

ਸੰਕ੍ਰਮਿਤ ਬਿਮਾਰੀਆਂ ਸਿੱਧੇ ਸੰਪਰਕ, ਪ੍ਰਦੂਸ਼ਿਤ ਖਾਣਾ ਅਤੇ ਪਾਣੀ ਜਾਂ ਵਾਤਾਵਰਣੀ ਕਾਰਕਾਂ ਦੁਆਰਾ ਫੈਲਦੀਆਂ ਹਨ। ਸਾਫ਼ ਸਫ਼ਾਈ ਦੇ ਅਭਿਆਸ ਜਿਵੇਂ ਕਿ ਸੈਨਿਟੇਸ਼ਨ, ਸੁਰੱਖਿਅਤ ਪਾਣੀ ਦੀ ਸੰਭਾਲ, ਖਾਣੇ ਦੀ ਸੁਰੱਖਿਆ ਅਤੇ ਕੂੜੇ ਦਾ ਨਿਕਾਸ ਇਹਨਾਂ ਸੰਚਾਰ ਦੇ ਰਾਹਾਂ ਨੂੰ ਰੋਕਦੇ ਹਨ।

**3. ਇਮੀਯੂਨ ਸਿਸਟਮ ਦਾ ਸਮਰਥਨ –**

ਇੱਕ ਸਾਫ਼ ਵਾਤਾਵਰਣ ਹਾਨਿਕਾਰਕ ਸੂਖਮ ਜੀਵਾਂ (ਮਾਈਕ੍ਰੋਬਾਂ) ਦੇ ਬਿਨਾ ਬੇਕਾਰ ਦੇ ਸੰਪਰਕ ਨੂੰ ਘਟਾਉਂਦਾ ਹੈ, ਜਿਸ ਨਾਲ ਇਮੀਯੂਨ ਸਿਸਟਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੀ ਆਗਿਆ ਮਿਲਦੀ ਹੈ। ਇਹ ਰੋਕਥਾਮ ਯੋਗ ਬਿਮਾਰੀਆਂ ਨਾਲ ਲੜਨ ਲਈ ਭਾਰੀ ਹੋ ਜਾਵੇ।

### ਸਾਫ਼ ਸਫ਼ਾਈ ਦੀਆਂ ਕਿਸਮਾਂ ਅਤੇ ਉਨ੍ਹਾਂ ਦੇ ਸਿਹਤ 'ਤੇ ਪ੍ਰਭਾਵ

**1. ਵਿਅਕਤੀਗਤ ਸਾਫ਼ ਸਫ਼ਾਈ–**

ਬਾਥਿੰਗ, ਮੂੰਹ ਦੀ ਦੇਖਭਾਲ, ਸਾਫ਼ ਕਪੜੇ ਅਤੇ ਮਹਿਨਾ ਹਾਈਜੀਨ ਵਰਗੇ ਅਭਿਆਸ ਚਮੜੀ ਦੀਆਂ ਬਿਮਾਰੀਆਂ, ਦੰਦਾਂ ਦੀ ਖਰਾਬੀ, ਪੈਰਾਸਾਇਟਿਕ ਇੰਫੈਕਸ਼ਨਾਂ ਅਤੇ ਪ੍ਰਜਨਨ ਸਿਹਤ ਦੇ ਮੁੱਦਿਆਂ ਤੋਂ ਬਚਾਉਂਦੇ ਹਨ।

**2. ਹੱਥਾਂ ਦੀ ਸਾਫ਼ ਸਫ਼ਾਈ–**

ਇਹ ਸਿਹਤ ਸੰਭਾਲ ਦੇ ਵਿਗਿਆਨ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਉਪਾਅ ਮੰਨਿਆ ਜਾਂਦਾ ਹੈ, ਹੱਥਾਂ ਦੀ ਸਾਫ਼ ਸਫ਼ਾਈ ਹਸਪਤਾਲ ਵਿੱਚ ਲੱਗਣ ਵਾਲੀਆਂ ਬਿਮਾਰੀਆਂ ਨੂੰ ਰੋਕਦੀ ਹੈ, ਜੋ ਮੁੱਖ ਤੌਰ ਤੇ ਮੌਤ ਦਰ ਅਤੇ ਆਰਥਿਕ ਭਾਰ ਦਾ ਕਾਰਨ ਬਣਦੀਆਂ ਹਨ।

**3. ਖਾਣੇ ਅਤੇ ਪਾਣੀ ਦੀ ਸਾਫ਼ ਸਫ਼ਾਈ–**

ਖਾਣੇ ਦੀ ਸੁਰੱਖਿਅਤ ਤਿਆਰੀ, ਸੰਭਾਲ ਪੇਟ ਦੀਆਂ ਬਿਮਾਰੀਆਂ, ਟਾਇਫੋਇਡ, ਹੈਪੇਟਾਇਟਿਸ ਏ ਅਤੇ ਗੁਰਦੇ ਦੀਆਂ ਜ਼ਹਿਰਲੀ ਬਿਮਾਰੀਆਂ ਦੇ ਪ੍ਰਸਾਰ ਨੂੰ ਰੋਕਦੀ ਹੈ। ਸਾਫ਼ ਪਾਣੀ ਦੀ ਪਹੁੰਚ ਨਾਲ ਹੀ ਲਗਭਗ 1.4 ਮਿਲਿਅਨ ਬੱਚਿਆਂ ਨੂੰ ਪੇਟ ਦੀਆਂ ਬਿਮਾਰੀਆਂ ਨਾਲ ਹੋਣ ਵਾਲੀ ਮੌਤ ਤੋਂ ਰੋਕਣ ਦਾ ਅੰਦਾਜ਼ਾ ਲਗਾਇਆ ਗਿਆ ਹੈ।

**4. ਵਾਤਾਵਰਨ ਦੀ ਸਾਫ਼ ਸਫ਼ਾਈ–**

ਸਹੀ ਕੂੜਾ ਪ੍ਰਬੰਧਨ, ਨਾਲੀਆਂ ਦੇ ਗੰਦੇ ਪਾਣੀ ਦਾ ਯੋਗ ਨਿਪਟਾਰਾ ਅਤੇ ਸਾਫ਼ ਆਲਾ-ਦੁਆਲਾ ਮਲੇਰੀਆ, ਡੇਂਗੂ ਅਤੇ ਪਲੇਗ ਵਰਗੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਮੱਛਰਾਂ, ਮੱਖੀਆਂ ਅਤੇ ਚੂਹਿਆਂ ਦੇ ਪ੍ਰਜਨਨ ਦੀਆਂ ਥਾਵਾਂ ਨੂੰ ਰੋਕ ਕੇ ਮੌਤ ਦਰ ਘਟਾਈ ਜਾ ਸਕਦੀ ਹੈ।

**5. ਸਮੂਹਿਕ ਸਾਫ਼ ਸਫ਼ਾਈ–**

ਜਨਤਕ ਸੈਨਿਟੇਸ਼ਨ ਸੁਵਿਧਾਵਾਂ, ਸਕੂਲਾਂ ਦੇ ਹਾਈਜੀਨ ਪ੍ਰੋਗਰਾਮ ਅਤੇ ਕੰਮ ਕਰਨ ਵਾਲੇ ਥਾਂਵਾਂ ਦੀ ਸਾਫ਼ ਸਫ਼ਾਈ ਸਮੂਹਿਕ ਭਲਾਈ ਅਤੇ ਉਤਪਾਦਕਤਾ ਨੂੰ ਵਧਾਉਂਦੀਆਂ ਹਨ ਅਤੇ ਸਮੂਹਿਕ ਪੱਧਰ 'ਤੇ ਸਿਹਤ ਖਰਚਿਆਂ ਨੂੰ ਘਟਾਉਂਦੀਆਂ ਹਨ।

### ਸਫ਼ਾਈ ਅਤੇ ਗੈਰ-ਸੰਚਾਰਿਤ ਬਿਮਾਰੀਆਂ (NCDs)

ਜਦੋਂ ਕਿ ਸਫ਼ਾਈ ਨੂੰ ਆਮ ਤੌਰ 'ਤੇ ਸੰਚਾਰਿਤ ਬਿਮਾਰੀਆਂ ਨਾਲ ਜੋੜਿਆ ਜਾਂਦਾ ਹੈ ਪਰ ਇਹ ਲੰਬੇ ਸਮੇਂ ਵਾਲੀਆਂ ਬਿਮਾਰੀਆਂ ਦੇ ਖ਼ਤਰੇ ਦੇ ਕਾਰਕਾਂ ਨੂੰ ਘਟਾਉਣ ਵਿੱਚ ਵੀ ਭੂਮਿਕਾ ਨਿਭਾਉਂਦੀ ਹੈ। ਉਦਾਹਰਨ ਵਜੋਂ, ਮੂੰਹ ਦੀ ਸਫ਼ਾਈ ਦਿਲ ਦੀ ਬਿਮਾਰੀਆਂ ਦੇ ਖ਼ਤਰੇ ਨੂੰ ਘਟਾਉਂਦੀ ਹੈ ਕਿਉਂਕਿ ਇਹ ਪੀਰੀਓਡੋਂਟਲ ਸਿਹਤ ਨਾਲ ਜੁੜੀ ਹੋਈ ਹੈ। ਸਹੀ ਢੰਗ ਨਾਲ ਕੱਚੇ ਖਾਦ ਪਦਾਰਥਾਂ ਦੀ ਸਾਫ਼ ਸਫ਼ਾਈ ਕਾਰਸਿਨੋਜੈਨਿਕ ਟੌਕਸਿਨਾਂ ਜਿਵੇਂ ਕਿ ਐਫਲਾਟੋਕਸਿਨਾਂ ਨਾਲ ਸੰਪਰਕ ਘਟਾਉਂਦੀ ਹੈ। ਸਾਫ਼ ਅਤੇ ਸੁਰੱਖਿਅਤ ਵਾਤਾਵਰਣ ਤਣਾਅ ਨੂੰ ਘਟਾਉਂਦੇ ਹਨ ਅਤੇ ਮਾਨਸਿਕ ਸੁੱਖ-ਸਮ੍ਰਿੱਧੀ ਨੂੰ ਸੁਧਾਰਦੇ ਹਨ, ਜਿਸ ਨਾਲ ਜੀਵਨਸ਼ੈਲੀ ਨਾਲ ਸੰਬੰਧਿਤ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

### ਸਮਾਜਿਕ ਅਤੇ ਆਰਥਿਕ ਮਹੱਤਵ

ਸਫ਼ਾਈ ਸਿਰਫ਼ ਸਿਹਤ ਲਾਭਾਂ ਤੱਕ ਸੀਮਿਤ ਨਹੀਂ ਹਨ; ਇਹ ਸਮਾਜਿਕ-ਆਰਥਿਕ ਪ੍ਰਭਾਵਾਂ ਵਿੱਚ ਵੀ ਡੂੰਘੇ ਹਨ:

**ਸਿੱਖਿਆ ਦੇ ਨਤੀਜ਼ੇ –**

ਜਿਨ੍ਹਾਂ ਸਕੂਲਾਂ ਵਿੱਚ ਵਧੀਆ ਸਾਫ਼ ਸਫ਼ਾਈ ਦੀਆਂ ਸੁਵਿਧਾਵਾਂ ਹਨ, ਉਨ੍ਹਾਂ ਦੇ ਬੱਚਿਆਂ ਦੀ ਹਾਜ਼ਰੀ ਅਤੇ ਸਿਖਾਈ ਦਾ ਪ੍ਰਦਰਸ਼ਨ ਉੱਚਾ ਹੁੰਦਾ ਹੈ।

**ਆਰਥਿਕ ਵਿਕਾਸ –**

ਬਿਮਾਰੀਆਂ ਦੀ ਦਰ ਵਿੱਚ ਵਾਧੇ ਦਾ ਅਰਥ ਹੈ ਕਿ ਕੰਮ ਦੇ ਦਿਨ ਘੱਟ ਹੁੰਦੇ ਹਨ, ਉਤਪਾਦਕਤਾ ਵੱਧਦੀ ਹੈ ਅਤੇ ਸਿਹਤ ਖ਼ਰਚੇ ਘੱਟ ਹੁੰਦੇ ਹਨ।

**ਲਿੰਗ ਸਮਾਨਤਾ –**

ਔਰਤਾਂ ਦੀਆਂ ਸਿਹਤ ਸਹੂਲਤਾਂ ਦੀਆਂ ਸੁਵਿਧਾਵਾਂ ਤੱਕ ਪਹੁੰਚ ਕੁੜੀਆਂ ਅਤੇ ਔਰਤਾਂ ਨੂੰ ਸਿੱਖਿਆ ਅਤੇ ਰੋਜ਼ਗਾਰ ਵਿੱਚ ਪੂਰੀ ਤਰ੍ਹਾਂ ਭਾਗ ਲੈਣ ਦੀ ਆਗਿਆ ਦਿੰਦੀ ਹੈ।

### ਚੁਣੌਤੀਆਂ ਅਤੇ ਵਿਸ਼ਵ ਪੱਧਰੀ ਬਦਲਾਅ

ਸੰਸਾਰ ਭਰ ਵਿੱਚ ਪ੍ਰਗਤੀ ਹੋਣ ਦੇ ਬਾਵਜੂਦ, ਕਈ ਖੇਤਰਾਂ ਵਿੱਚ ਸਫਾਈ ਦੇ ਅਭਿਆਸ ਅਣੁਕੂਲ ਰਹਿੰਦੇ ਹਨ। ਦੁਨੀਆ ਭਰ ਵਿੱਚ ਸਿਹਤ ਸੰਸਥਾਵਾਂ ਦਾ ਅੰਦਾਜ਼ਾ ਹੈ ਕਿ ਲਗਭਗ 2 ਬਿਲੀਅਨ ਲੋਕ ਬੁਨਿਆਦੀ ਸਹੂਲਤਾਂ ਅਤੇ ਸੁਵਿਧਾਵਾਂ ਤੋਂ ਵਾਂਝੇ ਹਨ। ਸ਼ਹਿਰਕਰਨ, ਗਰੀਬੀ ਅਤੇ ਜਾਗਰੂਕਤਾ ਦੀ ਘਾਟ ਅੱਗੇ ਵਧਣ ਵਿੱਚ ਰੁਕਾਵਟ ਪੈਦਾ ਕਰਦੀ ਹੈ। ਹਾਲੀਆ ਵਿਸ਼ਵ ਸਿਹਤ ਸੰਕਟ ਜਿਵੇਂ ਕਿ ਕੋਵੀਡ-19 ਮਹਾਮਾਰੀ ਨੇ ਇਹ ਦਰਸਾਇਆ ਹੈ ਕਿ ਕਿਵੇਂ ਨਾਜ਼ੁਕ ਸਫ਼ਾਈ ਪ੍ਰਣਾਲੀਆਂ ਪੂਰੇ ਦੇਸ਼ਾਂ ਨੂੰ ਖ਼ਤਰੇ ਵਿੱਚ ਪਾ ਸਕਦੀਆਂ ਹਨ।

ਸਫਾਈ ਸਿਰਫ਼ ਸੰਸਕਾਰਕ ਜਾਂ ਸੁੰਦਰਤਾ ਦੇ ਨੈਤਿਕ ਮੁੱਲ ਨਹੀਂ ਹਨ; ਇਹ ਸਿਹਤ ਅਤੇ ਵਿਕਾਸ ਦੇ ਵਿਗਿਆਨਕ ਤੱਥ ਹਨ। ਇਹ ਬਿਮਾਰੀਆਂ ਨੂੰ ਰੋਕਦੀਆਂ ਹਨ, ਜੀਵਨ ਦੀ ਉਮਰ ਨੂੰ ਵੱਧਾਉਂਦੀਆਂ ਹਨ ਅਤੇ ਸਮਾਜਿਕ ਸਮ੍ਰਿੱਧੀ ਨੂੰ ਯਕੀਨੀ ਬਣਾਉਂਦੀਆਂ ਹਨ। ਇਸ ਲਈ, ਸਫ਼ਾਈ ਢਾਂਚੇ ਅਤੇ ਸਿੱਖਿਆ ਵਿੱਚ ਨਿਵੇਸ਼ ਨੂੰ ਇੱਕ ਪ੍ਰਧਾਨ ਜਨਤਕ ਸਿਹਤ ਦੀ ਪ੍ਰਾਥਮਿਕਤਾ ਮੰਨਿਆ ਜਾਣਾ ਚਾਹੀਦਾ ਹੈ। ਅੰਤ ਵਿੱਚ, ਸਫ਼ਾਈ ਅਤੇ ਸੁਥਰਾਈ ਦਾ ਅਭਿਆਸ ਸਿਰਫ਼ ਇੱਕ ਵਿਅਕਤੀਗਤ ਜ਼ਿੰਮੇਵਾਰੀ ਨਹੀਂ, ਬਲਕਿ ਇੱਕ ਸਮੂਹਿਕ ਫਰਜ਼ ਹੈ ਜੋ ਮਨੁੱਖਤਾ ਦੀ ਸਿਹਤ ਨੂੰ ਆਕਾਰ ਦਿੰਦਾ ਹੈ।



ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# Self-care Tips Encyclopedia




**Weight loss.** If you are overweight, losing weight can be effective in easing arthritis pain, particularly for osteoarthritis of the knee. Even losing a small amount can help. But for those who are significantly overweight, losing a bit more is best. One study of 240 overweight or obese adults who lost 20% or more of their body weight had significantly lower levels of blood markers for inflammation and reported less pain and could walk farther in a six-minute test than those who lost less than 5% of their body weight.

**A healthy diet:** A healthy diet may not directly affect your joint pain, but a diet rich in whole foods including fruits, vegetables, fish, nuts and beans, but low in processed foods and saturated fat, can be helpful for managing inflammatory arthritis. This in turn, can reduce pain. Some people say that eating certain foods causes pain to flare. If you suspect that a particular food is causing you pain, try eliminating solely that food from your diet. Eliminating multiple foods at once will make it difficult to determine if your suspected food is the culprit and eliminating too many foods or whole groups of foods could keep you from getting all of the nutrients you need.

Anil Dheer
By Dr. Anil Dheer Columnist.
Social activist and Certified by
W.H.O – UNICEF
anil.dheer@yahoo.com

**Fish oil:** The polyunsaturated omega-3 fatty acids found in fish have potent anti-inflammatory properties. Research has shown that in people with RA omega-3 supplements reduced joint pain, stiffness and swelling.

**Curcumin:** Curcumin is the active compound in turmeric, a staple of Indian curries, which has been shown to have pain-and inflammation-relieving effects. In one study of patients with knee OA, a 1,500 mg daily dose of curcumin extract was as effective as 1,200 mg a day of ibuprofen.

# ਦੇਰ ਰਾਤ ਤੱਕ ਜਾਗਣ ਵਾਲਿਆਂ 'ਚ ਜ਼ਿਆਦਾ ਦਿਲ ਦੇ ਦੌਰੇ ਦਾ ਖ਼ਤਰਾ!

ਜੇਕਰ ਤੁਹਾਨੂੰ ਦੇਰ ਰਾਤ ਤਕ ਜਾਗਣ ਦੀ ਆਦਤ ਹੈ ਅਤੇ ਅੱਧੀ ਰਾਤ ਤੋਂ ਬਾਅਦ ਸੌਣਾ ਤੁਹਾਡੀ ਰੁਟੀਨ ਦਾ ਹਿੱਸਾ ਬਣ ਗਿਆ ਹੈ ਤਾਂ ਤੁਹਾਨੂੰ ਥੋੜ੍ਹਾ ਸਾਵਧਾਨ ਹੋ ਜਾਣਾ ਚਾਹੀਦਾ ਹੈ। ਦਰਅਸਲ, ਦੇਰ ਰਾਤ ਤਕ ਜਾਗਣ ਦੀ ਆਦਤ ਹਾਰਟ ਅਟੈਕ ਦਾ ਕਾਰਨ ਬਣ ਸਕਦੀ ਹੈ।

ਹਾਂ, ਯੂਰਪੀਅਨ ਹਾਰਟ ਜਰਨਲ 'ਚ ਪ੍ਰਕਾਸ਼ਿਤ ਇਕ ਤਾਜ਼ਾ ਰਿਸਰਚ ਹੈਰਾਨਕੁਨ ਖੁਲਾਸਾ ਕਰ ਰਹੀ ਹੈ। ਇਸ ਰਿਸਰਚ ਅਨੁਸਾਰ, ਰਾਤ 10 ਤੋਂ 11 ਵਜੇ ਦੇ ਵਿਚਕਾਰ ਸੌਣ ਵਾਲੇ ਲੋਕਾਂ 'ਚ ਹਾਰਟ ਅਟੈਕ ਅਤੇ ਸਟ੍ਰੋਕ ਦਾ ਖ਼ਤਰਾ ਸਭ ਤੋਂ ਘੱਟ ਪਾਇਆ ਗਿਆ ਹੈ। ਇਸ ਲਈ ਇਸ ਸਮੇਂ ਨੂੰ ਨੀਂਦ ਦਾ "ਗੋਲਡਨ ਆਵਰ" ਕਿਹਾ ਜਾਂਦਾ ਹੈ।

### ਨੀਂਦ ਅਤੇ ਦਿਲ ਦਾ ਕੁਨੈਕਸ਼ਨ

ਅਸੀਂ ਅਕਸਰ ਦਿਲ ਦੀ ਸਿਹਤ ਲਈ ਡਾਈਟ ਅਤੇ ਕਸਰਤ 'ਤੇ ਜ਼ੋਰ ਦਿੰਦੇ ਹਾਂ, ਪਰ ਨੀਂਦ ਦਾ ਸਹੀ ਸਮਾਂ ਵੀ ਓਨਾ ਹੀ ਜ਼ਰੂਰੀ ਹੈ। ਇਹ ਰਿਸਰਚ ਇਸੇ ਪਾਸੇ ਇਸ਼ਾਰਾ ਕਰਦੀ ਹੈ। ਦੇਰ ਰਾਤ ਤਕ ਜਾਗਣ ਵਾਲੇ ਲੋਕਾਂ ਦੀ ਸਰੀਰ ਦੀ ਕੁਦਰਤੀ ਘੜੀ, ਜਿਸਨੂੰ 'ਸਰਕੈਡੀਅਨ ਰਿਦਮ' ਕਿਹਾ ਜਾਂਦਾ ਹੈ, ਗੜਬੜਾ ਜਾਂਦੀ ਹੈ। ਇਹ ਰਿਦਮ ਸਾਡੇ ਸਰੀਰ ਦੇ ਲਗਪਗ ਹਰ ਫੰਕਸ਼ਨ ਨੂੰ ਕੰਟਰੋਲ ਕਰਦੀ ਹੈ, ਜਿਸ ਵਿਚ ਦਿਲ ਦੀ ਧੜਕਨ, ਬਲੱਡ ਪ੍ਰੈਸ਼ਰ ਤੇ ਹਾਰਮੋਨਲ ਬੈਲੇਂਸ ਸ਼ਾਮਲ ਹਨ। ਜਦੋਂ ਇਹ ਅਨਿਯਮਿਤ ਹੁੰਦੀ ਹੈ ਤਾਂ ਦਿਲ ਅਤੇ ਦਿਮਾਗ ਦੋਹਾਂ 'ਤੇ ਦਬਾਅ ਪੈਂਦਾ ਹੈ ਜਿਸ ਨਾਲ ਗੰਭੀਰ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ।

### 88,000 ਲੋਕਾਂ 'ਤੇ ਹੋਈ ਰਿਸਰਚ

ਇਸ ਨਤੀਜੇ 'ਤੇ ਪਹੁੰਚਣ ਲਈ ਖੋਜੀਆਂ ਨੇ 43 ਤੋਂ 74 ਸਾਲ ਦੀ ਉਮਰ ਦੇ 88,000 ਬ੍ਰਿਟਿਸ਼ ਬਾਲਗਾਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ। ਕੰਟੈਸਟੈਂਟਸ ਨੇ ਇਕ ਵਿਸ਼ੇਸ਼ ਟ੍ਰੈਕਰ ਡਿਵਾਈਸ ਪਹਿਨੀ ਸੀ, ਜਿਸਨੇ ਉਨ੍ਹਾਂ ਦੀ ਨੀਂਦ ਦੀਆਂ ਆਦਤਾਂ 'ਤੇ ਨਜ਼ਰ ਰੱਖੀ। ਲਗਪਗ 5.7 ਸਾਲਾਂ ਤਕ ਚੱਲੇ ਇਸ ਅਧਿਐਨ 'ਚ ਉਨ੍ਹਾਂ ਦੀ ਨੀਂਦ ਦੇ ਪੈਟਰਨ ਨੂੰ ਹਾਰਟ ਡਿਜ਼ੀਜ਼ ਦੇ ਖਤਰੇ ਨਾਲ ਜੋੜ ਕੇ ਦੇਖਿਆ ਗਿਆ ਅਤੇ ਪਤਾ ਲੱਗਾ ਕਿ:

- ਜੋ ਲੋਕ ਰਾਤ 10:00 ਤੋਂ 10:59 ਵਜੇ ਦੇ ਵਿਚਕਾਰ ਸੌਂਦੇ ਸਨ, ਉਨ੍ਹਾਂ ਵਿਚ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਸਭ ਤੋਂ ਘੱਟ ਪਾਇਆ ਗਿਆ।
- 11:00 ਤੋਂ 11:59 ਵਜੇ ਦੇ ਵਿਚਕਾਰ ਸੌਣ ਵਾਲਿਆਂ 'ਚ ਇਹ ਖ਼ਤਰਾ ਥੋੜ੍ਹਾ ਵਧ ਗਿਆ, ਲਗਪਗ 12% ਤਕ।
- ਅੱਧੀ ਰਾਤ ਤੋਂ ਬਾਅਦ ਸੌਣ ਵਾਲਿਆਂ 'ਚ ਹਾਰਟ ਅਟੈਕ ਅਤੇ ਸਟ੍ਰੋਕ ਦਾ ਖ਼ਤਰਾ 25% ਤਕ ਵਧ ਗਿਆ।
- ਦਿਲਚਸਪ ਗੱਲ ਇਹ ਹੈ ਕਿ ਰਾਤ 10 ਵਜੇ ਤੋਂ ਪਹਿਲਾਂ ਸੌਣ ਵਾਲਿਆਂ ਵਿਚ ਵੀ ਖਤਰੇ ਵਿਚ ਲਗਪਗ 24% ਵਾਧਾ ਦੇਖਿਆ ਗਿਆ, ਜੋ ਇਹ ਦਰਸਾਉਂਦਾ ਹੈ ਕਿ ਬਹੁਤ ਜਲਦੀ ਜਾਂ ਬਹੁਤ ਦੇਰ ਨਾਲ ਸੌਣਾ, ਦੋਵੇਂ ਹੀ ਨੁਕਸਾਨਦਾਇਕ ਹੋ ਸਕਦੇ ਹਨ।

### ਔਰਤਾਂ 'ਤੇ ਵੱਧ ਅਸਰ

ਇਸ ਰਿਸਰਚ ਵਿਚ ਇਕ ਹੋਰ ਮਹੱਤਵਪੂਰਨ ਗੱਲ ਸਾਹਮਣੇ ਆਈ ਹੈ ਕਿ ਦੇਰ ਨਾਲ ਸੌਣ ਦਾ ਨਕਾਰਾਤਮਕ ਅਸਰ ਮਰਦਾਂ ਦੇ ਮੁਕਾਬਲੇ ਔਰਤਾਂ 'ਤੇ ਵੱਧ ਪੈਂਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਔਰਤਾਂ ਦੀ ਬਾਇਓਲੋਜੀਕਲ ਘੜੀ ਤੇ ਹਾਰਮੋਨਲ ਸਾਈਕਲ ਨੀਂਦ ਦੀ ਰੁਟੀਨ 'ਚ ਗੜਬੜ ਲਈ ਵੱਧ ਸੰਵੇਦਨਸ਼ੀਲ ਹੁੰਦੀ ਹੈ, ਜਿਸ ਕਾਰਨ ਉਨ੍ਹਾਂ ਵਿਚ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ।












# ਰਾਸ਼ੀਫਲ

**ਮੇਖ :** ਆਪਣੀ ਇਛਾਵਾਂ ਦੀ ਪੂਰਤੀ ਲਈ ਵਿਅਕਤੀਗਤ ਸਬੰਧਾਂ ਦਾ ਇਸਤੇਮਾਲ ਕਰਨਾ ਤੁਹਾਡੇ ਜੀਵਨਸਾਥੀ ਨੂੰ ਨਾਰਾਜ਼ ਕਰ ਸਕਦੀ ਹੈ। ਕਿਸੇ ਕਰੀਬੀ ਦੋਸਤ ਦੀ ਮਦਦ ਨਾਲ ਅੱਜ ਕੁਝ ਕਾਰੋਬਾਰੀਆਂ ਨੂੰ ਚੰਗਾ ਖਾਸਾ ਧੰਨ ਲਾਭ ਹੋ ਸਕਦਾ ਹੈ ਇਹ ਪੈਸਾ ਤੁਹਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰ ਸਕਦਾ ਹੈ। ਇਕ ਬੇਹਤਰੀਨ ਸ਼ਾਮ ਦੇ ਲਈ ਰਿਸ਼ਤੇਦਾਰ ਦੋਸਤ ਘਰ ਆ ਸਕਦੇ ਹਨ। ਇਹ ਦਿਨ ਖੁਸ਼ੀ ਭਰਿਆ ਅਤੇ ਜ਼ਿੰਦਾ ਦਿਲੀ ਦੇ ਨਾਲ ਕੁਝ ਖਾਸ ਸੰਦੇਸ਼ ਵੀ ਦੇਵੇਗਾ। ਤੁਹਾਡੇ ਆਤਮਵਿਸ਼ਵਾਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਤਰੱਕੀ ਸਾਫ ਨਜ਼ਰ ਆ ਰਹੀ ਹੈ। ਤੁਹਾਡੇ ਵਿਚੋਂ ਕੁਝ ਲੋਕਾਂ ਨੂੰ ਲੰਬਾ ਸਫਰ ਕਰਨਾ ਪੈ ਸਕਦਾ ਹੈ ਜੋ ਕਿ ਭਾਰਾ ਤੇ ਲਾਭਦਾਇਕ ਹੋਵੇਗਾ। ਤੁਸੀ ਅੱਜ ਆਪਣੇ ਜੀਵਨਸਾਥੀ ਨਾਲ ਆਪਣੇ ਜੀਵਨ ਦਾ ਸਭ ਤੋਂ ਵਧੀਆ ਦਿਨ ਖਰਚ ਸਕਦੇ ਹੋ।

**ਬ੍ਰਿਸ਼ਭ:** ਖਿਆਲੀ ਪੁੱਲ ਬਣਾਉਣਾ ਕੋਈ ਮਦਦ ਨਹੀਂ ਕਰਦਾ। ਪਰਿਵਾਰ ਦੀਆਂ ਉਮੀਦਾਂ ਤੇ ਖਰਾ ਉਤਰਨ ਲਈ ਤੁਹਾਨੂੰ ਕੁਝ ਕਰ ਦਿਖਾਉਣ ਦੀ ਜ਼ਰੂਰਤ ਹੈ। ਅੱਜ ਨਿਵੇਸ਼ ਦੇ ਜੋ ਨਵੇਂ ਮੌਕੇ ਤੁਹਾਡੇ ਵੱਲ ਆਏ ਹਨ ਉਨਾਂ ਤੇ ਵਿਚਾਰ ਕਰੋ ਪਰੰਤੂ ਪੈਸਾ ਉਦੋ ਹੀ ਲਗਾਉ ਜਦੋਂ ਤੁਸੀ ਭਲੀਭਾਂਤ ਉਨਾ ਯੋਜਨਾਵਾਂ ਦਾ ਅਧਿਐਨ ਕਰ ਲਵੋ। ਆਪਣੇ ਵਿਵਹਾਰ ਵਿਚ ਉਦਾਰ ਲਿਆਵੋ ਅਤੇ ਪਰਿਵਾਰ ਦੇ ਨਾਲ ਪਿਆਰ ਭਰੇ ਪਲ ਗੁਜ਼ਾਰੋ। ਆਪਣੇ ਰੁਮਾਂਟਿਕ ਖਿਆਲਾਂ ਨੂੰ ਹਰ ਕਿਸੇ ਨੂੰ ਦੱਸਣ ਤੋਂ ਬਚੋ। ਇਹ ਦਿਨ ਉਨਾਂ ਦਿਨਾਂ ਵਿਚੋਂ ਇਕ ਦਿਨ ਹੈ ਜਦੋਂ ਕੰਮ ਕਾਰ ਵਿਚ ਤੁਸੀ ਇੱਛਾ ਮਹਿਸੂਸ ਕਰੋਂਗੇ। ਅੱਜ ਤੁਹਾਡੇ ਕਰੀਬੀ ਤੁਹਾਡੇ ਕੰਮ ਦੀ ਹੌਂਸਲਾ ਅਫਜ਼ਾਈ ਕਰਨਗੇ ਅਤੇ ਤੁਹਾਡਾ ਬੌਸ ਵੀ ਤੁਹਾਡੇ ਕੰਮ ਤੋਂ ਖੁਸ਼ ਹੋਵੇਗਾ। ਕਾਰੋਬਾਰੀ ਵੀ ਅੱਜ ਵਪਾਰ ਵਿਚ ਲਾਭ ਕਮਾ ਸਕਦੇ ਹਨ। ਇਸ ਰਾਸ਼ੀ ਦੇ ਚਿੰਨ੍ਹ ਅੱਜ ਦੇ ਦਿਨ ਆਪਣੇ ਭੈਣ ਭਰਾ ਦੇ ਨਾਲ ਘਰ ਵਿਚ ਕੋਈ ਫਿਲਮ ਜਾਂ ਮੈਚ ਦੇਖ ਸਕਦੇ ਹਨ ਅਜਿਹਾ ਕਰਕੇ ਤੁਸੀ ਲੋਕਾਂ ਦੇ ਪਿਆਰ ਵਿਚ ਵਾਧਾ ਵੀ ਕਰ ਸਕਦੇ ਹੋਂ। ਰੋਜ਼ਮਰਾ ਆਪਣੇ ਜੀਵਨਸਾਥੀ ਨੂੰ ਤੋਹਫੇ ਦਿੰਦੇ ਰਹੋ ਨਹੀਂ ਤਾਂ ਉਹ ਖੁਦ ਨੂੰ ਅਖਾਸ ਕਰਨਾ ਸ਼ੁਰੂ ਮਹਿਸੂਸ ਕਰ ਸਕਦਾ ਹੈ।



**ਮਿਥੁਨ:** ਖਾਣ ਪੀਣ ਸਮੇਂ ਸਾਵਧਾਨ ਰਹੋ ਲਾਪਰਵਾਹੀ ਬਿਮਾਰੀ ਦੀ ਵਜਾਹ ਬਣ ਸਕਦੀ ਹੈ। ਰੁਕਿਆ ਹੋਇਆ ਪੈਸਾ ਮਿਲੇਗਾ ਅਤੇ ਆਰਥਿਕ ਹਾਲਾਤ ਵਿਚ ਸੁਧਾਰ ਆਵੇਗਾ। ਅਣਚਾਹੇ ਮਹਿਮਾਨਾਂ ਨਾਲ ਤੁਹਾਡਾ ਘਰ ਭਰਿਆ ਰਹਿ ਸਕਦਾ ਹੈ ਪਿਆਰ ਵਿਚ ਹਰ ਰੋਜ ਪੈਣ ਦੇ ਆਪਣੇ ਸੁਭਾਅ ਨੂੰ ਬਦਲੋ। ਰਿਟੇਲ ਅਤੇ ਥੋਕ ਵਪਾਰੀਆਂ ਦੇ ਲਈ ਚੰਗਾ ਦਿਨ ਹੈ। ਟੈਕਸ ਅਤੇ ਬੀਮੇ ਨਾਲ ਜੁੜੇ ਮਾਮਲਿਆਂ ਤੇ ਗੌਰ ਕਰਨ ਦੀ ਲੋੜ ਹੈ। ਅਸਜਤਾ ਦੀ ਵਜਾਹ ਨਾਲ ਤੁਸੀ ਵਿਆਹੁਤਾ ਜੀਵਨ ਵਿਚ ਖੁਦ ਨੂੰ ਫਸਿਆ ਹੋਇਆ ਮਹਿਸੂਸ ਕਰ ਸਕਦੇ ਹੋ ਤੁਹਾਨੂੰ ਲੋੜ ਹੈ ਜੀਵਨ ਸਾਥੀ ਨਾਲ ਗੱਲ ਬਾਤ ਦੀ।

**ਕਰਕ :** ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਹਿੰਮਤ ਨਾ ਹਾਰੋ ਅਤੇ ਇੱਛਚ ਫਲ ਪਾਉਣ ਦੇ ਲਈ ਸਖਤ ਮਿਹਨਤ ਕਰੋ। ਇਨਾਂ ਨਾਕਮੀਆਂ ਨੂੰ ਤਰੱਕੀ ਦਾ ਆਧਾਰ ਬਣਾਉ। ਮੁਸ਼ਕਿਲ ਘੜੀ ਵਿਚ ਰਿਸ਼ਤੇਦਾਰ ਵੀ ਕੰਮ ਆਉਣਗੇ। ਅੱਜ ਤੁਸੀ ਆਸਾਨੀ ਨਾਲ ਪੂੰਜੀ ਇਕੱਠਾ ਕਰ ਸਕਦੇ ਹੋ ਲੋਕਾਂ ਨੂੰ ਦਿੱਤੇ ਪੁਰਾਣੇ ਕਰਜ ਵਾਪਿਸ ਮਿਲ ਸਕਦੇ ਹਨ ਜਾਂ ਫਿਰ ਕਿਸੇ ਨਵੀਂ ਯੋਜਨਾ ਤੇ ਲਗਾਉਣ ਲਈ ਪੈਸਾ ਦੇ ਸਕਦੇ ਹੋ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੌਕਾ ਨਾ ਦਿਉ। ਕੋਸ਼ਿਸ਼ ਕਰੋ ਬੋਲਣ ਤੇ ਕਾਬੂ ਰੱਖੋ ਕਿਉਂ ਕਿ ਸਖਤ ਸ਼ਬਦ ਸ਼ਾਤੀ ਨੂੰ ਖਤਮ ਕਰਕੇ ਤੁਹਾਡੇ ਅਤੇ ਪ੍ਰੇਮੀ ਵਿਚਕਾਰ ਦਰਾੜ ਪੈਦਾ ਕਰ ਸਕਦੇ ਹਨ। ਤੁਹਾਡੀ ਇਮਾਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਅੱਜ ਦਾਨ ਅਤੇ ਸਮਾਜਿਕ ਕੰਮ ਤੁਹਾਨੂੰ ਆਕਰਸ਼ਿਤ ਕਰਨਗੇ ਜੇਕਰ ਤੁਸੀ ਇਨਾਂ ਕੰਮਾਂ ਵਿਚ ਥੋੜਾ ਸਮਾਂ ਲਗਾਉ ਤਾਂ ਕਾਫੀ ਸਾਕਾਰਤਮਕ ਬਦਲਾਅ ਆ ਸਕਦੇ ਹਨ। ਅੱਜ ਤੁਹਾਡੀ ਬੀਤੀ ਜ਼ਿੰਦਗੀ ਦਾ ਕੋਈ ਰਾਜ਼ ਤੁਹਾਡੇ ਜੀਵਨ ਸਾਥੀ ਨੂੰ ਉਦਾਸ ਕਰ ਸਕਦਾ ਹੈ।

**ਸਿੰਘ:** ਗਰਭਵਤੀ ਔਰਤਾਂ ਲਈ ਅਤਿਰਿਕਤ ਤੌਰ ਤੇ ਸਾਵਧਾਨ ਰਹਿਣ ਦਾ ਦਿਨ ਹੈ। ਅੱਜ ਕਾਰੋਬਾਰ ਦੀ ਮਜ਼ਬੂਤੀ ਲਈ ਤੁਹਾਨੂੰ ਕਈਂ ਮਹੱਤਵਪੂਰਨ ਫੈਂਸਲੇ ਲੈਣੇ ਪੈ ਸਕਦੇ ਹਨ ਜਿਸਦੇ ਲਈ ਤੁਹਾਡਾ ਕੋਈ ਕਰੀਬੀ ਤੁਹਾਡੀ ਮਦਦ ਕਰ ਸਕਦਾ ਹੈ। ਭੈਣ ਦਾ ਪਿਆਰ ਤੁਹਾਨੂੰ ਪ੍ਰੇਰਨਾ ਦੇਵੇਗਾ ਪਰੰਤੂ ਛੋਟੀ-ਮੋਟੀ ਗੱਲਾਂ ਤੇ ਗੁੱਸਾ ਹੋਣ ਤੋਂ ਬਚੋ ਕਿਉਂ ਕਿ ਇਸ ਨਾਲ ਤੁਹਾਡੇ ਹਿੱਤਾਂ ਨੂੰ ਨੁਕਸਾਨ ਪਹੁੰਚੇਗਾ। ਤੁਹਾਡੇ ਲਈ ਪਿਆਰ ਹਵਾ ਵਿਚ ਹੈ ਆਸ ਪਾਸ ਦੇਖੋ ਹਰ ਚੀਜ ਗੁਲਾਬੀ ਹੈ। ਨਵੀਂ ਸਾਂਝੀਦਾਰੀ ਅੱਜ ਦੇ ਦਿਨ ਲਾਭਦਾਇਕ ਰਹੇਗੀ। ਅੱਜ ਤੁਸੀ ਵਿਅਸਤ ਦਿਨਭਰ ਦੇ ਬਾਵਜੂਦ ਵੀ ਆਪਣੇ ਲਈ ਸਮਾਂ ਕੱਢਣ ਵਿਚ ਕਾਮਯਾਬ ਰਹੋਂਗੇ ਅਤੇ ਇਸ ਖਾਲੀ ਸਮੇਂ ਵਿਚ ਆਪਣੇ ਪਰਿਵਾਰ ਵਾਲਿਆਂ ਦੇ ਨਾਲ ਗੱਲਬਾਤ ਕਰ ਸਕਦੇ ਹੋ। ਤੁਸੀ ਅੱਜ ਜਾਣੋਗੇ ਕਿ ਵਿਆਹ ਦਾ ਬੰਧਨ ਵਾਕਾਈ ਸਵਰਗ ਵਿਚ ਬਣਾਇਆ ਜਾਂਦਾ ਹੈ।

**ਕੰਨਿਆ:** ਉਦਾਸ ਅਤੇ ਤਨਾਵ ਮਨ ਦੀ ਸ਼ਾਤੀ ਨੂੰ ਖਤਮ ਕਰ ਸਕਦਾ ਹੈ। ਅੱਜ ਕੀਤਾ ਗਿਆ ਨਿਵੇਸ਼ ਤੁਹਾਡੀ ਖੁਸ਼ਹਾਲੀ ਅਤੇ ਆਰਥਿਕ ਸੁੱਰਖਿਆ ਵਿਚ ਵਾਧਾ ਕਰੇਗਾ। ਅਜਿਹਾ ਦਿਨ ਹੈ ਜਦੋਂ ਕੰਮ ਦਾ ਦਬਾਅ ਘੱਟ ਰਹੇਗਾ ਅਤੇ ਤੁਸੀ ਪਰਿਵਾਰ ਦੇ ਨਾਲ ਸਮਾਂ ਬਿਤਉਣ ਦਾ ਮਜ਼ਾ ਲਵੋਂਗੇ। ਤੁਹਾਡਾ ਮੂਡ ਸ਼ਾਇਦ ਤੁਹਾਡੇ ਪ੍ਰੇਮੀ ਦੇ ਸਖਤ ਸ਼ਬਦਾਂ ਕਾਰਨ ਖਰਾਬ ਹੋ ਜਾਵੇ। ਅਜਿਹੇ ਲੋਕਾਂ ਦੇ ਨਾਲ ਜੁੜੋ ਜੋ ਸਥਾਪਿਤ ਹੋਣ ਅਤੇ ਭਵਿੱਖ ਦੇ ਰੁਝਾਨਾ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਖੁਸ਼ਹਾਲੀ ਲਈ ਯਾਤਰਾ ਸੰਤੁਸ਼ਟੀ ਪੂਰਵਕ ਹੋਵੇਗੀ। ਤੁਹਾਡਾ ਜੀਵਨ ਸਾਥੀ ਰੋਜ਼ਾਨਾ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਰੁਕ ਸਕਦੇ ਹੋ ਜਿਸ ਦੇ ਚਲਦੇ ਤੁਹਾਡਾ ਮੂਡ ਖਰਾਬ ਹੋਣ ਦੀ ਸੰਭਾਵਨਾ ਹੈ।

**ਤੁਲਾ:** ਸਰੀਰਕ ਅਤੇ ਮਾਨਸਿਕ ਬਿਮਾਰੀ ਦੀ ਜੜ ਦੁੱਖ ਹੋ ਸਕਦਾ ਹੈ। ਇਸ ਰਾਸ਼ੀ ਦੇ ਵਿਵਾਹੁਤ ਜਾਤਕਾਂ ਨੂੰ ਅੱਜ ਸੌਰਿਆਂ ਤੋਂ ਲਾਭ ਹੋਣ ਦੀ ਸੰਭਾਵਨਾ ਹੈ। ਆਪਣੇ ਘਰ ਦੇ ਵਾਤਾਵਰਣ ਵਿਚ ਬਦਲਾਅ ਕਰਨ ਤੋਂ ਪਹਿਲਾਂ ਤੁਹਾਨੂੰ ਸਾਰਿਆਂ ਦੀ ਸਲਾਹ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਪਣੇ ਪਿਆਰ ਦੀਆਂ ਬੇਲੋੜੀਆਂ ਮੰਗਾਂ ਵੱਲ ਨਾ ਝੁਕੋ। ਅਜਿਹੇ ਲੋਕਾਂ ਨਾਲ ਹੱਥ ਮਿਲਾਉ ਜੋ ਰਚਨਾਤਮਕ ਹਨ ਅਤੇ ਜਿਨਾਂ ਦੇ ਖਿਆਲ ਤੁਹਾਡੇ ਨਾਲ ਮਿਲਦੇ ਹਨ। ਤੁਹਾਨੂੰ ਆਪਣੇ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਲੋਕਾਂ ਨੂੰ ਸਮਾਂ ਦੇਣਾ ਸਿੱਖਣਾ ਪਵੇਗਾ ਜਿਸ ਦੀ ਤੁਸੀ ਸਭ ਤੋਂ ਵੱਧ ਕਦਰ ਕਰਦੇ ਹੋ। ਤੁਹਾਡਾ ਜੀਵਨਸਾਥੀ ਤੁਹਾਡੀ ਲੋੜਾਂ ਨੂੰ ਅਣਦੇਖਿਆ ਕਰ ਸਕਦਾ ਹੈ ਜਿਸ ਦੇ ਚਲਦੇ ਤੁਸੀ ਚਿੜਚਿੜੇ ਹੋ ਸਕਦੇ ਹੋ।

**ਬ੍ਰਿਸ਼ਚਕ:** ਘਰੇਲੂ ਪਰੇਸ਼ਾਨੀਆਂ ਤੁਹਾਨੂੰ ਤਣਾਅ ਦੇ ਸਕਦੀ ਹੈ। ਜੋ ਲੋਕ ਦੁੱਧ ਉਦਯੋਗ ਨਾਲ ਜੁੜੇ ਹਨ ਉਨਾਂ ਨੂੰ ਅੱਜ ਆਰਥਿਕ ਲਾਭ ਹੋਣ ਦੀ ਪ੍ਰਬਲ ਸੰਭਾਵਨਾ ਹੈ। ਅਜਿਹੇ ਕੰਮਾਂ ਨੂੰ ਸ਼ੁਰੂ ਕਰਨ ਲਈ ਵਧੀਆ ਦਿਨ ਹੈ ਜਿਸ ਨਾਲ ਨੌਜਵਾਨ ਲੋਕ ਜੁੜੇ ਹੋਣ। ਤੁਹਾਡੀ ਥੱਕੀ ਅਤੇ ਉਦਾਸ ਜ਼ਿੰਦਗੀ ਵਿਚ ਆਪਣੇ ਜੀਵਨ ਸਾਥੀ ਨੂੰ ਤਣਾਵ ਦੇ ਸਕਦੀ ਹੈ। ਅੱਜ ਤੁਹਾਡੇ ਕੋਲ ਆਪਣੇ ਹੁੱਨਰਾਂ ਨੂੰ ਦਿਖਾਉਣ ਦੇ ਮੌਕੇ ਹੋਣਗੇ। ਇਹ ਦਿਨ ਬਿਹਤਰੀਨ ਦਿਨਾਂ ਵਿਚੋਂ ਇਕ ਦਿਨ ਹੈ ਕਿਉਂ ਕਿ ਤੁਸੀ ਖੁਸ਼ਹਾਲ ਭਵਿੱਖ ਲਈ ਚੰਗੀ ਯੋਜਨਾ ਬਣ ਸਕਦੇ ਹੋ ਪਰੰਤੂ ਸ਼ਾਮ ਦੇ ਸਮੇਂ ਕਿਸੇ ਰਿਸ਼ਤੇਦਾਰ ਦੇ ਘਰ ਆ ਜਾਣ ਦੇ ਕਾਰਨ ਤੁਹਾਡੀ ਸਾਰੀ ਯੋਜਨਾ ਖਰਾਬ ਹੋ ਸਕਦੀ ਹੈ। ਰਿਸ਼ਤੇਦਾਰਾਂ ਦੇ ਕਿਸੇ ਕਾਰਨ ਨੂੰ ਲੈ ਕੇ ਵਾਦ ਵਿਵਾਦ ਹੋ ਸਕਦਾ ਹੈ।

**ਧਨੂੰ:** ਆਪਣੇ ਖਰਾਬ ਮੂਡ ਨੂੰ ਵਿਆਹੀ ਵਰੀ ਜ਼ਿੰਦਗੀ ਵਿਚ ਤਣਾਵ ਦਾ ਕਾਰਨ ਨਾ ਬਣਨ ਦਿਉ ਇਸ ਤੋਂ ਬਚਣ ਦੀ ਕੋਸ਼ਿਸ਼ ਕਰੋ ਨਹੀਂ ਤਾਂ ਬਾਅਦ ਵਿਚ ਪਛਤਾਉਣਾ ਪਵੇਗਾ। ਅੱਜ ਦੇ ਦਿਨ ਤੁਹਾਨੂੰ ਆਰਥਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਸੰਭਵ ਹੈ ਕਿ ਤੁਸੀ ਜ਼ਰੂਰਤ ਤੋਂ ਜ਼ਿਆਦਾ ਖਰਚ ਕਰੋ ਜਾਂ ਤੁਹਾਡਾ ਪਰਸ ਵੀ ਖੋ ਸਕਦਾ ਹੈ ਇਨਾਂ ਮਾਮਲਿਆਂ ਵਿਚ ਸਾਵਧਾਨੀ ਦੀ ਘਾਟ ਤੁਹਾਨੂੰ ਨੁਕਸਾਨ ਪਹੁੰਚਾ ਸਕਦੀ ਹੈ। ਪਿਤਾ ਦਾ ਸਖਤ ਵਿਵਹਾਰ ਤੁਹਾਨੂੰ ਨਾਰਾਜ਼ ਕਰ ਸਕਦਾ ਹੈ ਪਰੰਤੂ ਹਾਲਾਤ ਨੂੰ ਨਿਯੰਤਰਣ ਵਿਚ ਰੱਖਣ ਦੇ ਲਈ ਸ਼ਾਤ ਰਹੋ ਇਸ ਤੋਂ ਤੁਹਾਨੂੰ ਲਾਭ ਹੋਵੇਗਾ। ਇਕ ਪਿਆਰੀ ਜਿਹੀ ਮੁਸਕਰਾਹਟ ਨਾਲ ਆਪਣੇ ਪ੍ਰੇਮੀ ਦਾ ਦਿਨ ਰੋਸ਼ਨ ਕਰੋ। ਇਹ ਕਰੀਅਰ ਦੇ ਮੋਰਚੇ ਤੇ ਉਨਾਂ ਬਦਲਾਵਾਂ ਨੂੰ ਕਰਨ ਦਾ ਸਹੀ ਸਮਾਂ ਹੈ ਜਿਸ ਬਾਰੇ ਵਿਚ ਤੁਸੀ ਲੰਬੇ ਸਮੇਂ ਤੋਂ ਸੋਚ ਰਹੇ ਹੋ। ਸੈਮੀਨਾਰ ਅਤੇ ਪ੍ਰਦਰਸ਼ਨੀ ਤੁਹਾਨੂੰ ਨਵਾਂ ਗਿਆਨ ਅਤੇ ਸੰਪਰਕ ਪ੍ਰਦਾਨ ਕਰ ਸਕਦਾ ਹੈ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।

**ਮਕਰ:** ਦੰਦ ਦੀ ਤਕਲੀਫ ਜਾਂ ਪੇਟ ਦੀ ਤਕਲੀਫ ਤੁਹਾਡੇ ਲਈ ਪਰੇਸ਼ਾਨੀ ਖੜੀ ਕਰ ਸਕਦੀ ਹੈ। ਤੁਰੰਤ ਆਰਾਮ ਪਾਉਣ ਲਈ ਚੰਗੇ ਡਾਕਟਰ ਦੀ ਸਲਾਹ ਲੈਣ ਵਿਚ ਢਿੱਲ ਨਾ ਵਰਤੋ। ਅੱਜ ਤੁਹਾਨੂੰ ਕੋਈ ਪੁਰਾਣੀ ਬਿਮਾਰੀ ਪਰੇਸ਼ਾਨ ਕਰ ਸਕਦੀ ਹੈ ਜਿਸ ਦੀ ਵਜਾਹ ਨਾਲ ਤੁਹਾਨੂੰ ਹਸਪਤਾਲ ਵੀ ਜਾਣਾ ਪੈ ਸਕਦਾ ਹੈ ਅਤੇ ਤੁਹਾਡੀ ਕਾਫੀ ਖਰਚ ਹੋ ਸਕਦਾ ਹੈ। ਜਿਨਾਂ ਲੋਕਾਂ ਨਾਲ ਤੁਹਾਡੀ ਮੁਲਾਕਾਤ ਕਦੀ ਕਦੀ ਹੁੰਦੀ ਹੈ ਉਨਾਂ ਨਾਲ ਗੱਲਬਾਤ ਅਤੇ ਸੰਪਰਕ ਕਰਨ ਲਈ ਚੰਗਾ ਦਿਨ ਹੈ ਪਿਆਰ ਦੇ ਮਾਮਲੇ ਵਿਚ ਗੁਲਾਮ ਦੀ ਕੰਮ ਨਾ ਕਰੋ। ਆਪਣੀ ਕੁਸ਼ਲਤਾ ਦਾ ਇਸਤੇਮਾਲ ਪੇਸ਼ੇਵਰ ਮਾਮਲਿਆਂ ਨੂੰ ਸਹਿਜਤਾ ਨਾਲ ਸੁਲਝਾਉਨ ਵਿਚ ਕਰੋ। ਅੱਜ ਦਾ ਦਿਨ ਤੁਸੀ ਆਪਣੇ ਕਿਸੇ ਦੋਸਤ ਦੇ ਨਾਲ ਸਮਾਂ ਬਿਤਾ ਸਕਦੇ ਹੋ ਪਰੰਤੂ ਇਸ ਦੌਰਾਨ ਤੁਸੀ ਸ਼ਰਾਬ ਦਾ ਸੇਵਨ ਕਰਨ ਤੋਂ ਬਚੋ ਨਹੀਂ ਤਾਂ ਸਮੇਂ ਦੀ ਬਰਬਾਦੀ ਹੋ ਸਕਦੀ ਹੈ। ਪਰਿਵਾਰਿ ਦੇ ਮੈਂਬਰਾਂ ਨਾਲ ਥੋੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰੰਤੂ ਦਿਨ ਦੇ ਆਖਰ ਵਿਚ ਤੁਹਾਡਾ ਜੀਵਨ ਸਾਥੀ ਤੁਹਾਡੀ ਪਰੇਸ਼ਾਨੀਆਂ ਨੂੰ ਸੁਲਹਾਏਗਾ।

**ਕੁੰਭ:** ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੂੰ ਤੁਹਾਡੀ ਜ਼ਿੰਦਗੀ ਸ਼ਾਇਦ ਬੇਹਤਰੀਨ ਨਜ਼ਰ ਆਵੇ ਪਰ ਹਾਲ ਹੀ ਵਿਚ ਹੋਈ ਘਟਨਾ ਦੇ ਚਲਦੇ ਤੁਸੀ ਅੰਦਰ ਹੀ ਅੰਦਰ ਉਦਾਸ ਹੋ। ਤੁਸੀ ਖੁਦ ਨੂੰ ਨਵੇਂ ਰੁਮਾਂਚਕ ਹਾਲਾਤ ਵਿਚ ਪਾਵੋਂਗੇ ਜੋ ਤੁਹਾਨੂੰ ਆਰਥਿਕ ਲਾਭ ਦੇਵੇਗਾ। ਭਾਵਨਾਤਮਕ ਤੋਰ ਤੇ ਖਤਰਾ ਉਠਾਉਣਾ ਆਪਣੇ ਪੱਖ ਵਿਚ ਜਾਵੇਗਾ। ਆਪਣੇ ਸਾਥੀ ਨੂੰ ਭਾਵਨਾਤਮਕ ਤੋਰ ਤੇ ਬਲੈਕਮੇਲ ਕਰਨ ਤੋਂ ਬਚੋ। ਅੱਜ ਤੁਹਾਡੀ ਕਲਾਤਮਕ ਅਤੇ ਰਚਨਾਤਮਕ ਹੁੱਨਰ ਨੂੰ ਕਾਫੀ ਸਰਹਾਨਾ ਮਿਲੇਗੀ ਅਤੇ ਇਸਦੇ ਚਲਦੇ ਅਚਾਨਕ ਲਾਭ ਮਿਲਣ ਦੀ ਸੰਭਾਵਨਾ ਵੀ ਹੈ। ਘਰੇਲੂ ਕੰਮਾਂ ਨੂੰ ਪੂਰਾ ਕਰਨ ਤੋਂ ਬਾਅਦ ਇਸ ਰਾਸ਼ੀ ਦੀਆਂ ਔਰਤਾਂ ਟੀਵੀ ਜਾਂ ਫਿਲਮ ਦੇਖ ਸਕਦੀਆਂ ਹਨ ਜਾਂ ਖਾਲੀ ਸਮੇਂ ਵਿਚ ਆਪਣੇ ਮੋਬਾਇਲ ਫੋਨ ਵਿਚ ਰੁਝ ਸਕਦੀਆਂ ਹਨ। ਜੀਵਨ ਸਾਥੀ ਦੀ ਖਰਾਬ ਸਿਹਤ ਦੇ ਚਲਦੇ ਤੁਸੀ ਚਿੰਤਾਗ੍ਰਸਤ ਹੋ ਸਕਦੇ ਹੋ।

**ਮੀਨ:** ਤੁਹਾਡੇ ਵਿਚੋਂ ਕੁੱਝ ਲੋਕਾਂ ਨੂੰ ਅੱਜ ਮਹੱਤਵਪੂਰਨ ਫੈਂਸਲਾ ਲੈਣ ਵਿਚ ਰੁਕਾਵਟ ਪੈ ਸਕਦੀ ਹੈਜਿਸ ਤੋਂ ਤੁਸੀ ਤਣਾਅਗ੍ਰਸਤ ਅਤੇ ਚਿੰਤਤ ਹੋ ਸਕਦੇ ਹੋ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ ਜਾਵੇਗੀ। ਇਕ ਚਿੱਠੀ ਪੂਰੇ ਪਰਿਵਾਰ ਦੇ ਲਈ ਚੰਗੀ ਖਬਰ ਲਿਆਵੇਗਾ। ਪ੍ਰੇਮੀ ਇਕ ਦੂਜੇ ਦੀਆਂ ਪਰਿਵਾਰਿਕ ਭਾਵਨਾਵਾਂ ਨੂੰ ਸਮਝਣਗੇ। ਅੱਜ ਤੁਸੀ ਦੂਸਰੇ ਦਿਨਾਂ ਦੀ ਤੁਲਨਾ ਵਿਚ ਆਪਣੇ ਲਕਸ਼ਾ ਨੂੰ ਕੁਝ ਜ਼ਿਆਦਾ ਹੀ ਉੱਚਾ ਤੈਅ ਕਰ ਸਕਦੇ ਹੋ ਜੇਕਰ ਨਤੀਜੇ ਤੁਹਾਡੇ ਉਮੀਦ ਮੁਤਾਬਿਕ ਨਾ ਹੋਣ ਤਾਂ ਨਿਰਾਸ਼ ਨਾ ਹੋਵੋ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।

# ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਤੇ ਲਦਾਖ?




ਲੋਕ ਹਿਤੈਸ਼ੀ ਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਸੰਘਰਸ਼ਸ਼ੀਲ ਜੱਥੇਬੰਦੀਆਂ ਨੇ ਭਾਰਤ ਸਰਕਾਰ ਦੁਆਰਾ ਲਦਾਖ ਦੇ ਮਸ਼ਹੂਰ ਸਮਾਜਕ ਕਾਰਕੁਨ ਅਤੇ ਸ਼ਾਂਤਮਈ ਅੰਦੋਲਨਕਾਰੀ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਖ਼ਿਲਾਫ਼ ਸਖ਼ਤ ਵਿਰੋਧ ਜਤਾਇਆ ਹੈ।

59 ਸਾਲਾ ਵਾਂਗਚੁਕ ਪਿਛਲੇ ਕਈ ਮਹੀਨਿਆਂ ਤੋਂ ਲਦਾਖ਼ ਨੂੰ ਪੂਰਨ ਰਾਜ ਦਾ ਦਰਜਾ ਅਤੇ ਆਦਿਵਾਸੀ ਇਲਾਕਿਆਂ ਦੇ ਵਿਕਾਸ ਲਈ ਨਿਰੰਤਰ ਸ਼ਾਂਤਮਈ ਅੰਦੋਲਨ ਕਰ ਰਹੇ ਸਨ।

ਦੋ ਹਫ਼ਤਿਆਂ ਦੀ ਭੁੱਖ ਹੜਤਾਲ ਦੌਰਾਨ ਖੇਤਰ ਵਿੱਚ ਤਣਾਅ ਵੱਧ ਗਿਆ ਅਤੇ ਬੁੱਧਵਾਰ ਨੂੰ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿੱਚ ਹਿੰਸਕ ਝੜਪਾਂ ਹੋਈਆਂ। ਇਸ ਹਿੰਸਾ ਵਿੱਚ ਘੱਟੋ-ਘੱਟ ਮੌਤ ਹੋ ਗਈਆਂ ਅਤੇ ਦਰਜਨਾਂ ਲੋਕ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਵਾਂਗਚੁਕ 'ਤੇ ਭੀੜ ਨੂੰ ਉਕਸਾਉਣ ਅਤੇ ਕਾਨੂੰਨ-ਵਿਵਸਥਾ ਲਈ ਖ਼ਤਰਾ ਪੈਦਾ ਕਰਨ ਦੇ ਦੋਸ਼ ਲਾਏ। ਸ਼ੁੱਕਰਵਾਰ ਨੂੰ ਉਹਨਾਂ ਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ (ਸ਼ਅ) ਹੇਠ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਉਹ ਕਾਨੂੰਨ ਹੈ ਜਿਸ ਨਾਲ ਕਿਸੇ ਵੀ ਵਿਅਕਤੀ ਨੂੰ ਰਾਸ਼ਟਰੀ ਸੁਰੱਖਿਆ ਨੂੰ ਖ਼ਤਰਾ ਪੈਦਾ ਕਰਨ ਦੇ ਦੋਸ਼ ਹੇਠ ਬਿਨਾਂ ਟ੍ਰਾਇਲ ਦੇ ਲੰਮੇ ਸਮੇਂ ਲਈ ਕੈਦ ਕੀਤਾ ਜਾ ਸਕਦਾ ਹੈ।

2019 ਵਿੱਚ, ਜਦੋਂ ਨਰਿੰਦਰ ਮੋਦੀ ਸਰਕਾਰ ਨੇ ਜੰਮੂ-ਕਸ਼ਮੀਰ ਦਾ ਖ਼ਾਸ ਸੂਬਾਈ ਦਰਜਾ ਰੱਦ ਕਰਕੇ ਲਦਾਖ਼ ਨੂੰ ਸਿੱਧੇ ਕੇਂਦਰ ਦੇ ਅਧੀਨ ਕਰ ਦਿੱਤਾ ਸੀ, ਉਸ ਵੇਲੇ ਲੋਕਾਂ ਨੇ ਵਿਕਾਸ ਅਤੇ ਵਧੇਰੇ ਸੁਤੰਤਰਤਾ ਦੀ ਉਮੀਦ ਨਾਲ ਸਰਕਾਰ ਇਸ ਕਦਮ ਨੂੰ ਸਹਿਣ ਕਰ ਲਿਆ ਸੀ। ਪਰ ਕੁਝ ਹੀ ਸਮੇਂ ਵਿੱਚ ਇਹ ਉਮੀਦ ਨਿਰਾਸ਼ਾ ਵਿੱਚ ਬਦਲ ਗਈ। ਲੋਕਾਂ ਨੂੰ ਮਹਿਸੂਸ ਹੋਣ ਲੱਗਾ ਕਿ ਨਾ ਤਾਂ ਖੇਤਰ ਨੂੰ ਵਿਕਾਸ ਮਿਲਿਆ ਹੈ ਅਤੇ ਨਾ ਹੀ ਉਹ ਆਜ਼ਾਦੀ ਜਿਸ ਦਾ ਵਾਅਦਾ ਕੀਤਾ ਗਿਆ ਸੀ। ਇਸ ਅਸੰਤੋਸ਼ ਦੇ ਪਿਛੋਕੜ ਵਿੱਚ ਵਾਂਗਚੁਕ ਦੀ ਅਗਵਾਈ ਵਿੱਚ ਰਾਜ ਦੇ ਦਰਜੇ ਦੀ ਮੰਗ ਨੇ ਜ਼ੋਰ ਫੜਿਆ। ਸਰਕਾਰ ਦਾ ਮਤ ਹੈ ਕਿ ਵਾਂਗਚੁਕ ਨੇ ਨੌਜਵਾਨਾਂ ਦੀ ਨਾਰਾਜ਼ਗੀ ਨੂੰ "ਘਣਨ ਜ਼ਗ ਕ੍ਰਾਂਤੀ" ਨਾਲ ਜੋੜ ਕੇ ਲੋਕਾਂ ਨੂੰ ਭੜਕਾਇਆ ਅਤੇ "ਅਰਬ ਸਪ੍ਰਿੰਗ" ਦਾ ਹਵਾਲਾ ਦੇ ਕੇ ਖੇਤਰ ਵਿੱਚ ਅਸਥਿਰਤਾ ਪੈਦਾ ਕੀਤੀ। ਸਰਕਾਰੀ ਬਿਆਨਾਂ ਅਨੁਸਾਰ, ਉਹਨਾਂ ਦੀ ਗਤੀਵਿਧੀਆਂ ਖੇਤਰ ਦੀ ਸ਼ਾਂਤੀ ਅਤੇ ਸੁਰੱਖਿਆ ਲਈ ਹਾਨੀਕਾਰਕ ਹਨ।

ਪਰ ਇਸ ਗ੍ਰਿਫ਼ਤਾਰੀ ਨੇ ਜਮਹੂਰੀ ਹੱਕਾਂ ਅਤੇ ਅਜ਼ਾਦੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਿਛਲੇ ਕੁਝ ਸਾਲਾਂ ਵਿੱਚ ਕੇਂਦਰ ਸਰਕਾਰ ਦੇ ਆਲੋਚਕਾਂ, ਚਾਹੇ ਉਹ ਪੱਤਰਕਾਰ ਹੋਣ, ਸਮਾਜਕ ਕਾਰਕੁਨ, ਅਕਾਦਮਿਕ ਜਾਂ ਘੱਟਗਿਣਤੀ ਸਮੂਹਾਂ ਨੂੰ ਅਕਸਰ ਕਾਨੂੰਨੀ ਕਾਰਵਾਈ ਦੇ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ। ਵਾਂਗਚੁਕ ਦਾ ਮਾਮਲਾ ਵੀ ਉਸੇ ਪੈਟਰਨ ਦਾ ਹਿੱਸਾ ਲੱਗਦਾ ਹੈ।

ਲਦਾਖ, ਜੋ ਚੀਨ ਅਤੇ ਪਾਕਿਸਤਾਨ ਦੀਆਂ ਸਰਹੱਦਾਂ ਨਾਲ ਲੱਗਦਾ ਹੈ, ਭਾਰਤ ਲਈ ਰਣਨੀਤਿਕ ਤੌਰ 'ਤੇ ਬਹੁਤ ਮਹੱਤਵਪੂਰਨ ਹੈ। ਇਸ ਭੂ-ਰਾਜਨੀਤਿਕ ਪ੍ਰਸੰਗ ਵਿੱਚ ਸਰਕਾਰ ਕਿਸੇ ਵੀ ਕਿਸਮ ਦੀ ਅਸਥਿਰਤਾ ਨੂੰ ਰਾਸ਼ਟਰੀ ਸੁਰੱਖਿਆ ਦੇ ਖ਼ਤਰੇ ਵਾਂਗ ਦੇਖਦੀ ਹੈ। ਪਰ ਲੋਕਾਂ ਦੀਆਂ ਵਾਜਬ ਮੰਗਾਂ ਨੂੰ ਸੁਰੱਖਿਆ ਦੇ ਨਾਂਅ 'ਤੇ ਦਬਾਉਣਾ, ਇਹ ਸਵਾਲ ਉਠਾਉਂਦਾ ਹੈ ਕਿ ਜਮਹੂਰੀਅਤ ਕਿੱਥੇ ਹੈ।

ਵਾਂਗਚੁਕ ਦੀ ਗ੍ਰਿਫ਼ਤਾਰੀ ਸਿਰਫ਼ ਇਕ ਵਿਅਕਤੀ ਦੀ ਕਹਾਣੀ ਨਹੀਂ, ਇਹ ਲਦਾਖ ਦੇ ਸਵਾ ਤਿੰਨ ਲੱਖ ਲੋਕਾਂ ਦੀਆਂ ਉਮੀਦਾਂ ਅਤੇ ਹੱਕਾਂ ਦੀ ਲੜਾਈ ਹੈ। ਹੁਣ ਦੇਖਣਾ ਇਹ ਹੈ ਕਿ ਸਰਕਾਰ ਸੰਵਾਦ ਅਤੇ ਹੱਲ ਦੇ ਰਸਤੇ 'ਤੇ ਚੱਲਦੀ ਹੈ ਜਾਂ ਵਿਰੋਧ ਦੀਆਂ ਆਵਾਜ਼ਾਂ ਨੂੰ ਚੁੱਪ ਕਰਨ ਲਈ ਕਠੋਰ ਫ਼ੈਸਲੇ ਲੈਣੇ ਜਾਰੀ ਰੱਖਦੀ ਹੈ।

ਜ਼ਿਕਰਯੋਗ ਕਿ ਸੋਨਮ ਵਾਂਗਚੁਕ, ਜਿਨ੍ਹਾਂ ਨੇ ਲਦਾਖ ਵਿੱਚ ਸਿੱਖਿਆ ਦੇ ਖੇਤਰ ਵਿੱਚ ਨਵਾਂ ਇਤਿਹਾਸ ਰਚਿਆ ਹੈ। ਗ੍ਰਹਿ ਮੰਤਰਾਲੇ ਨੇ ਹਾਲ ਹੀ ਵਿੱਚ ਉਹਨਾਂ ਦੀ ਐਨਜੀਓ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਹੈ, ਜਿਸ ਨਾਲ ਉਹ ਵਿਦੇਸ਼ੀ ਫੰਡ ਪ੍ਰਾਪਤ ਕਰਨ ਤੋਂ ਵਾਂਝੇ ਹੋ ਗਏ ਹਨ। ਇਸਦੇ ਨਾਲ ਹੀ ਉਹਨਾਂ ਵੱਲੋਂ ਸਥਾਪਤ ਕੀਤੇ ਲਦਾਖ ਸਕੂਲ ਖ਼ਿਲਾਫ਼ ਅਪਰਾਧਿਕ ਜਾਂਚ ਦੀ ਸ਼ੁਰੂਆਤ ਵੀ ਕਰ ਦਿੱਤੀ ਗਈ ਹੈ। ਇਹ ਕਦਮ ਉਸੇ ਤਰ੍ਹਾਂ ਦੀ ਨੀਤੀ ਦਾ ਹਿੱਸਾ ਲੱਗਦਾ ਹੈ ਜਿਹੜੀ ਅੰਤਰਰਾਸ਼ਟਰੀ ਸੰਗਠਨਾਂ ਜਿਵੇਂ ਐਮਨੇਸਟੀ ਇੰਟਰਨੈਸ਼ਨਲ ਅਤੇ ਗ੍ਰੀਨਪੀਸ ਦੇ ਖ਼ਿਲਾਫ਼ ਅਪਣਾਈ ਗਈ ਸੀ, ਜਦੋਂ ਉਹਨਾਂ ਨੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਏ ਸਨ। ਇਸ ਸਾਰੀ ਪ੍ਰਕਿਰਿਆ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਆਖ਼ਰ ਆਵਾਜ਼ ਉਠਾਉਣ ਵਾਲਿਆਂ ਨੂੰ ਹੀ ਕਿਉਂ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੋਕਤੰਤਰ ਦਾ ਮੂਲ ਅਸੂਲ ਵੱਖਰੇ ਵਿਚਾਰਾਂ ਅਤੇ ਖੁੱਲ੍ਹੇ ਸੰਵਾਦ ਵਿੱਚ ਹੈ, ਪਰ ਜਦੋਂ ਸੰਸਥਾਵਾਂ ਅਤੇ ਕਾਰਕੁਨਾਂ ਨੂੰ ਕਾਨੂੰਨੀ ਜ਼ੰਜੀਰਾਂ ਵਿੱਚ ਬੰਨ੍ਹਿਆ ਜਾਂਦਾ ਹੈ, ਤਾਂ ਇਹ ਆਜ਼ਾਦੀ ਦੀ ਰੂਹ ਲਈ ਖ਼ਤਰਾ ਬਣ ਜਾਂਦਾ ਹੈ।

ਇਧਰ ਪੱਤਰਕਾਰਤਾ ਦਾ ਮੋਰਚਾ ਵੀ ਇਕ ਹੋਰ ਲੜਾਈ ਲੜ ਰਿਹਾ ਹੈ। ਭਾਰਤ ਸਮੇਤ ਕਈ ਦੇਸ਼ਾਂ ਵਿੱਚ ਆਜ਼ਾਦ ਪ੍ਰੈਸ ਦਬਾਅ ਹੇਠ ਹੈ। ਹਾਲਾਂਕਿ ਕੁਝ ਸੰਸਥਾਵਾਂ ਅਜੇ ਵੀ ਪਾਠਕਾਂ ਦੇ ਸਹਿਯੋਗ ਨਾਲ ਆਪਣੀ ਆਜ਼ਾਦੀ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਇਹ ਮਾਡਲ ਉਹਨਾਂ ਨੂੰ ਨਾ ਕੇਵਲ ਸਰਕਾਰੀ ਦਬਾਅ ਤੋਂ ਬਚਾਉਂਦਾ ਹੈ, ਸਗੋਂ ਖ਼ਬਰਾਂ ਦੀ ਪ੍ਰਾਥਮਿਕਤਾ ਨਿਰਧਾਰਿਤ ਕਰਨ ਵਿੱਚ ਵੀ ਖ਼ੁਦਮੁਖ਼ਤਿਆਰ ਬਣਾਉਂਦਾ ਹੈ। ਸੋਨਮ ਵਾਂਗਚੁਕ ਦੇ ਖ਼ਿਲਾਫ਼ ਕੀਤੀ ਜਾ ਰਹੀ ਕਾਰਵਾਈ ਸਿਰਫ਼ ਇਕ ਵਿਅਕਤੀ ਦੀ ਲੜਾਈ ਨਹੀਂ, ਸਗੋਂ ਇਹ ਸਵਾਲ ਹੈ ਕਿ ਕੀ ਲੋਕਤੰਤਰ ਵਿੱਚ ਸਰਕਾਰ ਦੀ ਆਲੋਚਨਾ ਕਰਨਾ ਜੁਰਮ ਹੈ? ਵਾਂਗਚੁਕ ਦਾ ਮਾਮਲਾ ਸਾਨੂੰ ਯਾਦ ਦਵਾਉਂਦਾ ਹੈ ਕਿ ਸਵਾਲ ਪੁੱਛਣਾ, ਵੱਖਰਾ ਸੋਚਣਾ ਅਤੇ ਹੱਕਾਂ ਲਈ ਖੜ੍ਹਾ ਹੋਣਾ ਸਿਰਫ਼ ਹਿੰਮਤ ਨਹੀਂ ਇਹ ਇਕ ਨਾਗਰਿਕ ਫਰਜ਼ ਵੀ ਹੈ।

# ਜ਼ਿੰਦਗੀ 'ਚ ਦੋ ਗੱਲਾਂ ਬਹੁਤ ਮਹੱਤਵਪੂਰਨ ਹੁੰਦੀਆਂ ਹਨ



ਜ਼ਿੰਦਗੀ ਵਿੱਚ ਦੋ ਗੱਲਾਂ ਬਹੁਤ ਮਹੱਤਵਪੂਰਨ ਹੁੰਦੀਆਂ ਹਨ। ਇੱਕ ਤੁਹਾਡੇ ਕਿੱਤੇ ਦੀ ਚੋਣ ਤੇ ਦੂਸਰੀ ਜੀਵਨ ਸਾਥੀ ਦੀ। ਮਾਤਾ ਪਿਤਾ ਨੂੰ ਇਸ ਗੱਲ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਬੱਚੇ ਲਈ ਉਹ ਕਿਤਾਬ ਵਧੀਆ ਹੈ ਜਿਸ ਵਿੱਚ ਉਸਦੀ ਦਿਲਚਸਪੀ ਹੋਵੇ। ਹਰ ਬੱਚਾ ਡਾਕਟਰ ਨਹੀਂ ਬਣ ਸਕਦਾ। ਹਰ ਬੱਚਾ ਕਰੋੜਾਂ ਦਾ ਪੈਕੇਜ ਨਹੀਂ ਲੈ ਸਕਦਾ। ਲੋਕਾਂ ਨਾਲ ਮੁਕਾਬਲਾ ਕਰਨ ਦੀ ਆਪਣੇ ਬੱਚਿਆਂ ਨੂੰ ਮਸ਼ੀਨ ਦੇ ਕਲਪੁਰਜ਼ੇ ਸਮਝ ਕੇ ਨਾ ਵਰਤੋ। ਉਹਨਾਂ ਉੱਤੇ ਆਪਣੀ ਪਸੰਦ ਕਦੇ ਨਾ ਥੋਪੋ। ਆਪਣੇ ਬੱਚੇ ਨੂੰ ਆਪਣੀ ਇੱਛਾ ਮੁਤਾਬਕ ਵਿਸ਼ਾ ਤੇ ਕਿੱਤਾ ਚੁਣਨ ਦਿਓ। ਤੁਹਾਡਾ ਬੱਚਾ ਨੋਟ ਛਾਪਣ ਦੀ ਮਸ਼ੀਨ ਨਹੀਂ ਹੈ। ਉਹ ਜਿਉਂਦਾ ਜਾਗਦਾ ਇਨਸਾਨ ਹੈ ਜਿਸਦੀ ਆਪਣੀ ਪਸੰਦ ਹੈ। ਨੀਟ ਕੁਆਲੀਫਾਈ ਮਹਾਰਾਸ਼ਟਰਾ ਦੇ ਵਿਦਿਆਰਥੀ ਵੱਲੋਂ ਕੀਤੀ ਖੁਦਕੁਸ਼ੀ ਇੱਕ ਚੇਤਾਵਨੀ ਹੈ। ਪਹਿਲਾਂ ਵੀ ਕੋਟਾ ਵਿੱਚ ਇੱਕ ਵਿਦਿਆਰਥਣ ਨੇ ਖੁਦਕੁਸ਼ੀ ਕੀਤੀ ਸੀ ਤੇ ਇਹ ਪੱਤਰ ਆਪਣੀ ਮਾਂ ਨੂੰ ਲਿਖਿਆ ਸੀ ਕਿ ਜੋ ਤੁਸੀਂ ਮੇਰੇ ਨਾਲ ਕੀਤਾ ਉਹ ਮੇਰੀ ਛੋਟੀ ਭੈਣ ਨਾਲ ਨਾ ਕਰਿਓ। ਉਹ ਆਰਟ ਪੜਨਾ ਚਾਹੁੰਦੀ ਹੈ ਉਸਨੂੰ ਪੜਨ ਦਿਓ।

ਬੱਚੇ ਨੂੰ ਇਹ ਹੱਕ ਤਾਂ ਹੋਣਾ ਚਾਹੀਦਾ ਹੈ ਕਿ ਉਹ ਚੁਣ ਸਕੇ ਉਹ ਕਿਸ ਖੇਤਰ ਵਿੱਚ ਜਾਣਾ ਚਾਹੁੰਦਾ ਹੈ। ਉਸ ਦੀ ਪਸੰਦ ਜਾਂ ਨਾ ਪਸੰਦ ਬਹੁਤ ਮਾਇਨੇ ਰੱਖਦੀ ਹੈ। ਤੁਸੀਂ ਬੱਚੇ ਦੀ ਅਗਵਾਈ ਕਰੋ ਉਸਨੂੰ ਸਲਾਹ ਦਿਓ ਉਸ ਦੀ ਮਦਦ ਕਰੋ ਪਰ ਆਪਣੀ ਪਸੰਦ ਉਸਦੇ ਨਾਲ ਥੋਪੋ। ਬੱਚੇ ਨੂੰ ਗਵਾ ਲੈਣ ਨਾਲੋਂ ਬਿਹਤਰ ਹੈ ਉਸਨੂੰ ਉਸਦੀ ਪਸੰਦ ਦਾ ਕੰਮ ਕਰਨ ਦਿਓ।

ਤੁਹਾਡੇ ਬੱਚੇ ਬਹੁਤ ਮਾਨਸਿਕ ਦਬਾਅ ਹੇਠ ਜਿਉਂਦੇ ਹਨ। ਉਹਨਾਂ ਨੂੰ ਕੋਚਿੰਗ ਸੈਂਟਰਾਂ ਦੇ ਇਸ ਜੰਜਾਲ ਦਾ ਸ਼ਿਕਾਰ ਨਾ ਹੋਣ ਦਿਓ। ਜਿਸ ਉਮਰ ਵਿੱਚ ਉਹਨਾਂ ਨੇ ਵਧਣਾ ਫੁਲਣਾ ਮੌਲਣਾ ਹੈ ਉਸ ਉਮਰ ਵਿੱਚ ਉਹਨਾਂ ਤੇ ਇਹਨਾਂ ਭਾਰ ਨਾ ਪਾਓ ਕਿ ਉਹ ਦੱਬ ਜਾਣ। ਆਪਣੇ ਬੱਚਿਆਂ ਦੇ ਦੋਸਤ ਬਣੋ। ਉਹਨਾਂ ਨੂੰ ਉਹਨਾਂ ਦੀ ਜ਼ਿੰਦਗੀ ਦੇ ਫੈਸਲੇ ਕਰਨ ਵਿੱਚ ਸਹਾਇਤਾ ਕਰੋ। ਉਹਨਾਂ ਤੇ ਆਪਣੇ ਵਿਚਾਰ ਨਾ ਥੋਪੋ। ਨਹੀਂ ਤਾਂ ਪਛਤਾਵੇ ਤੋਂ ਸਿਵਾ ਕੁਝ ਹੱਥ ਨਹੀਂ ਲੱਗੇਗਾ।



ਹਰਪ੍ਰੀਤ ਕੌਰ ਸੰਧੂ

# ਕੈਨੇਡਾ ਕੈਨੇਡਾ ਕੈਨੇਡਾ



ਪੰਜਾਬੀ ਦੇ ਕਈ ਲਫ਼ਜ਼ ਦੂਜੀਆਂ ਬੋਲੀਆਂ ਵਾਂਗ ਇਹੋ ਜਹੇ ਹੁੰਦੇ ਨੇ ਜੋ slang ਵੀ ਹੁੰਦੇ ਨੇ ਤੇ ਉਨਾਂ ਵਿੱਚ ਬਹੁਤ ਕੁਝ ਕਿਹਾ ਵੀ ਜਾ ਸਕਦਾ । ਇਸ ਲਿਖਤ ਵਿੱਚ ਮੈਂ ਇਕ ਲਫ਼ਜ਼ ਵਰਤਣ ਦੀ ਇਜਾਜ਼ਤ ਚਾਹਾਂਗਾ ਕਿਉਂਕਿ ਉਹ ਲਫ਼ਜ਼ ਉਵੇ ਲਿਖੇ ਬਿਨਾ ਇਹ ਲਿਖਣ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।

ਇਹ ਗੱਲ ਸ਼ਾਇਦ 2007 ਦੀ ਹੈ । ਮੇਰੇ ਨਾਲ ਜਹਾਜ਼ ਚ ਸ਼ਰਮਾ ਜੀ ਬੈਠੇ ਸੀ ।ਗੱਲਾਂ ਚੱਲ ਪਈਆਂ ਕਦੋ ਆਏ ? ਕਿੱਥੇ ਦੇ ਰਹਿਣ ਵਾਲੇ ਜੋ ਆਮ ਹੀ ਹੋ ਜਾਂਦਾ ਜਦੋ ਸਫ਼ਰ ਲੰਮਾ ਹੋਵੇ ।

ਸ਼ਰਮਾ ਜੀ ਨੇ ਆਪਣੀ ਕਹਾਣੀ ਇਉਂ ਦੱਸੀ

ਮੇਰੇ ਬਾਪ ਦੀ ਲਧਿਆਣੇ ਫੈਕਟਰੀ ਹੈ ਜਿਸ ਵਿੱਚ 100 ਤੋਂ ਉੱਪਰ ਬੰਦੇ ਕੰਮ ਕਰਦੇ ਸੀ। ਮੇਰੇ ਮਨ ਚ ਕੈਨੇਡਾ ਜਾਣ ਦੀ ਬੜੀ ਰੀਝ ਸੀ ਤੇ ਮੇਰੇ ਪਿਉ ਨੇ ਬੜਾ ਜ਼ੋਰ ਲਾਇਆ ਕਿ ਨ ਜਾ। ਪਰ ਮੈਂ ਨੀ ਮੰਨਿਆ ਤੇ ਕੈਨੇਡਾ ਨੂੰ ਜਹਾਜ਼ ਚੜ ਆਇਆ। ਉਹ 70 ਵਿੱਚ ਆਇਆ ਸੀ ਤੇ ਆਏ ਨੂੰ 37 ਸਾਲ ਤੋ ਉੱਪਰ ਦਾ ਸਮਾਂ ਬੀਤ ਚੁੱਕਾ ਸੀ। ਕਹਿੰਦਾ ਮੇਰੀ ਘਰ ਵਾਲੀ ਦਾ ਪਰਿਵਾਰ ਦਿੱਲੀ ਚ ਰਹਿੰਦਾ ਜੋ ਬਹੁਤ ਅਮੀਰ ਘਰ ਦੀ ਹੈ।ਕਰੋੜਾਂ ਦੀ ਆਮਦਨ ਹੈ । ਸੈਂਕੜੇ ਕੰਮ ਕਰਨ ਵਾਲੇ ਨੇ।

ਕਹਿੰਦਾ ਪਹਿਲਾਂ ਮੈਨੂੰ ਕੰਮ ਨ ਮਿਲੇ ਤੇ ਬੜੇ ਧੱਕੇ ਖਾਧੇ। ਪਿਉ ਦੇ ਸਾਹਮਣੇ ਮੁੜ ਕੇ ਮੂੰਹ ਦਿਖਾਉਣ ਜੋਗਾ ਹੈ ਨੀ ਸੀ। ਫੇਰ ਵੈਨਕੋਵਰ ਤੋਂ ਬਾਹਰ ਪਰਿੰਸ ਜਾਰਜ ਸ਼ਹਿਰ 'ਚ ਲੱਕੜ ਦੀ ਮਿੱਲ ਚ ਕੰਮ ਤੇ ਜਾ ਲੱਗਿਆ । ਦੋ ਕੁ ਸਾਲ ਬਾਅਦ ਘਰ ਵਾਲੀ ਆ ਗਈ। ਉਹਨੇ ਦੱਸਿਆ ਕਿ ਜਿਸ ਦਿਨ ਆਈ, ਸਾਨੂੰ ਘਰੇ ਪਹੁੰਚਦਿਆਂ ਨੂੰ ਰਾਤ ਪੈ ਗਈ।ਘਰੇ ਜਾ ਕੇ ਬਣਿਆ ਹੋਇਆ ਖਾਣਾ ਖਾਧਾ ਤੇ ਭਾਂਡੇ ਸਿੰਕ ਚ ਰੱਖ ਦਿੱਤੇ। ਗੱਲਾਂ ਮਾਰਦਿਆਂ ਨੂੰ ਘੰਟਾ ਕੁ ਲੰਘ ਗਿਆ ਤੇ ਮੈਨੂੰ ਪੁੱਛਣ ਲੱਗੀ ਕਿ ਭਾਂਡੇ ਧੋਣ ਵਾਲੀ ਨੀ ਆਈ ? ਕਹਿੰਦਾ ਮੈਂ ਕਿਹਾ ਕਿ ਭਾਂਡੇ ਧੋਣ ਵਾਲੀ ਤਾਂ ਅੱਜ ਹੀ ਆਈ ਹੈ ਪਹਿਲਾਂ ਤਾਂ ਮੈਂ ਹੀ ਧੋਂਦਾ ਰਿਹਾਂ। ਕਹਿੰਦਾ ਉਹ ਬੜੀ ਰੋਈ ਕਿ ਮੈਂ ਕਿੱਥੇ ਆ ਫਸੀ ? ਫੇਰ ਅੱਜ ਹੋਰ ਕੱਲ ਹੋਰ ਮੁੜ ਹੀ ਨਾ ਹੋਇਆ। ਨਿਆਣੇ ਹੋ ਗਏ ਵੱਡੇ ਹੋ ਗਏ। ਦੋ ਕੁੜੀਆਂ ਡਾਕਟਰ ਨੇ ਜੋ ਟਰੰਟੋ ਵਿਆਹ ਕਰਾ ਕੇ ਚਲੇ ਗਈਆਂ । ਮੁੰਡਾ ਓਟਾਵਾ ਚ ਰਹਿੰਦਾ।

ਮੈਨੂੰ ਇੱਕ ਦਿਨ ਕਹਿੰਦੀ ਕਿ ਮੇਰਾ ਘਰੇ ਜੀਅ ਨੀ ਲੱਗਦਾ ਮੈਂ ਕੰਮ ਤੇ ਲੱਗਣਾ । ਮੈਂ ਕਿਹਾ ਤੇਰੀ ਮਰਜ਼ੀ । ਫੇਰ ਉਹ ਕੰਮ ਤੇ ਜਾ ਲੱਗੀ ਤੇ ਸੋਹਣਾ ਟੈਮ ਨਿੱਕਲ ਜਾਂਦਾ ।

ਮੈਂ ਪਤਾ ਨੀ ਉਹਨੂੰ ਕਿਉਂ ਪੁੱਛ ਬੈਠਾ ਕਿ ਉਹ ਕੰਮ ਕੀ ਕਰਦੀ ਹੈ ?

ਉਹਦਾ ਪੰਜਾਬੀ ਸੁਭਾਅ ਤੇ ਠੇਠ ਪੰਜਾਬੀ ਚ ਕਹਿੰਦਾ ਕਿ ਉਹ ਹੁਣ ਕੰਮ ਤੇ ਘੀਸੀ ਕਰਦੀ ਹੁੰਦੀ ਹੈ। ਮੈਂ ਕਿਹਾ ਆਹ ਕੀ ਮਤਲਬ ? ਕਹਿੰਦਾ ਉਹ ਕਲੀਨ ਅੱਪ ਦਾ ਕੰਮ ਕਰਦੀ ਹੈ।ਕਹਿੰਦੀ ਮੇਰਾ ਜੀਅ ਲੱਗਿਆ ਰਹਿੰਦਾ । ਘਰ ਵੱਢ ਵੱਢ ਖਾਣ ਨੂੰ ਪੈਂਦਾ।

ਇਹ ਹੈ ਕੈਨੇਡਾ ਮੇਰੇ ਪਿਆਰੇ

ਸੁਰਜੀਤ ਸਿੰਘ ਵਿਰਕ

# ਪਿਆਰ ਦੀਆਂ ਲਹਿਰਾਂ

ਤੂੰ ਕਾਲੇ ਸੂਟ ਵਿੱਚ ਖੜਾ ਸੀ
ਅੱਖਾਂ ਵਿੱਚ ਰੰਗਾਂ ਦੀ ਭਰਮਾਰ
ਮੈਂ ਸੋਚੀ—ਅਜੇ ਵੀ ਰਾਤ ਲੰਬੀ ਹੈ
ਤੇਰੀ ਹੱਸਦੀ ਮੁਸਕਾਨ ਦੇ ਨਾਲ।

ਚੰਦ ਦੀ ਚਾਦਰ ਹੌਲੀ-ਹੌਲੀ ਪੈ ਰਹੀ ਸੀ
ਅਤੇ ਸਾਡਾ ਸਾਇਆ ਨਦੀ ਦੇ ਪਾਣੀ ਨਾਲ ਖੇਡ ਰਿਹਾ ਸੀ
ਹਵਾਵਾਂ ਵੀ ਸਾਡੀ ਗੱਲਾਂ ਸੁਣਦੀਆਂ
ਤੇ ਮਿਠੀ ਸੁਰ ਵਿੱਚ ਚੁੱਪ ਰਹਿ ਗਈਆਂ।

ਮੈਂ ਨਖ਼ੁਨਾਂ 'ਚ ਤੇਰਾ ਅਸਰ ਰੱਖਿਆ
ਤੇਰਾ ਹੱਸਣਾ ਮੇਰੇ ਦਿਲ ਵਿੱਚ ਵੱਸ ਗਿਆ
ਕੱਲ੍ਹ ਦੀ ਉਮੀਦ ਸਾਡੇ ਨਾਲ
ਪਰ ਅੱਜ ਦੀ ਰਾਤ ਸਿਰਫ ਸਾਡੀ ਸੀ।

ਹਰੇ-ਭਰੇ ਪੱਤੇ ਖੁਦ ਨੂੰ ਚੁੰਮਦੇ ਰਹੇ
ਸੂਰਜ ਵੀ ਸ਼ਰਮਾ ਕੇ ਵਾਪਸ ਪਰਤਿ ਗਿਆ।
ਪਿਆਰ ਰੇਤ ਵਾਂਗ
ਫੜ ਕੇ ਨਹੀਂ ਰੱਖਿਆ ਜਾ ਸਕਦਾ
ਦਿਲ ਵਿੱਚ ਵੱਸੇ ਤਾਂ ਸਦਾ ਰਹਿੰਦਾ ਹੈ
ਹਵਾ ਨਾਲ ਖਿੱਲਰ ਜਾਵੇ ਜਾਂ ਪਾਣੀ ਨਾਲ ਵਹਿ ਜਾਵੇ
ਪਰ ਯਾਦਾਂ ਵਿੱਚ ਰੌਸ਼ਨੀ ਬਣ ਕੇ ਰਹਿ ਜਾਂਦਾ ਹੈ।
ਸਭ ਹੱਥ ਨਹੀਂ ਫੜਦੇ
ਪਰ ਦਿਲ ਵਿੱਚ ਉਤਰੇ ਤਾਂ ਸਦਾ ਰਹਿੰਦੇ।
ਅਸੀਂ ਬੇਅੰਤ ਖੁਸ਼ਬੂ ਦੇ ਵਿਚਕਾਰ ਖੜੇ
ਨਦੀ-ਸਮੁੰਦਰ ਦੇ ਰਾਹ ਵੇਖਦਿਆਂ
ਸਿਰਫ਼ ਇਕ-ਦੂਜੇ ਦੀਆਂ ਧੜਕਣਾਂ ਨਾਲ
ਸਾਰੀ ਦੁਨੀਆਂ ਨੂੰ ਖਾਮੋਸ਼ ਕਰ ਦਿੱਤਾ।
ਜਦ ਤੂੰ ਹੱਥ ਫੜ ਕੇ ਖੜਾ ਸੀ
ਤੇਰੇ ਹਾਸੇ ਵਿੱਚ ਮੇਰਾ ਅਸਰ
ਹਰੇ ਪੱਤੇ ਵੀ ਸਾਡਾ ਤਸਵੀਰ ਬਣਾ ਰਹੇ ਸੀ
ਅਤੇ ਰਾਤ ਦੀਆਂ ਚੁੱਪੀਆਂ ਸਾਡੇ ਗੀਤ ਗਾ ਰਹੇ ਸੀ ।
ਮੈਂ ਜਾਣਾ ਹੈ ਹੁਣ
ਪਰ ਰਾਹਾਂ ਤੇਰੇ ਨਾਮ ਕਰ ਜਾਣਿਆ
ਹਰ ਨਜ਼ਾਰਾ ਤੇਰੇ ਨਾਂ ਕਰ ਜਾਣਾ
ਪੀਲੀ ਬੱਤੀਆਂ ਵਾਲੀ ਬਸਤੀ ਵਿੱਚ ਵੀ
ਸਾਡਾ ਪ੍ਰੇਮ ਸੁੰਘਣ ਵਾਲੀ ਮਜ਼ਾਰ ਬਣੇਗੀ
ਸਿਰਫ਼ ਪਿਆਰ ਹੀ ਧੁਰੀ ਹੈ
ਸਾਰੇ ਅਸਮਾਨ, ਸਾਰੇ ਪਹਾੜ
ਸਾਡੇ ਸਾਥ ਖੜੇ ਰਹਿਣਗੇ
ਜਦ ਤੱਕ ਸਾਡੀਆਂ ਦਿਲਾਂ ਦੀਆਂ ਧੜਕਣਾਂ ਇੱਕ-ਦੂਜੇ ਵਿੱਚ ਮਿਲਦੀਆਂ ਨਹੀਂ...।

ਹਰਕੀਰਤ ਹੀਰ






# ਮਿੱਠੀ ਤੇ ਸੁਰੀਲੀ ਆਵਾਜ਼ ਦੀ ਮਾਣਮੱਤੀ ਸ਼ਖ਼ਸੀਅਤ ਸੁਖਜੀਤ ਕੌਰ



ਕਿਸੇ ਵੀ ਗੱਲ ਜਾਂ ਵਿਸ਼ੇ ਨੂੰ ਸਮਝਾਉਣ ਲਈ ਸੁਰੀਲੀ ਤੇ ਸਾਫ਼ ਆਵਾਜ਼, ਸ਼ਾਨਦਾਰ ਉਚਾਰਨ, ਭਾਸ਼ਾ 'ਤੇ ਪੂਰੀ ਪਕੜ ਅਤੇ ਭਾਵਨਾ ਅਨੁਸਾਰ ਆਪਣੇ ਬੋਲਣ ਦੇ ਅੰਦਾਜ਼ ਨੂੰ ਬਦਲਣ ਦੀ ਕਲਾ ਬੇਹੱਦ ਜ਼ਰੂਰੀ ਹੁੰਦੀ ਹੈ। ਜਿੱਥੇ ਕਈ ਵਾਰ ਹਾਲਾਤ ਅਨੁਸਾਰ ਆਵਾਜ਼ ਵਿੱਚ ਉਤਰਾਅ-ਚੜ੍ਹਾਅ ਲਿਉਣਾ ਪੈਂਦਾ ਹੈ ਉੱਥੇ ਹੀ ਕਦੇ ਹਾਸੇ-ਮਜ਼ਾਕ ਜਾਂ ਸੰਵੇਦਨਾ ਦੇ ਮੌਕੇ 'ਤੇ ਨਰਮੀ ਦਾ ਰੰਗ ਵੀ ਭਰਨਾ ਪੈਂਦਾ ਹੈ। ਇਹ ਗੁਣ ਹਰ ਕਿਸੇ ਕੋਲ ਨਹੀਂ ਹੁੰਦੇ, ਪਰ ਜਿਨ੍ਹਾਂ ਦੇ ਅੰਦਰ ਇਹ ਖੂਬੀਆਂ ਇਕਠੀਆਂ ਮਿਲ ਜਾਣ, ਉਹ ਸੁਣਨ ਵਾਲਿਆਂ ਦੇ ਦਿਲਾਂ 'ਤੇ ਆਪਣੀ ਛਾਪ ਛੱਡਦੇ ਹਨ। ਅਕਾਸ਼ਵਾਣੀ ਜਲੰਧਰ ਦੀ ਸੀਨੀਅਰ ਅਨਾਊਂਸਰ ਮੈਡਮ ਸੁਖਜੀਤ ਕੌਰ ਉਹਨਾਂ ਹੀ ਚੁਣਿੰਦੀਆਂ ਹਸਤੀਆਂ ਵਿੱਚੋਂ ਇੱਕ ਹਨ, ਜੋ ਆਪਣੀ ਸੁਰੀਲੀ ਤੇ ਮਿੱਠੀ ਆਵਾਜ਼ ਨਾਲ ਪਿਛਲੇ ਲਗਭਗ 35 ਸਾਲਾਂ ਤੋਂ ਹਜ਼ਾਰਾਂ ਹੀ ਪ੍ਰੋਗਰਾਮਾ ਰਾਹੀ ਸਰੋਤਿਆਂ ਨੂੰ ਕੀਲ ਰਹੇ ਹਨ। ਹੁਣ ਜਦ ਉਹ 30 ਸਤੰਬਰ 2025 ਨੂੰ ਅਕਾਸ਼ਵਾਣੀ ਜਲੰਧਰ ਦੇ ਮੰਚ ਤੋਂ ਸੇਵਾ ਮੁਕਤ ਹੋ ਰਹੇ ਹਨ ਤਾਂ ਉਨ੍ਹਾਂ ਦੇ ਇਸ ਯਾਦਗਾਰ ਸਫ਼ਰ ਨੂੰ ਸਲਾਮ ਕਰਨ ਦਾ ਸਮਾਂ ਹੈ।

ਆਪਣੀ ਮਿਹਨਤ,ਲਗਨ ਤੇ ਸੱਚਾਈ ਨਾਲ ਅਕਾਸ਼ਵਾਣੀ ਨੂੰ ਖ਼ਾਸ ਰੰਗ ਦੇਣ ਵਾਲੀ ਸੁਖਜੀਤ ਕੌਰ ਜੀ ਦਾ ਜਨਮ 28 ਸਤੰਬਰ 1965 ਨੂੰ ਜਲੰਧਰ ਵਿਖੇ ਇੱਕ ਪੜ੍ਹੇ-ਲਿਖੇ ਪਰਿਵਾਰ ਵਿੱਚ ਹੋਇਆ। ਬਚਪਨ ਦਾ ਕੁਝ ਹਿੱਸਾ ਹੁਸ਼ਿਆਰਪੁਰ ਜਿਲੇ ਦੇ ਪਿੰਡ ਬਾੜੀਆਂ ਕਲਾਂ ਅਤੇ ਜਲੰਧਰ ਦੇ ਨੂਰਮਹਿਲ ਕਸਬੇ 'ਚ ਬੀਤਿਆ। ਪਿਤਾ ਸ: ਮਹਿੰਦਰ ਸਿੰਘ ਅਤੇ ਮਾਤਾ ਬਲਵੰਤ ਕੌਰ ਦੋਵੇਂ ਹੀ ਅਧਿਆਪਕ ਸਨ ਅਤੇ ਉਨ੍ਹਾਂ ਨੇ ਆਪਣੀ ਧੀ ਨੂੰ ਵੀ ਉੱਚ ਸਿੱਖਿਆ ਦਿਵਾ ਕੇ ਉਸ ਦੀ ਜਿੰਦਗੀ ਦੀ ਮਜ਼ਬੂਤ ਨੀਂਹ ਰੱਖੀ। ਜਲੰਧਰ ਦੇ ਇੱਕ ਕਾਲਜ ਤੋਂ ਬੀ.ਐਡ.ਕਰਨ ਤੋਂ ਬਾਅਦ ਸੁਖਜੀਤ ਕੌਰ ਨੇ ਕੁਝ ਸਮੇਂ ਲਈ ਇੱਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਿਕਾ ਵਜੋਂ ਵੀ ਸੇਵਾ ਨਿਭਾਈ, ਪਰ ਰੇਡੀਓ ਦੀ ਦੁਨੀਆ ਨਾਲ ਜੁੜਨ ਦਾ ਸ਼ੌਂਕ ਉਨ੍ਹਾਂ ਦੇ ਦਿਲ 'ਚ ਬਚਪਨ ਤੋਂ ਹੀ ਸੀ।

ਉਹ ਦਸਦੇ ਹਨ ਕਿ ਮੇਰਾ ਪੇਕਾ ਪਰਿਵਾਰ ਰੇਡੀਓ ਸੁਣਨ ਦਾ ਬਹੁਤ ਸ਼ੌਕੀਨ ਸੀ। ਇਕ ਦਿਨ ਜਦੋਂ ਮੈਂ ਸਟੈਨੋਗ੍ਰਾਫੀ ਦਾ ਕੋਰਸ ਕਰਨ ਲਈ ਅਕਾਸ਼ਵਾਣੀ ਜਲੰਧਰ ਦੇ ਸਾਹਮਣੇ ਤੋਂ ਗੁਜ਼ਰ ਰਹੀ ਸੀ, ਤਾਂ ਮੈਨੂੰ ਅਨਾਊਂਸਰਾਂ ਦੀ ਭਰਤੀ ਬਾਰੇ ਪਤਾ ਲੱਗਿਆ, ਮੈਂ ਤੁਰੰਤ ਅਪਲਾਈ ਕਰ ਦਿੱਤਾ ਅਤੇ 1990 ਵਿੱਚ ਇੱਥੇ ਮੇਰੀ ਨਿਯੁਕਤੀ ਹੋ ਗਈ। ਇਸ ਤਰ੍ਹਾਂ ਸ਼ੁਰੂ ਹੋਏ ਸਫ਼ਰ ਨੇ ਮੈਨੂੰ ਪਿਛਲੇ ਸਾਢੇ ਤਿੰਨ ਦਹਾਕਿਆਂ ਵਿੱਚ ਅਨੇਕਾਂ ਉੱਚਾਈਆਂ ਤੇ ਪਹੁੰਚਾਇਆ।

ਆਪਣੇ ਕੈਰੀਅਰ ਦੌਰਾਨ ਸੁਖਜੀਤ ਕੌਰ ਨੇ ਅਨੇਕਾਂ ਲੋਕਪ੍ਰਿਯ ਪ੍ਰੋਗਰਾਮਾਂ ਨੂੰ ਆਪਣੀ ਆਵਾਜ਼ ਦਿੱਤੀ। ਖ਼ਾਸ ਕਰਕੇ ਭੈਣਾਂ ਦੇ ਪ੍ਰੋਗਰਾਮ 'ਤ੍ਰਿੰਝਣ' ਅਤੇ 'ਨਾਰੀ ਸੰਸਾਰ' ਵਿੱਚ "ਸੁਖੀ" ਦੇ ਰੋਲ ਰਾਹੀਂ ਉਹ ਹਰ ਘਰ ਦੀ ਭੈਣ ਬਣ ਗਈ। ਲਾਈਵ ਫੋਨ-ਇਨ ਪ੍ਰੋਗਰਾਮਾਂ ਵਿੱਚ ਤਾਂ ਸਰੋਤੇ ਆਪਣੇ ਮਨਪਸੰਦ ਗੀਤਾਂ ਦੀ ਫ਼ਰਮਾਇਸ਼ ਕਰਨ ਲਈ ਸੁਖਜੀਤ ਮੈਡਮ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਮਿੱਠੀ ਆਵਾਜ਼, ਹਾਸੇ ਭਰੀਆਂ ਗੱਲਾਂ ਅਤੇ ਹਰ ਕਿਸੇ ਨਾਲ ਆਪਣੇਪਣ ਦਾ ਅਹਿਸਾਸ ਕਰਾਉਣ ਦੀ ਕਲਾ ਨੇ ਉਨ੍ਹਾਂ ਨੂੰ ਅਕਾਸ਼ਵਾਣੀ ਜਲੰਧਰ ਦੇ ਵਿਹੜੇ ਦੀ "ਕੋਇਲ" ਬਣਾ ਦਿੱਤਾ।

ਨਾਟਕਾਂ, ਡਾਕੂਮੈਂਟਰੀ ਅਤੇ ਇੰਟਰਵਿਊ ਸਮੇਤ ਹਜ਼ਾਰਾਂ ਪ੍ਰੋਗਰਾਮਾਂ ਵਿੱਚ ਉਨ੍ਹਾਂ ਦੀ ਆਵਾਜ਼ ਦੀ ਖ਼ਾਸ ਪਛਾਣ ਬਣੀ। ਉਨ੍ਹਾਂ ਦੀ ਉਚਾਰਨ ਦੀ ਸਪਸ਼ਟਤਾ ਅਤੇ ਭਾਵਨਾ ਅਨੁਸਾਰ ਟੋਨ ਬਦਲਣ ਦੀ ਖ਼ੂਬੀ ਨੇ ਨਾ ਕੇਵਲ ਸਰੋਤਿਆਂ ਨੂੰ ਮੋਹਿਆ, ਸਗੋਂ ਨਵੀਂ ਪੀੜ੍ਹੀ ਦੇ ਅਨਾਊਂਸਰਾਂ ਲਈ ਪ੍ਰੇਰਣਾ ਦਾ ਸਰੋਤ ਵੀ ਬਣੀ।

ਸੁਖਜੀਤ ਕੌਰ ਦੀ ਜ਼ਿੰਦਗੀ ਸਿਰਫ਼ ਮਾਈਕ ਤੱਕ ਸੀਮਿਤ ਨਹੀਂ ਰਹੀ, ਵਿਆਹ ਤੋਂ ਬਾਅਦ ਉਨ੍ਹਾਂ ਦਾ ਸਹੁਰਾ ਪਰਿਵਾਰ ਵੀ ਰੇਡੀਓ ਸੁਣਨ ਦਾ ਬੇਹੱਦ ਸ਼ੌਕੀਨ ਸੀ, ਜਿਸ ਨਾਲ ਉਨ੍ਹਾਂ ਦੀ ਪ੍ਰੋਫੈਸ਼ਨਲ ਜ਼ਿੰਦਗੀ ਨੂੰ ਹੋਰ ਵੀ ਹੌਂਸਲਾ ਮਿਲਿਆ। ਉਹ ਸਿਰਫ਼ ਆਪਣੀ ਮਿੱਠੜੀ ਆਵਾਜ਼ ਲਈ ਹੀ ਨਹੀਂ, ਸਗੋਂ ਆਪਣੇ ਸਨੇਹ ਭਰੇ ਸੁਭਾਉ ਲਈ ਵੀ ਜਾਣੀ ਜਾਂਦੀ ਹੈ। ਖਾਣ-ਪੀਣ ਦੀਆਂ ਨਵੀਆਂ-ਨਵੀਆਂ ਚੀਜ਼ਾਂ ਬਣਾਉਣ ਦੀ ਸ਼ੌਕੀਨ ਸੁਖਜੀਤ ਘਰ-ਪਰਿਵਾਰ ਤੋਂ ਇਲਾਵਾ ਅਕਸਰ ਦਫ਼ਤਰ ਦੇ ਸਹਿਕਰਮੀਆਂ ਲਈ ਘਰੋਂ ਕੁਝ ਨਾ ਕੁਝ ਬਣਾ ਕੇ ਲਿਜਾਂਦੀ ਰਹਿੰਦੀ, ਜਿਸ ਨਾਲ ਅਕਾਸ਼ਵਾਣੀ ਪਰਿਵਾਰ ਨੂੰ ਘਰੇਲੂ ਪਿਆਰ ਦਾ ਸੁਆਦ ਵੀ ਮਿਲਦਾ ਰਹਿੰਦਾ।

ਆਪਣੇ ਨਿੱਜੀ ਹਾਲਾਤਾਂ ਨਾਲ ਵੀ ਮੁਕਾਬਲਾ ਕਰਦੇ ਹੋਏ ਹਮੇਸ਼ਾਂ ਸਬਰ, ਸੰਤੋਖ ਤੇ ਹੌਸਲੇ ਤੋਂ ਕੰਮ ਲੈਂਦਿਆਂ ਸਰੋਤਿਆਂ ਨੂੰ ਕੀਲ ਕੇ ਰੱਖਣ ਵਾਲੀ ਸੁਖਜੀਤ ਕੌਰ ਹੁਣ ਜਦੋਂ ਸੀਨੀਅਰ ਅਨਾਊਂਸਰ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਰਹੇ ਹਨ ਤਾਂ ਉਹ ਆਪਣੇ ਪਿੱਛੇ ਯਾਦਾਂ ਅਤੇ ਪ੍ਰੇਰਣਾ ਦੀ ਅਮੋਲ ਵਿਰਾਸਤ ਛੱਡ ਰਹੇ ਹਨ। ਉਨ੍ਹਾਂ ਦੀ ਅਕਾਸ਼ਵਾਣੀ 'ਚ 35 ਸਾਲਾਂ ਦੀ ਆਵਾਜ਼ ਸਿਰਫ਼ ਪ੍ਰੋਗਰਾਮ ਪੇਸ਼ ਕਰਨ ਤੱਕ ਸੀਮਿਤ ਨਹੀਂ ਸੀ, ਉਹ ਇੱਕ ਸੰਵੇਦਨਸ਼ੀਲ ਸਫ਼ਰ ਸੀ ਜਿਸ ਨੇ ਰੇਡੀਓ ਦੇ ਰਾਹੀਂ ਹਰ ਕੋਨੇ ਵਿੱਚ ਆਪਣੀ ਥਾਂ ਬਣਾਈ।

ਅਕਾਸ਼ਵਾਣੀ ਜਲੰਧਰ ਦੇ ਸਰੋਤੇ, ਸਹਿਕਰਮੀ ਅਤੇ ਪ੍ਰਸ਼ੰਸਕ ਅੱਜ ਉਨ੍ਹਾਂ ਦੇ ਸੇਵਾ ਮੁਕਤ ਹੋਣ ਦੇ ਮੌਕੇ 'ਤੇ ਉਨ੍ਹਾਂ ਨੂੰ ਦਿਲੀ ਪਿਆਰ ਅਤੇ ਸ਼ੁਭਕਾਮਨਾਵਾਂ ਭੇਜ ਰਹੇ ਹਨ। ਸੁਖਜੀਤ ਕੌਰ ਦੀ ਮਿੱਠੀ ਤੇ ਸੁਰੀਲੀ ਆਵਾਜ਼ ਭਾਵੇਂ ਹੁਣ ਰੋਜ਼ਾਨਾ ਦੀ ਤਰ੍ਹਾਂ ਨਹੀਂ ਸੁਣਾਈ ਦੇਵੇਗੀ, ਪਰ ਉਨ੍ਹਾਂ ਦੇ ਬੋਲੇ ਸ਼ਬਦ ਅਤੇ ਪਿਆਰ ਭਰੇ ਅੰਦਾਜ਼ ਹਮੇਸ਼ਾਂ ਸਾਡੇ ਦਿਲਾਂ ਵਿੱਚ ਗੂੰਜਦੇ ਰਹਿਣਗੇ।



ਬਲਦੇਵ ਸਿੰਘ ਬੇਦੀ,
ਜਲੰਧਰ, 9041925181

# ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਭਾਰਤ ਦੇ ਸਭ ਤੋਂ ਸਫਲ ਸਟਾਰ ਬਣ ਕੇ ਉਭਰੇ



ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਭਾਰਤ ਦੇ ਸਭ ਤੋਂ ਸਫਲ ਸਟਾਰ ਬਣ ਕੇ ਉਭਰੇ ਹਨ। ਉਨ੍ਹਾਂ 130 ਸਭ ਤੋਂ ਮਸ਼ਹੂਰ ਭਾਰਤੀ ਫਿਲਮਾਂ ਵਿੱਚੋਂ 20 ਵਿੱਚ ਕੰਮ ਕੀਤਾ ਹੈ। ਆਈਐੱਮਡੀਬੀ ਦੀ ਇਕ ਨਵੀਂ ਰਿਪੋਰਟ ਤੋਂ ਇਹ ਜਾਣਕਾਰੀ ਮਿਲੀ ਹੈ। "ਭਾਰਤੀ ਸਿਨੇਮਾ ਦੇ 25 ਸਾਲ (2000-2025)" ਸਿਰਲੇਖ ਵਾਲੀ ਇਹ ਰਿਪੋਰਟ ਮੰਗਲਵਾਰ ਨੂੰ ਜਾਰੀ ਕੀਤੀ ਗਈ।

IMDB ਫਿਲਮਾਂ ਦਾ ਇੱਕ ਗਲੋਬਲ ਡੇਟਾਬੇਸ ਹੈ ਜਿਸਦੇ 250 ਮਿਲੀਅਨ ਤੋਂ ਵੱਧ ਮਾਸਿਕ ਉਪਭੋਗਤਾ ਹਨ। ਇਹ ਜਨਵਰੀ 2000 ਅਤੇ ਅਗਸਤ 2025 ਦੇ ਵਿਚਕਾਰ ਹਰ ਸਾਲ ਰਿਲੀਜ਼ ਹੋਣ ਵਾਲੀਆਂ ਚੋਟੀ ਦੀਆਂ ਪੰਜ ਸਭ ਤੋਂ ਮਸ਼ਹੂਰ ਭਾਰਤੀ ਫਿਲਮਾਂ 'ਤੇ ਅਧਾਰਤ ਹੈ, ਜਿਨ੍ਹਾਂ ਦੀਆਂ ਸਮੂਹਿਕ ਤੌਰ 'ਤੇ ਦੁਨੀਆ ਭਰ ਵਿੱਚ 9.1 ਮਿਲੀਅਨ ਤੋਂ ਵੱਧ ਉਪਭੋਗਤਾ ਰੇਟਿੰਗਾਂ ਹਨ।

ਅਧਿਐਨ ਮੁਤਾਬਕ, ਖਾਨ ਨੇ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਦਬਦਬਾ ਬਣਾਇਆ, 2000 ਅਤੇ 2004 ਦੇ ਵਿਚਕਾਰ ਰਿਲੀਜ਼ ਹੋਈਆਂ 25 ਸਭ ਤੋਂ ਮਸ਼ਹੂਰ ਫਿਲਮਾਂ ਵਿੱਚੋਂ 8 ਵਿੱਚ ਅਦਾਕਾਰੀ ਕੀਤੀ। ਆਪਣੀ ਪ੍ਰਸਿੱਧੀ ਕਾਰਨ ਉਹ ਲਗਾਤਾਰ ਆਈਐੱਮਡੀਬੀ ਦੀ "ਪ੍ਰਸਿੱਧ ਭਾਰਤੀ ਮਸ਼ਹੂਰ ਹਸਤੀਆਂ" ਦੀ ਸੂਚੀ ਵਿੱਚ ਸ਼ਾਮਲ ਹੋਇਆ, ਭਾਵੇਂ ਉਸਦੀ ਇੱਕ ਸਾਲ ਵਿੱਚ ਇੱਕ ਵੀ ਫਿਲਮ ਰਿਲੀਜ਼ ਨਾ ਹੋਈ ਹੋਵੇ ਅਤੇ 2024 ਵਿੱਚ ਹਰ ਹਫ਼ਤੇ ਚੋਟੀ ਦੇ 10 ਵਿੱਚ ਰਿਹਾ।

ਖਾਨ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਦੇਖਣਾ ਖੁਸ਼ੀ ਦੀ ਗੱਲ ਹੈ ਕਿ ਮੈਂ ਜਿਨ੍ਹਾਂ ਫਿਲਮਾਂ ਦਾ ਹਿੱਸਾ ਰਿਹਾ ਹਾਂ, ਉਨ੍ਹਾਂ ਦਾ ਪ੍ਰਭਾਵ ਕਿੰਨਾ ਹੈਰਾਨੀਜਨਕ ਅਤੇ ਉਤਸ਼ਾਹਜਨਕ ਹੈ। ਮੇਰਾ ਟੀਚਾ ਹਮੇਸ਼ਾ ਲੋਕਾਂ ਦਾ ਮਨੋਰੰਜਨ ਕਰਨਾ ਅਤੇ ਕਹਾਣੀ ਸੁਣਾਉਣ ਦੁਆਰਾ ਉਨ੍ਹਾਂ ਦਾ ਪਿਆਰ ਜਿੱਤਣਾ ਰਿਹਾ ਹੈ। ਮੈਂ ਹਮੇਸ਼ਾ ਵਿਸ਼ਵਾਸ ਕੀਤਾ ਹੈ ਕਿ ਸਿਨੇਮਾ ਦੀ ਸ਼ਕਤੀ ਭਾਸ਼ਾ ਅਤੇ ਸੱਭਿਆਚਾਰਕ ਰੁਕਾਵਟਾਂ ਨੂੰ ਪਾਰ ਕਰਨ ਦੀ ਯੋਗਤਾ ਵਿੱਚ ਹੈ।" 59 ਸਾਲਾ ਅਦਾਕਾਰ ਨੇ ਕਿਹਾ ਕਿ ਇਹ ਦੇਖ ਕੇ ਬਹੁਤ ਸੰਤੁਸ਼ਟੀ ਹੋਈ ਕਿ ਉਸਦੀਆਂ ਫਿਲਮਾਂ ਨੇ ਨਾ ਸਿਰਫ਼ ਭਾਰਤ ਵਿੱਚ ਸਗੋਂ ਵਿਦੇਸ਼ਾਂ ਵਿੱਚ ਵੀ ਲੋਕਾਂ ਦਾ ਮਨੋਰੰਜਨ ਕੀਤਾ। ਉਸਨੇ ਕਿਹਾ ਕਿ ਉਹ ਧੰਨਵਾਦੀ ਹੈ ਕਿ ਉਸਦੀ 25 ਸਾਲਾਂ ਦੀ ਯਾਤਰਾ ਨੂੰ ਆਈਐੱਮਡੀਬੀ ਰਿਪੋਰਟ ਵਿੱਚ ਉਜਾਗਰ ਕੀਤਾ ਗਿਆ ਸੀ।

# ਲਾਈਵ ਕੰਸਰਟ ਰੋਕ ਦਿਲਜੀਤ ਦੋਸਾਂਝ ਨੇ ਰਾਜਵੀਰ ਜਵੰਦਾ ਲਈ ਮੰਗੀ ਦੁਆ!



ਪੰਜਾਬੀ ਗਾਇਕ-ਅਦਾਕਾਰ ਰਾਜਵੀਰ ਜਵੰਦਾ ਦੇ ਇੱਕ ਗੰਭੀਰ ਸੜਕ ਹਾਦਸੇ ਵਿੱਚ ਜ਼ਖਮੀ ਹੋਣ ਤੋਂ ਬਾਅਦ ਪੂਰੀ ਪੰਜਾਬੀ ਮਨੋਰੰਜਨ ਇੰਡਸਟਰੀ ਸਦਮੇ ਵਿੱਚ ਹੈ। ਇਸ ਦੌਰਾਨ, ਮਸ਼ਹੂਰ ਗਾਇਕ ਦਿਲਜੀਤ ਦੋਸਾਂਝ ਨੇ ਆਪਣੇ ਹਾਂਗਕਾਂਗ ਵਿੱਚ ਚੱਲ ਰਹੇ ਲਾਈਵ ਕੰਸਰਟ ਨੂੰ ਰੋਕ ਕੇ ਪ੍ਰਸ਼ੰਸਕਾਂ ਨੂੰ ਰਾਜਵੀਰ ਜਵੰਦਾ ਦੀ ਜਲਦੀ ਸਿਹਤਯਾਬੀ ਲਈ ਦੁਆ ਕਰਨ ਦੀ ਭਾਵੁਕ ਅਪੀਲ ਕੀਤੀ।

ਆਪਣੇ 'ਔਰਾ ਟੂਰ' ਦੇ ਹਿੱਸੇ ਵਜੋਂ ਹਾਂਗਕਾਂਗ ਵਿੱਚ ਇੱਕ ਲਾਈਵ ਕੰਸਰਟ ਦੌਰਾਨ, ਦਿਲਜੀਤ ਦੋਸਾਂਝ ਨੇ ਆਪਣਾ ਸ਼ੋਅ ਰੋਕ ਕੇ ਰਾਜਵੀਰ ਜਵੰਦਾ ਬਾਰੇ ਗੱਲ ਕੀਤੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਵਿੱਚ, ਦਿਲਜੀਤ ਨੇ ਰਾਜਵੀਰ ਨੂੰ ਇੱਕ "ਬਹੁਤ ਹੀ ਪਿਆਰਾ ਭਰਾ" ਅਤੇ ਇੱਕ "ਸ਼ਾਨਦਾਰ ਗਾਇਕ" ਦੱਸਿਆ, ਜੋ ਬੀਤੇ ਦਿਨੀਂ ਮੋਟਰਸਾਈਕਲ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਦਿਲਜੀਤ ਨੇ ਰਾਜਵੀਰ ਦੀ ਤਾਰੀਫ਼ ਕਰਦਿਆਂ ਕਿਹਾ, ਉਹ ਇੱਕ ਵਧੀਆ ਗਾਇਕ ਹਨ ਅਤੇ ਉਹ ਅੱਜ ਤੱਕ ਕਦੇ ਵੀ ਕਿਸੇ ਵਿਵਾਦ ਵਿੱਚ ਨਹੀਂ ਫਸੇ। ਉਹ ਸਾਰਿਆਂ ਨੂੰ ਬਹੁਤ ਪਿਆਰ ਕਰਦੇ ਹਨ।

ਦਿਲਜੀਤ ਨੇ ਦੁਆਵਾਂ ਦੀ ਤਾਕਤ 'ਤੇ ਜ਼ੋਰ ਦਿੰਦਿਆਂ ਕਿਹਾ, ਦੁਆਵਾਂ ਦਾ ਬਹੁਤ ਅਸਰ ਹੁੰਦਾ ਹੈ। ਜਦੋਂ ਤੁਸੀਂ ਕਿਸੇ ਲਈ ਸੱਚੇ ਦਿਲੋਂ ਦੁਆ ਕਰਦੇ ਹੋ ਤਾਂ ਉਹ ਪ੍ਰਮਾਤਮਾ ਜ਼ਰੂਰ ਪੂਰੀ ਕਰਦਾ ਹੈ। ਦੁਆ ਕਰੋ ਕਿ ਉਹ ਜਲਦੀ ਠੀਕ ਹੋਣ ਅਤੇ ਦੁਬਾਰਾ ਸਾਡੇ ਵਿਚਕਾਰ ਆਉਣ ਅਤੇ ਸ਼ੋਅ ਲਗਾਉਣ। ਇਸ ਤੋਂ ਪਹਿਲਾਂ ਵੀ ਦਿਲਜੀਤ ਦੋਸਾਂਝ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਰਾਜਵੀਰ ਦੇ ਹਾਦਸੇ ਦੀ ਖ਼ਬਰ 'ਤੇ ਪ੍ਰਤੀਕਿਰਿਆ ਦਿੰਦਿਆਂ ਲਿਖਿਆ ਸੀ, "ਰਾਜਵੀਰ ਜਵੰਦਾ ਵੀਰੇ ਲਈ ਅਰਦਾਸ ਕਰ ਰਿਹਾ ਹਾਂ। ਹੁਣੇ ਹਾਦਸੇ ਦੀ ਖ਼ਬਰ ਸੁਣੀ।"

# ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਹਾਲਤ 'ਚ ਸੁਧਾਰ





ਚੰਡੀਗੜ੍ਹ: ਸੜਕ ਹਾਦਸੇ ਦਾ ਸ਼ਿਕਾਰ ਹੋਏ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਸਿਹਤ ਵਿੱਚ ਹੁਣ ਕੁਝ ਸੁਧਾਰ ਦੇਖਣ ਨੂੰ ਮਿਲਿਆ ਹੈ। ਮੋਹਾਲੀ ਦੇ ਫੋਰਟਿਸ ਹਸਪਤਾਲ ਦੇ ਡਾਕਟਰਾਂ ਅਨੁਸਾਰ, ਉਹਨਾਂ ਦੀਆਂ ਚਾਰ ਲਾਈਫ ਸਪੋਰਟ ਮਸ਼ੀਨਾਂ ਵਿੱਚੋਂ ਤਿੰਨ ਹਟਾਈਆਂ ਜਾ ਚੁੱਕੀਆਂ ਹਨ, ਪਰ ਉਹ ਅਜੇ ਵੀ ਵੈਂਟੀਲੇਟਰ ਸਪੋਰਟ 'ਤੇ ਹਨ ਅਤੇ ਹੋਸ਼ ਵਿੱਚ ਨਹੀਂ ਆਏ। ਨਿਊਰੋਸਰਜਰੀ ਅਤੇ ਕ੍ਰਿਟੀਕਲ ਕੇਅਰ ਮਾਹਿਰਾਂ ਦੀ ਟੀਮ ਉਹਨਾਂ ਦੀ ਨਿਗਰਾਨੀ ਕਰ ਰਹੀ ਹੈ। ਉਹਨਾਂ ਦਾ ਹਾਲ-ਚਾਲ ਜਾਣਨ ਲਈ ਵੱਡੀ ਗਿਣਤੀ ਵਿੱਚ ਲੋਕ ਹਸਪਤਾਲ ਪਹੁੰਚ ਰਹੇ ਹਨ। ਪਰਿਵਾਰ ਨੇ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ ਲਈ ਦੁਆਵਾਂ ਕਰਨ ਦੀ ਅਪੀਲ ਕੀਤੀ ਹੈ।

ਮੈਡੀਕਲ ਬੁਲੇਟਿਨਾਂ ਵਿੱਚ ਹੁਣ ਤੱਕ ਦਿੱਤੀ ਗਈ ਜਾਣਕਾਰੀ ਅਨੁਸਾਰ, 27 ਸਤੰਬਰ ਨੂੰ ਦੁਪਹਿਰ 1:45 ਵਜੇ ਰਾਜਵੀਰ ਜਵੰਦਾ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਲਿਆਂਦਾ ਗਿਆ ਸੀ। ਸੜਕ ਹਾਦਸੇ ਵਿੱਚ ਉਹਨਾਂ ਨੂੰ ਸਿਰ ਅਤੇ ਰੀੜ੍ਹ ਦੀ ਹੱਡੀ ਵਿੱਚ ਗੰਭੀਰ ਸੱਟਾਂ ਲੱਗੀਆਂ ਸਨ। ਡਾਕਟਰਾਂ ਨੇ ਦੱਸਿਆ ਕਿ ਉਹਨਾਂ ਨੂੰ ਪਹਿਲਾਂ ਕਾਰਡੀਐਕ ਅਰੈਸਟ ਵੀ ਹੋਇਆ ਸੀ। ਹਸਪਤਾਲ ਪਹੁੰਚਦੇ ਹੀ ਉਹਨਾਂ ਨੂੰ ਐਡਵਾਂਸਡ ਲਾਈਫ ਸਪੋਰਟ 'ਤੇ ਰੱਖਿਆ ਗਿਆ ਅਤੇ ਹਾਲਤ ਬਹੁਤ ਨਾਜ਼ੁਕ ਸੀ। 28 ਸਤੰਬਰ ਨੂੰ ਡਾਕਟਰਾਂ ਨੇ ਦੱਸਿਆ ਕਿ ਰਾਜਵੀਰ ਅਜੇ ਵੀ ਵੈਂਟੀਲੇਟਰ 'ਤੇ ਹਨ ਅਤੇ ਨਿਊਰੋਸਰਜਰੀ ਤੇ ਕ੍ਰਿਟੀਕਲ ਕੇਅਰ ਮਾਹਿਰ ਉਹਨਾਂ ਦਾ ਇਲਾਜ ਕਰ ਰਹੇ ਹਨ। 29 ਸਤੰਬਰ ਨੂੰ ਡਾਕਟਰਾਂ ਨੇ ਦੱਸਿਆ ਕਿ ਹਾਲਤ ਵਿੱਚ ਮਾਮੂਲੀ ਸੁਧਾਰ ਹੋਇਆ ਹੈ, ਪਰ ਉਹ ਅਜੇ ਵੀ ਵੈਂਟੀਲੇਟਰ 'ਤੇ ਹਨ।

ਐਤਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਮੋਹਾਲੀ ਦੇ ਫੋਰਟਿਸ ਹਸਪਤਾਲ ਪਹੁੰਚੇ ਸਨ ਅਤੇ ਉਹਨਾਂ ਨੇ ਡਾਕਟਰਾਂ ਤੋਂ ਰਾਜਵੀਰ ਦੀ ਸਿਹਤ ਬਾਰੇ ਜਾਣਕਾਰੀ ਲਈ। ਸੀਐਮ ਨੇ ਕਿਹਾ ਸੀ ਕਿ ਸ਼ਨੀਵਾਰ ਦੇ ਮੁਕਾਬਲੇ ਰਾਜਵੀਰ ਦੀ ਹਾਲਤ ਵਿੱਚ ਕੁਝ ਸੁਧਾਰ ਹੋਇਆ ਹੈ। ਉਸ ਦਿਨ ਕਈ ਪੰਜਾਬੀ ਗਾਇਕ ਵੀ ਹਸਪਤਾਲ ਪਹੁੰਚੇ ਸਨ ਅਤੇ ਸਾਰਿਆਂ ਨੇ ਉਹਨਾਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕੀਤੀ ਸੀ।

ਹਾਦਸਾ 27 ਸਤੰਬਰ ਨੂੰ ਪਿੰਜੌਰ-ਨਾਲਾਗੜ੍ਹ ਸੜਕ 'ਤੇ ਵਾਪਰਿਆ, ਜਦੋਂ ਰਾਜਵੀਰ ਜਵੰਦਾ ਬੱਦੀ ਤੋਂ ਸ਼ਿਮਲਾ ਵੱਲ ਬਾਈਕ 'ਤੇ ਜਾ ਰਹੇ ਸਨ। ਜਾਣਕਾਰੀ ਮੁਤਾਬਕ, ਸੜਕ 'ਤੇ ਦੋ ਸਾਂਡ ਆਪਸ ਵਿੱਚ ਲੜ ਰਹੇ ਸਨ, ਜਿਨ੍ਹਾਂ ਤੋਂ ਬਚਣ ਦੀ ਕੋਸ਼ਿਸ਼ ਵਿੱਚ ਰਾਜਵੀਰ ਦੀ ਬਾਈਕ ਸਾਹਮਣੇ ਤੋਂ ਆ ਰਹੀ ਜੀਪ ਨਾਲ ਟਕਰਾ ਗਈ। ਹਾਦਸੇ ਤੋਂ ਬਾਅਦ ਮੌਕੇ 'ਤੇ ਮੌਜੂਦ ਲੋਕਾਂ ਨੇ ਉਹਨਾਂ ਨੂੰ ਨੇੜਲੇ ਸ਼ੌਰੀ ਹਸਪਤਾਲ ਪਹੁੰਚਾਇਆ। ਡਾਕਟਰ ਵਿਮਲ ਦੇ ਮੁਤਾਬਕ, ਉਹਨਾਂ ਦੀ ਹਾਲਤ ਇੰਨੀ ਗੰਭੀਰ ਸੀ ਕਿ ਉਹਨਾਂ ਨੂੰ ਬਾਹਰ ਹੀ ਜਾਂਚਣਾ ਪਿਆ। ਉਹ ਬੇਹੋਸ਼ ਸਨ ਅਤੇ ਨਬਜ਼ ਬਹੁਤ ਹੌਲੀ ਸੀ। ਮੁਢਲੇ ਇਲਾਜ ਤੋਂ ਬਾਅਦ ਉਹਨਾਂ ਨੂੰ ਪਹਿਲਾਂ ਪੰਚਕੂਲਾ ਰੈਫਰ ਕੀਤਾ ਗਿਆ, ਫਿਰ ਹਾਲਤ ਦੀ ਗੰਭੀਰਤਾ ਨੂੰ ਵੇਖਦਿਆਂ ਮੋਹਾਲੀ ਦੇ ਫੋਰਟਿਸ ਹਸਪਤਾਲ ਭੇਜਿਆ ਗਿਆ।






# (ਚੀਰੇ ਵਾਲਿਆ, ਕਿੱਥੇ ਨੀ ਤੈਨੂੰ ਭਾਲਿਆ !!)



ਜਸਵਿੰਦਰ ਸਿੰਘ ਰੁਪਾਲ
9814715796

ਸਾਡੇ ਸਭਿਆਚਾਰ ਵਿੱਚ ਇੱਕ ਕਹਾਵਤ ਮਸ਼ਹੂਰ ਸੀ ਕਿ ਬੰਦਾ ਆਪਣੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਤੋਂ ਪਚਾਣਿਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਇਹ ਲਾਗੂ ਹੁੰਦੀ ਨਹੀਂ ਦਿਸ ਰਹੀ। ਰਫ਼ਤਾਰ ਯਾਨੀ ਚਾਲ ਨਜ਼ਰ ਹੀ ਨਹੀਂ ਆ ਰਹੀ । ਕੁਝ ਤਾਂ ਪੈਰੀਂ ਤੁਰਨਾ ਵੈਸੇ ਹੀ ਘਟ ਗਿਆ ਹੈ ,ਘਰੋਂ ਗੱਡੀ ਤੇ ਨਿਕਲੋ ਅਤੇ ਮੰਜਲ ਤੇ ਸਿੱਧੇ ਗੱਡੀ ਰਾਹੀਂ ਪਹੁੰਚਿਆ ਜਾਂਦਾ ਹੈ । ਜੇ ਮਾੜਾ ਮੋਟਾ ਤੁਰਨਾ ਹੈ ਵੀ ਤਾਂ ਉਸ ਵਿੱਚੋਂ "ਤੁਰਨਾ ਮੜ੍ਹਕ ਦੇ ਨਾਲ਼"ਗਾਇਬ ਹੈ । ਗੁਫ਼ਤਾਰ ਦਾ ਅੰਦਾਜ ਵੀ ਉਹ ਨਹੀਂ ਰਿਹਾ । ਤੇਜ ਦੌੜਦੀ ਜਿੰਦਗੀ ਵਿੱਚ ਕਿਸ ਕੋਲ ਫ਼ੁਰਸਤ ਹੈ ਗੱਲਾਂ ਬਾਤਾਂ ਕਰਨ ਦੀ ? ਬੱਸ ਗੁਜ਼ਾਰੇ ਜੋਗੀ ਸੰਖੇਪ ਜਿਹੀ ਰਸਮੀ ਗੱਲਬਾਤ ਕੀਤੀ ਜਾ ਰਹੀ ਹੈ,ਜਿਸ ਵਿੱਚ ਵਿਅਕਤੀ ਦਾ ਨਿੱਜਤਵ ਖ਼ਤਮ ਹੁੰਦਾ ਜਾ ਰਿਹਾ ਹੈ। ਲੰਮੀਆਂ ਦਿਲੇ ਦੀਆਂ ਬਾਤਾਂ ਪਾਉਂਦੀ ਗੁਫ਼ਤਗੂ ਕਿਧਰੇ ਨਹੀਂ ਮਿਲਦੀ ਅਤੇ ਤੀਸਰਾ ਸਾਡੀ ਪਹਿਚਾਣ ਸਾਡੀ ਦਸਤਾਰ ਸਿਰਾਂ ਤੋਂ ਅਲੋਪ ਹੋ ਰਹੀ ਹੈ। ਅੱਜ ਅਸੀਂ ਇਸ ਦਸਤਾਰ ਦੀ ਹੀ ਗੱਲ ਕਰਨੀ ਹੈ.... ਦਸਤਾਰ ਸਿਰ ਦੇ ਕੇਸਾਂ ਦਾ ਜੂੜਾ ਬੰਨ ਕੇ ਉਸ ਉਪਰ ਸਜਾਈ ਜ ਦੀ ਹੈ । ਹੁਣ ਤਾਂ ਕੇਸ ਹੀ ਕਟਾਏ ਜਾਣ ਦਾ ਰਿਵਾਜ ਚਲ ਪਿਆ ਹੈ। ਜਦ ਕੇਸ ਹੀ ਨਹੀਂ,ਜੂੜਾ ਹੀ ਨਹੀਂ ,ਤਾਂ ਦਸਤਾਰ ਦੀ ਕੀ ਲੋੜ ਰਹਿ ਗਈ ? ਦਸਤਾਰ ਨੂੰ 'ਪੱਗ', 'ਚੀਰਾ'ਜਾਂ 'ਸਾਫ਼ਾ'ਵੀ ਕਿਹਾ ਜਾਂਦਾ ਹੈ। ਸਾਡੇ ਲੋਕ ਸਾਹਿਤ ਨੇ ਇਨ੍ਹਾਂ ਸਾਰੇ ਨਾਵਾਂ ਨੂੰ ਸੰਭਾਲਿਆ ਹੋਇਆ ਹੈ। ਗੁਰਬਾਣੀ ਵਿੱਚ ਇਨ੍ਹਾਂ ਸ਼ਬਦਾਂ ਨੂੰ ਸਤਿਕਾਰ ਨਾਲ ਵਰਤ ਕੇ ਇਨ੍ਹਾਂ ਦੀ ਮਹੱਤਤਾ ਤੇ ਮੋਹਰ ਲਗਾਈ ਗਈ ਹੈ–

"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ,ਸਾਬਤ ਸੂਰਤਿ ਦਸਤਾਰ ਸਿਰਾ ॥"--(ਪੰਨਾ 1084)

"ਖੂਬੁ ਤੇਰੀ ਪਗਰੀ,ਮੀਠੇ ਤੇਰੇ ਬੋਲ ॥" ----(ਪੰਨਾ 727)

"ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ ॥"

-(ਪੰਨਾ 856)

"ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥"-- (ਪੰਨਾ 1379) ਇੱਕ ਭੈਣ ਨੂੰ ਆਪਣੇ ਪੱਗ ਵਾਲੇ ਭਰਾ ਤੇ ਕਿੰਨਾ ਮਾਣ ਹੈ। ਉਸ ਦੀ ਪਹਿਚਾਣ ਹੀ ਉਸਦੇ ਸਿਰ ਤੇ ਬੰਨ੍ਹੀ ਹੋਈ ਪੱਗ ਹੈ। ਇਸੇ ਪੱਗ ਦਾ ਖੂਬਸੂਰਤ ਰੰਗ ਇਸ ਤੇ ਸਜੀ ਕਲਗੀ, ਇਸ ਤੇ ਲੱਗਿਆ ਗੋਟਾ ਸਭ ਵੀਰੇ ਦੀ ਸ਼ਾਨ ਨੂੰ ਵਧਾਉਂਦੇ ਹਨ ।

"ਦੂਰੋਂ ਸਿਆਣਦੀ ਵੀਰਾ ਵੇ ਤੇਰਾ ਬੋਤਾ,
ਪੱਚੀਆਂ ਚੋਂ ਪੱਗ ਸਿਆਣਦੀ ।"
"ਔਹ ਵੀਰ ਮੇਰਾ ਕੁੜੀਓ,
ਕੰਨੀ ਨੱਤੀਆਂ ਸੰਧੂਰੀ ਸਿਰ ਸਾਫ਼ਾ ।"
"ਵੀਰ ਆਉਣਗੇ ਪੱਗਾਂ ਨੂੰ ਰੰਗ ਲਾਉਣੇ,
ਸੱਸੀਏ ਬਦਾਮੀ ਰੰਗੀਏ ।"
"ਗੋਟਾ ਲਾ ਦੇ ਨੀ ਚੰਦਰੀਏ ਭਾਬੋ,
ਵੀਰੇ ਦੀ ਸੰਧੂਰੀ ਪੱਗ ਨੂੰ ।"

ਇਸੇ ਲਈ ਚੀਰੇ ਵਾਲੇ ਗੱਭਰੂ ਦੀ ਸੁੰਦਰਤਾ ਦਿਲਾਂ ਨੂੰ ਧੂਹ ਪਾਉਂਦੀ ਹੈ । ਅਤੇ ਜਦੋਂ ਇਸ ਦਾ ਰੰਗ ਵੀ ਤਿੱਖਾ ਹੋਵੇ ਸੂਹਾ, ਸੰਧੂਰੀ,ਕਾਲਾ ਆਦਿ ਤਾਂ ਹੋਰ ਵੀ ਜੁਲਮ ਢਾਹੁੰਦੀ ਹੈ ।

ਮੈਨੂੰ ਮੱਸਿਆ ਤੇ ਪੈਣ ਭੁਲੇਖੇ,
ਤੇਰੀ ਵੇ ਸੰਧੂਰੀ ਪੱਗ ਦੇ ।"
"ਮੂਹਰੇ ਲੱਗ ਜਾ ਸੰਧੂਰੀ ਸਾਫ਼ੇ ਵਾਲਿਆ,
ਪਿੱਛੇ ਪਿੱਛੇ ਆਵਾਂ ਮੇਲਦੀ ।"
"ਕਾਲ਼ੀ ਪੱਗ ਨਾ ਬੰਨ੍ਹ ਵੇ,
ਤੈਨੂੰ ਨਜ਼ਰਾਂ ਲੱਗਣਗੀਆਂ ਮੇਰੀਆਂ ।"
"ਕਾਲ਼ੀ ਪੱਗ ਬੰਨ੍ਹ ਲੈਣ ਦੇ,
ਨੀ ਸਾਡੇ ਬਾਗ ਵਿੱਚ ਮਿਰਚਾਂ ਬਥੇਰੀਆਂ ।"

ਭਲਾ ਜੇ ਕਿਧਰੇ ਗੱਭਰੂ ਨੂੰ ਵਧੀਆ ਪੱਗ ਬੰਨ੍ਹਣੀ ਨਹੀਂ ਸੀ ਆਉਂਦੀ ਤਾਂ ਮੁਟਿਆਰ ਦਾ ਉਲਾਂਭਾ ਦੇਖਣਾ ਬਣਦਾ ਹੈ–

"ਬਾਬਲੇ ਨੇ ਵਰ ਟੋਲਿਆ,
ਜੀਹਨੂੰ ਪੱਗ ਬੰਨ੍ਹਣੀ ਨਾ ਆਵੇ ।"

ਵੈਸੇ ਅਜਿਹੇ ਗੱਭਰੂ ਘੱਟ ਹੀ ਹੁੰਦੇ ਸਨ । ਜਿਆਦਾ ਨੌਜਵਾਨ ਤਾਂ ਘੋਟ ਘੋਟ ਕੇ ਵਧੀਆ ਪੱਗਾਂ ਬੰਨ੍ਹਦੇ ਸਨ । ਜਦੋਂ ਕੁੜਤਾ ਅਤੇ ਚਾਦਰਾ ਪਾ ਕੇ ਭੰਗੜਾ ਪਾਉਂਦੇ ਸਨ ਤਾਂ ਉਸ ਦਾ ਰੰਗ ਹੀ ਹੋਰ ਹੋ ਜਾਂਦਾ ਸੀ –

"ਅਲਕੜਿਆਂ ਦੇ ਮੁੰਡੇ ਦੇਖ ਲਓ,
ਜਿਉ ਟਾਹਲੀ ਦੇ ਪਾਵੇ ।
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ,
ਪਿੰਜਣੀ ਨਾਲ ਸੁਹਾਵੇ ।
ਦੁੱਧ ਕਾਸ਼ਨੀ ਬੰਨ੍ਹਦੇ ਸਾਫ਼ੇ,
ਜਿਉ ਉਡਿਆ ਕਬੂਤਰ ਜਾਵੇ।
ਮਲਮਲ ਦੇ ਤਾਂ ਕੁੜਤੇ ਸੋਂਹਦੇ,
ਜਿਉਂ ਬਗਲਾ ਤਲਾਅ ਵਿੱਚ ਨ੍ਹਾਵੇ ।
ਗਿੱਧਾ ਪਾਉਂਦੇ ਮੁੰਡਿਆਂ ਦੀ,

ਸਿਫ਼ਤ ਕਰੀ ਨਾ ਜਾਵੇ ।"
"ਏਸ ਪਿੰਡ ਦਿਆ ਹਾਕਮਾ,
ਇਨ੍ਹਾਂ ਮੁੰਡਿਆਂ ਨੂੰ ਸਮਝਾ ।
ਪੱਗਾਂ ਰੰਗ ਬਰੰਗੀਆਂ ,
ਇਹ ਲੜ ਲੈਂਦੇ ਲਮਕਾ ।
ਜਵਾਨੀ ਮੁਸ਼ਕਣ ਬੂਟੀ ਵੇ,
ਹਾਣੀਆ ਸੰਭਲ ਕੇ ਵਰਤਾ ।"

ਇਹ ਸੱਚ ਹੈ ਕਿ ਰੰਗ ਬਰੰਗੀਆਂ ਪੱਗਾਂ ਵਾਲੇ ਚੋਬਰ ਮੁਟਿਆਰਾਂ ਦੇ ਦਿਲਾਂ ਨੂੰ ਧੂਹ ਪਾਉਂਦੇ ਸਨ ,ਤਦੇ ਤਾਂ ਪਿਆਰ ਦਾ ਇਜ਼ਹਾਰ ਵੀ ਪੱਗ ਦੇ ਰੰਗ ਨਾਲ ਦੀ ਚੁੰਨੀ ਲੇ ਕੇ ਕੀਤਾ ਜਾਦਾ ਸੀ ।

"ਅੱਗ ਵਰਗੀ,
ਮੇਰੀ ਰੰਗ ਦੇ ਲਲਾਰੀਆ ਚੁੰਨੀ
ਵੇ ਮਿੱਤਰਾਂ ਦੀ ਪੱਗ ਵਰਗੀ ।"

ਸਾਡੇ ਲੋਕ–ਗੀਤ ਇਨ੍ਹਾਂ ਚੀਰੇ ਵਾਲੇ ,ਪੱਗਾਂ ਵਾਲੇ ਅਤੇ ਸਾਫ਼ੇ ਵਾਲਿਆਂ ਨੂੰ ਪੂਰੇ ਮਾਣ ਨਾਲ ਬਿਆਨ ਕਰ ਰਹੇ ਹਨ :–

"ਸੂਹੇ ਵੇ ਚੀਰੇ ਵਾਲਿਆ,ਮੈਂ ਕਹਿੰਨੀ ਆਂ ।
ਕਰ ਛਤਰੀ ਦੀ ਛਾਂ ਮੈਂ ਛਾਵੇਂ ਬਹਿੰਨੀ ਆਂ ।
ਸੂਹੇ ਵੇ ਚੀਰੇ ਵਾਲਿਆ ਫੁੱਲ ਕਿੱਕਰਾਂ ਦੇ ।
ਕਿੱਕਰਾਂ ਲਾਈ ਬਹਾਰ ਮੇਲੇ ਮਿੱਤਰਾਂ ਦੇ ।
ਸੂਹੇ ਵੇ ਚੀਰੇ ਵਾਲਿਆ ਫੁੱਲ ਤੋਰੀ ਦਾ ।
ਬਾਝ ਤੇਰੇ ਮਾਹੀ ਵੇ ਨਹੀਂ ਕੁਝ ਲੋੜੀਦਾ ।
"ਚੀਰੇ ਵਾਲਿਆ ਦੇਖਦਾ ਆਈਂ ਵੇ,
ਮੇਰਾ ਲੌਂਗ ਗਵਾਚਾ ।"

ਵਿਆਹ ਵਾਲੇ ਗੀਤਾਂ ਵਿੱਚ ਵੀ ਬੋਲ ਕੁਝ ਇਸ ਤਰਾਂ ਦੇ ਹਨ :–

"ਚਿਰਿਆਂ ਵਾਲੇ ਮੇਰੇ ਵੀਰਨ ਆਏ, ਕਲਗੀਆਂ ਆਏ ਸਜਾਏ ।"
"ਸੋਹਣਾ ਜਿਹਾ ਚੀਰਾ ਪਹਿਨ ਕੇ ਸਾਡੀ ਗਲੀਓ ਨਾ ਆਈਂ,

ਵੇ ਬੀਬਾ ਵਿਹੜੇ ਪੈਰ ਨਾ ਪਾਈਂ ।"

ਇਸੇ ਤਰਾਂ ਛਟੀਆਂ ਖੇਡਣ ਸਮੇਂ ਦਾ ਗੀਤ –

"ਛਟੀਆਂ ਨੀ ਤੁਸੀਂ ਨਾ ਮਾਰੋ ਸਾਲੀਓ ।
ਜੋੜੇ ਤੇ ਪਈਆਂ ਘੋੜੇ ਝੱਲ ਲਈਆਂ ਨੀ,
ਤੁਸੀ ਨਾ ਮਾਰੋ ਸਾਲੀਓ ।
ਚੀਰੇ ਤੇ ਪਈਆਂ ਵੀਰੇ ਨੇ ਝੱਲ ਲਈਆਂ ਨੀ,
ਤੁਸੀ ਨਾ ਮਾਰੋ ਸਾਲੀਓ ।
ਜਾਮੇ ਤੇ ਪਈਆਂ ਮਾਮੇ ਨੇ ਝੱਲ ਲਈਆਂ ਨੀ,
ਤੁਸੀ ਨਾ ਮਾਰੋ ਸਾਲੀਓ ।
ਲਾਚੇ ਤੇ ਪਈਆਂ ਚਾਚੇ ਨੇ ਝੱਲ ਲਈਆਂ ਨੀ,
ਤੁਸੀ ਨਾ ਮਾਰੋ ਸਾਲੀਓ,
ਛਟੀਆਂ ਨੀ ਮੇਰੇ ਨਿੱਕੇ ਮਾਹਾਰਾਜ ਨੂੰ ।"

ਪੱਗ ਨੂੰ ਬੰਨ੍ਹਣ ਦਾ ਅੰਦਾਜ ਕਿਸੇ ਬੰਦੇ ਦੀ ਸ਼ਖਸ਼ੀਅਤ ਦਾ ਮਾਪ ਦੰਡ ਹੁੰਦਾ ਸੀ। ਸ਼ਾਇਦ ਟੇਢੀ ਬੱਧੀ ਪੱਗ ਸ਼ਰਾਫ਼ਤ ਦਾ ਚਿੰਨ੍ਹ ਨਹੀਂ ਸੀ ਸਮਝੀ ਜਾਂਦੀ। ਆਹ ਦੇਖੋ ਜ਼ਰਾ–

"ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਖਿਆਲਾ ।
ਉਥੇ ਦਾ ਇੱਕ ਗੱਭਰੂ ਸੁਣੀਂਦਾ,ਟੇਢੀ ਪਗੜੀ ਵਾਲਾ।
ਮਾਂ ਨੂੰ ਕਹਿੰਦਾ ਗਧਿਆਂ ਮੰਗਾਉਣੀ,ਪਿਓ ਨੂੰ ਕਹਿੰਦਾ ਸਾਲਾ ।
ਨਾਰ ਨੂੰ ਕਹਿੰਦਾ ਲਾਹ ਦੇ ਰੋਟੀਆਂ,ਮੈਂ ਤੇਰੇ ਘਰ ਵਾਲਾ ।
ਸੁੱਥਣਾ ਟੂਲ ਦੀਆਂ,ਵਿੱਚ ਰੇਸ਼ਮੀ ਨਾਲਾ ।"

ਜਦੋਂ ਬਾਰਾਤ ਘਰ ਆਉਂਦੀ ਤਾਂ ਉਸ ਨੂੰ ਭਾਂਤ ਭਾਂਤ ਦੀਆਂ ਸਿੱਠਣੀਆਂ ਦੇਣ ਦਾ ਰਿਵਾਜ ਸੀ। ਇਨ੍ਹਾਂ ਸਿੱਠਣੀਆਂ ਵਿੱਚ ਵੀ ਪੱਗ ਨੂੰ ਜਾਂ ਪੱਗ ਵਾਲੇ ਨੂੰ ਖਾਸ ਨਿਸ਼ਾਨਾ ਬਣਾਇਆ ਜਾਂਦਾ। ਸਿੱਠਣੀਆਂ ਦਾ ਵੀ ਇੱਕ ਅਲੱਗ ਹੀ ਅੰਦਾਜ ਹੁੰਦਾ ਹੈ–

"ਲਾੜਿਆ ਵੇ ਤੇਰੀ ਢਿੱਲੀ ਜਿਹੀ ਪਗੜੀ,
ਡਿਗੂੰ ਡਿਗੂੰ ਕਰਦੀ ਵੇ ।
ਲਾੜਿਆ ਵੇ ਤੇਰੀ ਢਿਲੀ ਜਿਹੀ ਤੰਬੀ,
ਖੁਲਜੂੰ ਖੁਲਜੂੰ ਕਰਦੀ ਵੇ ।"

"ਲਾੜਿਆ ਪੱਗ ਬੰਨ੍ਹੀ ਮਾਵੇਦਾਰ,
ਵੇ ਵਲ਼ ਦਿੱਤੇ ਨੇ ਸਮ੍ਹਾਰ ਕੇ,
ਝੱਗਾ ਪੈਂਟ ਬੇ–ਮੇਚੇ ਵੇ,
ਕੀਹਦੇ ਲਿਆਇਆ ਏਂ ਉਤਾਰ ਕੇ ।
"ਪੱਗ ਤਾਂ ਲਿਆਇਆ ਜੀਜਾ ਮਾਂਗਵੀਂ ,
ਵੇ ਤੂੰ ਝਾਲ ਫਿਰਾ ਕੇ ਪਾਏ ਗਹਿਣੇ ।
ਮਾਂ ਦਾ ਪਿਛੋਕਾ ਗਡਰੀਆਂ ਦਾ ,
ਤੇਰੇ ਨਾਨਕਿਆਂ ਦੇ ਕਿਆ ਕਹਿਣੇ ।"
"ਪੱਗ ਤਾਂ ਲਿਆਇਆ ਜੀਜਾ ਮਾਂਗਵੀਂ ,
ਕੁੜਤਾ ਲਿਆ ਵੇ ਚੁਰਾ ।
ਚਾਦਰਾ ਮੇਰੇ ਵੀਰ ਦਾ –
ਮੈਂ ਤਾਂ ਐਥੇ ਈ ਲਊਂ–
ਵੇ–ਨੰਗ ਜਾਤ ਬੁਦਰਿਆ ਵੇ–ਲੁਹਾ ।"
"ਕੁੜਮ ਦੀ ਸੰਧੂਰੀ ਪੱਗ ਤੇ,
ਢੋਰਾ ਤੁਰਿਆ ਜਾਵੇ ।
ਸਿਰ ਤਾਂ ਇਹਦਾ ਜੂੰਆਂ ਭਰਿਆ ,
ਦੋਹੀਂ ਹੱਥੀਂ ਖਜਾਵੇ ।"
"ਪੱਗ ਤਾਂ ਬੰਨ੍ਹੀ ਪਦੀਨੀਆ ਜੀਜਾ ,
ਕਾਲੇ ਰੰਗ ਤੇ ਸਜਦੀ ਓ ਨਾ ।
ਬੇਬੇ ਤਾਂ ਤੇਰੀ ਖੁਸਰਿਆਂ ਵਰਗੀ,
ਤੀਮੀਂ ਲੱਗਦੀ ਓ ਨਾ ।"
"ਜੀਜਿਆ ਪੱਗ ਨਾ ਬੰਨ੍ਹੀ ਵੇ ਤੂੰ ਲਾਲ ਰੰਗ ਦੀ ,
ਤੇਰੀ ਮਾਂ ਲਾੜਿਆ ਵੇ ਸਾਡੇ ਨਾਈ ਜਿਹਾ ਯਾਰ ਮੰਗਦੀ ।
ਨਾਈ ਦੇ ਗਿਆ ਜਵਾਬ ਕਹਿੰਦਾ ਮਾਈ ਮੇਰੇ ਨਾ ਪਸੰਦ ਦੀ,
ਉਹਨੂੰ ਕਹੀਂ ਲਾੜਿਆ ਵੇ ਘੱਗਰੀ ਪਾ ਰੱਖੇ ਢੰਗ ਦੀ ।"

ਪੱਗ ਇੱਜਤ ਦੀ ਪ੍ਰਤੀਕ ਵੀ ਮੰਨੀ ਜਾਂਦੀ ਹੈ । ਪੱਗ ਦੀ ਲਾਜ ਰੱਖਣੀ ,ਪੱਗ ਨੂੰ ਦਾਗ ਨਾ ਲੱਗਣ ਦੇਣਾ ਸਾਡੇ ਅਖਾਣ ਬਣ ਚੁੱਕੇ ਹਨ–

"ਸੁਣ ਨੀ ਕੁੜੀਏ ਮਛਲੀ ਵਾਲੀਏ ,
ਮਛਲੀ ਨਾ ਚਮਕਾਈਏ ।
ਨੀ ਖੂਹ ਟੋਭੇ ਤੇਰੀ ਹੁੰਦੀ ਚਰਚਾ,
ਚਰਚਾ ਨਾ ਕਰਵਾਈਏ ।
ਆਪਣੇ ਭਾਈਆਂ ਦੀ
ਪੱਗ ਨੂ ਦਾਗ਼ ਨਾ ਲਾਈਏ ।
ਜੇ ਡਰ ਮਾਪਿਆਂ ਦਾ ,
ਨੀਵੀਂ ਪਾ ਲੰਘ ਜਾਈਏ ।"
"ਟਾਂਡਾ ,ਟਾਂਡਾ, ਟਾਂਡਾ ।
ਬੰਤੋ ਦੇ ਮਿੱਤਰਾਂ ਨੇ ,
ਬੋਤਾ ਬੀਕਾਨੇਰ ਤੋਂ ਲਿਆਂਦਾ ।
ਬੰਤੋ ਉਤੇ ਚੜ੍ਹ ਗਈ,
ਬੋਤਾ ਰੇਲ ਦੇ ਬਰੋਬਰ ਜਾਂਦਾ ।
ਬੰਤੋ ਦੇ ਬਾਪੂ ਨੇ,
ਬੰਤੋ ਦੀ ਚਾਲ ਪਛਾਣੀ ।
ਸਿਰ ਉਤੋਂ ਪੱਗ ਲਾਹ ਕੇ,
ਚੁੱਕ ਕੇ ਪਰ੍ਹੇ ਦੇ ਵਿੱਚ ਮਾਰੀ ।
ਘੜਾ ਨਾ ਚੁਕਾਇਓ ਕੁੜੀਓ ,
ਇਹਦੀ ਪਿੰਡ ਦੇ ਮੁੰਡੇ ਦੇ ਨਾਲ ਯਾਰੀ ।"

ਜੇ ਬੰਨ੍ਹੀ ਹੋਈ ਪੱਗ ਸਰਦਾਰੀ, ਰੋਹਬ ਦਾਅਬ ਅਤੇ ਇੱਜਤ ਨੂੰ ਪ੍ਰਗਟਾਉਂਦੀ ਹੈ, ਉਥੇ ਨਿਮਰਤਾ ਸਮੇਂ ਪੱਗ ਵਿੱਚ ਵੀ ਸਾਦਗੀ ਚਾਹੀਦੀ ਹੈ। ਧੀਆਂ ਵਾਲੇ ਸਦਾ ਝੁਕਦੇ ਆਏ ,ਫਿਰ ਲੜਕੀ ਦਾ ਪਿਓ ਵਧੀਆ ਕੱਪੜੇ ਦੀ ਜਾਂ ਵਧੀਆ ਰੰਗ ਦੀ ਪੱਗ ਬੰਨ੍ਹਦਾ ਚੰਗਾ ਨਹੀਂ ਲੱਗਦਾ ।

"ਧੀ ਜੰਮ ਪਈ ਜੁਆਈ ਵਾਲਾ ਹੋ ਗਿਆ,

ਟਸਰੀ ਨਾ ਬੰਨ੍ਹ ਸਾਫ਼ਾ ।"

ਅੱਜ ਪੱਗ ਤਾਂ ਅਲੋਪ ਹੋ ਹੀ ਰਹੀ ਹੈ ,ਉਸ ਦੇ ਨਾਲ ਸਿਰ ਤੋਂ ਕੇਸ ਵੀ ਅਲੋਪ ਹੋ ਰਹੇ ਹਨ । ਫੈਸ਼ਨਪ੍ਰਸਤੀ ਅਤੇ ਫਿਲਮੀ ਹੀਰੋਆਂ ਦੀ ਰੀਸ ਸਾਡੇ ਸਭਿਆਚਾਰ ਨੂੰ ਵਿਗਾੜ ਰਹੀ ਹੈ ।ਕਈ ਮਾਵਾਂ ਛੋਟੇ ਬੱਚਿਆਂ ਦੇ ਆਪ ਹੀ ਕੇਸ ਕਟਾ ਦਿੰਦਿਆਂ ਹਨ ,ਕਿਉਂਕਿ ਅੁਨ੍ਹਾਂ ਨੂੰ ਜੂੜਾਂ ਕਰਨਾ, ਰੁਮਾਲ ਜਾਂ ਪਟਕਾ ਬੰਨ੍ਹਣਾ ਤੇ ਫਿਰ ਸਕੂਲ ਭੇਜਣ ਸਮੇਂ ਪੱਗ ਬੰਨ੍ਹਣੀ ਔਖੀ ਲੱਗਦੀ ਹੈ। ਨੌਜਵਾਨ ਤਬਕੇ ਤੋਂ ਜਦੋਂ ਅੱਧਾ ਅੱਧਾ ਘੰਟਾ ਲਗਾ ਕੇ ਵੀ ਪੱਗ ਠੀਕ ਨਾ ਬੰਨ੍ਹੀ ਜਾਵੇ ਤਾਂ ਉਹ ਕੇਸ ਕਟਾ ਕੇ ਸੌਖਾ ਰਾਹ ਲੱਭਦੇ ਹਨ । ਪਰ ਕੇਸ ਕਤਲ ਕਰਵਾਉਣ ਦੀ ਇੱਕ ਵਾਰਤਾ ਸਾਡੇ ਲੋਕ ਸਾਹਿਤ ਨੇ ਸੰਭਾਲੀ ਹੋਈ ਹੈ । ਆਹ ਦੇਖੋ ਜ਼ਰਾ–

"ਲਾਹ ਦੇ ਲਾਹ ਦੇ ਨੀ ਕੰਜਰ ਦੀਏ ਵਾਲੇ, ਰਾਤੀਂ ਸਾਡੇ ਕੇਸ ਫਸਦੇ ।"
"ਅਸੀਂ ਕੰਨਾਂ ਦਾ ਸ਼ੌਕ ਨਹੀਂ ਲਾਹੁਣਾ, ਕੇਸ ਕਟਾ ਮੁੰਡਿਆ ।"

ਤੇ ਜਦੋਂ ਮੁੰਡਾ ਉਹਦੇ ਆਖੇ ਲੱਗ ਕੇ ਸੱਚਮੁੱਚ ਕੇਸ ਕਟਾ ਦਿੰਦਾ ਹੈ ਤਾਂ–

"ਸਿਰ ਕੱਢ ਲਿਆ ਢੱਠੇ ਦੀ ਬੰਨ ਵਰਗਾ , ਰਾਤੀਂ ਸਾਨੂੰ ਡਰ ਲੱਗਦਾ ।"
"ਨਾਲੇ ਧਗੜੇ ਦੇ ਕੇਸ ਮੁਨਾ ਤੇ, ਹੁਣ ਕਹਿੰਦੀ ਡਰ ਲੱਗਦਾ ।"

ਕਾਰਨ ਕੋਈ ਵੀ ਆ ਬਣੇ, ਅੱਜ ਦੇ ਨੌਜਵਾਨਾਂ ਨੂੰ ਪੱਗ ਹੀ ਨਹੀਂ ,ਸਗੋਂ ਕੇਸ ਵੀ ਭਾਰ ਜਾਪਣ ਲੱਗ ਪਏ ਹਨ। ਇਸ ਹਾਲਤ ਵਿੱਚ 'ਚੀਰੇ ਵਾਲਾ' ਕਿਥੋਂ ਲੱਭੇਗਾ ? ਤਦੇ ਤਾਂ ਸਤਿੰਦਰ ਸਰਤਾਜ ਦੇ ਬੋਲ ਯਾਦ ਆਉਂਦੇ ਨੇ:–

"ਚੀਰੇ ਵਾਲਿਆ ਕਿੱਥੇ ਨੀ ਤੈਨੂੰ ਭਾਲਿਆ ,
ਮਿੱਟੀ ਚ' ਰੂਹ ਨਾ ਰੋਲ ਵੇ ਚੰਨਾ ।"



# ਪੰਜਾਬੀ ਕਿੱਸਾ–ਕਾਵਿ



ਪੰਜਾਬੀ ਦੇ ਪਰੰਪਰਿਕ ਸ਼ਬਦਾਂ ਦਾ ਖਜ਼ਾਨਾ ਐ, ਇਹਨਾਂ ਵਿਚੋਂ ਬਹੁਤੇ ਸ਼ਬਦ ਸਾਡੀ ਜ਼ੁਬਾਨ ਵਿੱਚੋਂ ਮਨਫੀ ਹੁੰਦੇ ਜਾਂਦੇ ਹਨ।

ਇਸੇ ਕਰਕੇ ਅੱਜ ਉਹ ਸੁਆਲ ਬਣਕੇ ਉਭਰਦੇ ਨੇ...। ਕਿੱਸਾ–ਕਾਵਿ ਇਹਨਾਂ ਸ਼ਬਦਾਂ ਦਾ ਬੈਂਕ ਹੈ... ਜੋ ਸੁਹਿਰਦ ਪੰਜਾਬੀ ਆਪਣੀ ਬੋਲੀ ਨੂੰ ਸੰਭਾਲਣ ਦੇ ਯਤਨਾਂ ਵਿੱਚ ਹਨ ਉਹਨਾਂ ਲਈ ਇਹ ਬੈਂਕ ਰੂਪੀ ਕਿੱਸਾ–ਕਾਵਿ ਹਮੇਸ਼ਾ ਸਹਾਈ ਹੋਵੇਗਾ।

ਕੱਲ੍ਹ ਪਰਸੋਂ ਮੈਂ ਸਵਰਗਵਾਸੀ ਜਸਵਿੰਦਰ ਭੱਲਾ ਸਾਹਿਬ ਦਾ ਇਕ ਪੁਰਾਣਾ ਛਣਕਾਟਾ ਸੁਣ ਰਿਹਾ ਸੀ ਉਸ ਵਿੱਚ ਬਾਲ ਮੁਕੰਦ ਦਾ ਸੁਆਲ ਸੀ ਕਿ ਚਾਚਾ, ਇਹ ਹੀਰ ਨੂੰ ਸਲੇਟੀ ਤੇ ਰਾਂਝੇ ਨੂੰ #ਚਾਕ ਕਿਉਂ ਆਖਦੇ ਨੇ ?

ਭੱਲਾ ਸਾਹਿਬ ਨੇ ਆਪਣੇ ਕਾਮੇਡੀ ਲਹਿਜੇ ਵਿੱਚ ਜੋ ਜੁਆਬ ਦਿੱਤਾ ਉਹ ਮਹਿਜ ਹਸਾਉਣ ਲਈ ਸੀ ਪਰ ਇਹ ਸੁਆਲ ਵਾਕਾ ਈ ਬਹੁਤ ਵੱਡਾ ਐ। ਆਓ ਇਸਦਾ ਜੁਆਬ ਲੱਭਣ ਦੀ ਕੋਸ਼ਿਸ਼ ਕਰੀਏ

ਮਨਵਾਰ ਰਾਜਪੂਤਾਂ ਵਿਚੋਂ ਮੁਸਲਮਾਨਾਂ ਦੀ ਇਕ ਜਾਤ ਨਿਕਲਦੀ ਐ ਜਿਸਦਾ ਗੋਤ ਐ #ਸਿਆਲ ਲਹਿੰਦੇ ਪੰਜਾਬ ਦੇ ਝੰਗ ਜਿਲ੍ਹੇ ਵਿੱਚ ਸਿਆਲ ਗੋਤ ਅੱਜ ਵੀ ਐ। ਕਿਸੇ ਵੇਲੇ ਇਹ ਸਿਆਲਾਂ ਦਾ ਗੜ੍ਹ ਹੁੰਦਾ ਸੀ। ਸਿਆਲ ਗੋਤ ਦੇ ਗੱਭਰੂਆਂ ਨੂੰ ਤਾਂ #ਸਿਆਲ ਆਖਦੇ ਹਨ ਤੇ ਮੁਟਿਆਰਾਂ ਨੂੰ #ਸਿਆਲੇਟੀ (ਸਲੇਟੀ)...।

ਸਿਆਲੇਟੀ (ਸਲੇਟੀ)...ਸਿਆਲ ਦਾ ਇਸਤਰੀ ਲਿੰਗ ਹੈ। ਸਿਆਲਾਂ ਦੇ ਚੌਧਰੀ ਚੂਚਕ ਦੀ ਧੀ ਜਿਸ ਦਾ ਨਾਮ ਹੀਰ ਸੀ ਉਸਨੂੰ ਹੀਰ ਸਲੇਟੀ ਕਿਹਾ ਜਾਂਦਾ ਹੈ। ਰਾਂਝਾ ਵੀ ਰਾਜਪੂਤ ਮੁਸਲਮਾਨਾਂ ਦਾ ਗੋਤ ਐ,,, ਝਨਾਂ ਦੇ ਕਿਨਾਰੇ ਪਿੰਡ ਹਜਾਰੇ ਦੇ ਚੋਧਰੀ ਮੌਜੂ ਦੇ ਅੱਠ ਪੁੱਤਰਾਂ ਚੋਂ ਸਭ ਤੋਂ ਛੋਟਾ ਜਿਸਦਾ ਨਾਮ #ਧੀਦੋ ਸੀ,,,,ਧੀਦੋ ਰਾਂਝਾ ਵੱਜੋਂ ਜਾਣਿਆ ਜਾਂਦਾ ਹੈ।

#ਹੀਰ ਸਲੇਟੀ ਤੇ #ਧੀਦੋ ਰਾਂਝੇ ਦੀ ਪ੍ਰੇਮ ਕਹਾਣੀ ਵਿੱਚ ਹੀਰ ਦੇ ਨਿੱਤ ਦੀਦਾਰ ਖਾਤਰ ਚੋਧਰੀ ਚੂਚਕ ਦੇ ਘਰ ਧੀਦੋ ਰਾਂਝੇ ਨੂੰ ਨੌਕਰ (ਚਾਕਰ) ਵੱਜੋਂ ਮੱਝੀਆਂ ਦਾ ਪਾਲੀ ਰਹਿਣਾ ਪਿਆ,,, ਮੱਝੀਆਂ ਦੇ ਪਾਲੀ ਨੂੰ ਚਾਕਰ (ਚਾਕ) ਕਹਿੰਦੇ ਨੇ,,,ਜਿਸ ਕਾਰਨ ਧੀਦੋ ਰਾਂਝਾ,,ਧੀਦੋ ਰਾਂਝਾ ਤੋਂ,, ਰਾਂਝਾਂ ਚਾਕ ਬਣ ਗਿਆ।

ਦੋਸਤੋ ਮੈਂ ਇਸ ਸੁਆਲ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕੀਤੀ ਐ,,, ਤੁਸੀਂ ਕਿੱਥੋਂ ਤੀਕ ਸਹਿਮਤ ਹੋ? ਤੁਹਾਨੂੰ ਤਰਕ ਦੇ ਆਧਾਰ ਤੇ ਸਹਿਮਤੀ ਅਸਹਿਮਤੀ ਪ੍ਰਗਟਾਉਣ ਪੂਰਾ ਹੱਕ ਹੈ। ਇਕ ਗੱਲ ਹੋਰ ਵੀ ਸਪੱਸ਼ਟ ਕਰ ਦੇਵਾਂ, ਕਿ ਮੂਲ ਲਫ਼ਜ਼ ਸਿਆਲ (Sial) ਨਹੀਂ ਬਲਕਿ ਸਯਾਲ (Sayal) ਐ , ਸਯਾਲੇਟੀ ਥੋੜ੍ਹਾ ਅੱਖੜਦਾ ਸੀ। ਅਸੀਂ ਰੰਦਾ ਲਾ ਲਾਕੇ ਸਯਾਲੇਟੀ ਤੋਂ ਸਲੇਟੀ ਕਰ ਲਿਆ।

ਅਸ਼ੋਕ ਬਾਂਸਲ ਮਾਨਸਾ

# ਕੌਣ ਬੁਰਾ ਮਨੁੱਖ ਹੈ ਅਤੇ ਕੌਣ ਚੰਗਾ ਮਨੁੱਖ ਹੈ? ਪਰਿਭਾਸ਼ਾ ਕੀ ਹੈ?

ਬੁਰਾ ਮਨੁੱਖ ਉਹ ਹੈ ਜੋ ਦੂਜਿਆਂ ਦੇ ਪ੍ਰਤੀ ਅਸੰਵੇਦਨਸ਼ੀਲ ਹੁੰਦਾ ਹੈ। ਬੁਰਾ ਮਨੁੱਖ ਉਹ ਹੈ ਜੋ ਦੂਜਿਆਂ ਦੀ ਵਰਤੋਂ ਕਰਦਾ ਹੈ ਅਤੇ ਦੂਜਿਆਂ ਦੇ ਪ੍ਰਤੀ ਆਦਰ ਨਹੀਂ ਰੱਖਦਾ।

ਬੁਰਾ ਮਨੁੱਖ ਉਹ ਹੈ ਜੋ ਸੋਚਦਾ ਹੈ ਕਿ ਉਹੀ ਇਸ ਸੰਸਾਰ ਦਾ ਕੇਂਦਰ ਹੈ ਅਤੇ ਬਾਕੀ ਸਾਰੇ ਸਿਰਫ਼ ਉਸਦੀ ਵਰਤੋਂ ਲਈ ਬਣੇ ਹਨ — ਸਭ ਕੁਝ ਸਿਰਫ਼ ਉਸਦੇ ਲਈ ਹੀ ਬਣਿਆ ਹੈ।

ਬੁਰਾ ਮਨੁੱਖ ਉਹ ਹੈ ਜੋ ਮੰਨਦਾ ਹੈ ਕਿ ਦੂਜੇ ਲੋਕ ਸਿਰਫ਼ ਉਸਦੀ ਸੰਤੁਸ਼ਟੀ ਦੇ ਸਾਧਨ ਹਨ।

ਇਸ ਪਰਿਭਾਸ਼ਾ ਨੂੰ ਧਿਆਨ ਵਿੱਚ ਰੱਖੋ, ਕਿਉਂਕਿ ਆਮ ਤੌਰ 'ਤੇ ਤੁਸੀਂ ਸੋਚਦੇ ਹੋ ਕਿ ਬੁਰਾ ਮਨੁੱਖ ਅਪਰਾਧੀ ਹੁੰਦਾ ਹੈ ਪਰ ਬੁਰਾ ਮਨੁੱਖ ਅਪਰਾਧੀ ਹੀ ਹੋਵੇ ਅਜਿਹਾ ਜ਼ਰੂਰੀ ਨਹੀਂ।

ਸਾਰੇ ਅਪਰਾਧੀ ਬੁਰੇ ਹੁੰਦੇ ਹਨ ਪਰ ਸਾਰੇ ਬੁਰੇ ਲੋਕ ਅਪਰਾਧੀ ਨਹੀਂ ਹੁੰਦੇ।

ਕੁਝ ਜੱਜ ਹੁੰਦੇ ਹਨ, ਕੁਝ ਬਹੁਤ ਸਤਿਕਾਰਤ ਲੋਕ ਹੁੰਦੇ ਹਨ, ਕੁਝ ਰਾਜਨੇਤਾ, ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਹੁੰਦੇ ਹਨ, ਕੁਝ ਤਾਂ ਸਾਧੂ–ਸੰਤ ਬਣ ਕੇ ਘੁੰਮਦੇ ਹਨ।

ਤਾਂ ਜਦੋਂ ਅਸੀਂ ਇਸ ਸੂਤਰ 'ਤੇ ਚਰਚਾ ਕਰ ਰਹੇ ਹਾਂ, ਤਾਂ ਯਾਦ ਰੱਖੋ ਕਿ ਬੁੱਧ ਕਹਿੰਦੇ ਹਨ —

ਬੁਰਾ ਮਨੁੱਖ ਉਹ ਹੈ ਜਿਸਦੇ ਅੰਦਰ ਦੂਜਿਆਂ ਲਈ ਕੋਈ ਹਮਦਰਦੀ, ਕੋਈ ਸੰਵੇਦਨਾ ਨਹੀਂ ਹੈ। ਉਹ ਸਿਰਫ ਆਪਣੇ ਬਾਰੇ ਸੋਚਦਾ ਹੈ।

ਉਹ ਸੋਚਦਾ ਹੈ ਕਿ ਉਹੀ ਹੋਂਦ ਦਾ ਕੇਂਦਰ ਹੈ ਅਤੇ ਸਾਰੀ ਹੋਂਦ ਉਸ ਲਈ ਹੀ ਬਣੀ ਹੈ।

ਉਹ ਆਪਣੇ ਆਪ ਨੂੰ ਅਧਿਕਾਰ ਦਿੰਦਾ ਹੈ ਕਿ ਦੂਜਿਆਂ ਨੂੰ ਆਪਣੇ ਲਈ ਕੁਰਬਾਨ ਕਰ ਦੇਵੇ।

ਉਹ ਬਾਹਰੋਂ ਬੁਰਾ ਦਿਖਾਈ ਨਾ ਵੀ ਦੇਵੇ ਪਰ ਜੇਕਰ ਇਹ ਰਵੱਈਆ, ਇਹ ਦ੍ਰਿਸ਼ਟੀਕੋਣ, ਇਹ ਭਾਵ ਉਸਦੇ ਅੰਦਰ ਹੈ ਤਾਂ ਉਹ ਬੁਰਾ ਮਨੁੱਖ ਹੈ।

ਕੌਣ ਹੈ ਚੰਗਾ ਮਨੁੱਖ?

ਠੀਕ ਬੁਰੇ ਮਨੁੱਖ ਦਾ ਉਲਟਾ।

ਚੰਗਾ ਮਨੁੱਖ ਉਹ ਹੈ ਜੋ ਦੂਜਿਆਂ ਦੇ ਪ੍ਰਤੀ ਸੰਵੇਦਨਸ਼ੀਲ ਹੈ, ਜੋ ਦੂਜਿਆਂ ਨੂੰ ਓਨਾ ਹੀ ਆਦਰ ਦਿੰਦਾ ਹੈ ਜਿੰਨਾ ਆਪਣੇ ਆਪ ਨੂੰ ਦਿੰਦਾ ਹੈ।

ਜੋ ਕਿਸੇ ਵੀ ਤਰ੍ਹਾਂ ਇਹ ਦਿਖਾਵਾ ਨਹੀਂ ਕਰਦਾ ਕਿ ਉਹੀ ਸੰਸਾਰ ਦਾ ਕੇਂਦਰ ਹੈ।

ਜਿਸਨੂੰ ਇਹ ਅਨੁਭਵ ਹੋ ਗਿਆ ਹੈ ਕਿ ਹਰ ਮਨੁੱਖ ਆਪਣੀ–ਆਪਣੀ ਜਗ੍ਹਾ 'ਤੇ ਕੇਂਦਰ ਹੈ।

ਸੰਸਾਰ ਇੱਕ ਹੈ, ਪਰ ਅਣਗਿਣਤ ਕੇਂਦਰ ਹਨ।

ਚੰਗਾ ਮਨੁੱਖ ਬਹੁਤ ਆਦਰਪੂਰਨ ਹੁੰਦਾ ਹੈ।

ਉਹ ਕਦੇ ਵੀ ਦੂਜਿਆਂ ਦੀ ਵਰਤੋਂ ਸਾਧਨ ਦੇ ਰੂਪ ਵਿੱਚ ਨਹੀਂ ਕਰਦਾ, ਕਿਉਂਕਿ ਦੂਜਾ ਆਪਣੇ ਆਪ ਵਿੱਚ ਮੁਕੱਮਲ ਹੈ, ਪੂਰਨ ਹੈ।

ਉਸਦੀ ਸ਼ਰਧਾ ਅਪਾਰ ਹੁੰਦੀ ਹੈ।

– ਓਸ਼ੋ

# ਰੂਹਾਂ ਦੇ ਹਾਣੀ

ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ
ਰੱਬ ਨੇ ਬਣਾਈਆਂ ਜੋੜੀਆਂ

ਚੰਗਾ ਹਮਸਫ਼ਰ ਪ੍ਰਮਾਤਮਾ ਵਲੋਂ ਬਖਸ਼ਿਆ ਸਭ ਤੋਂ ਖ਼ੂਬਸੂਰਤ ਤੋਹਫਾ ਹੁੰਦਾ ਹੈ। ਦੋ ਅਨਜਾਣ ਰੂਹਾਂ, ਜਦੋਂ ਇੱਕ ਬੰਧਨ ਵਿੱਚ ਬੱਝ ਇੱਕ ਦੂਸਰੇ ਦਾ ਹੱਥ ਫੜ ਜ਼ਿੰਦਗੀ ਦੇ ਅਨਜਾਣ ਰਾਹਾਂ 'ਤੇ ਚੱਲਦੀਆਂ ਹਨ ਤਾਂ ਜ਼ਿੰਦਗੀ ਖ਼ੂਬਸੂਰਤ ਹੋ ਜਾਂਦੀ ਹੈ। ਜ਼ਿੰਦਗੀ ਦਾ ਪੰਧ ਭਾਵੇਂ ਲੰਮੇਰਾ ਹੁੰਦਾ ਹੈ ਪਰ ਜਦੋਂ ਰਾਹਾਂ ਦੇ ਹਾਣੀ ਰੂਹਾਂ ਦੇ ਹਾਣੀ ਬਣ ਜਾਣ ਤਾਂ ਇਹ ਔਖਾ ਪੈਂਡਾ ਵੀ ਆਸਾਨ ਹੋ ਜਾਂਦਾ ਹੈ। ਜ਼ਿੰਦਗੀ ਵਿੱਚ ਅਨੇਕਾਂ ਉਤਰਾਅ ਝੜਾਅ ਆਉਂਦੇ ਹਨ, ਜ਼ਿੰਦਗੀ ਕਦੇ ਵੀ ਇੱਕੋ ਜਿਹੀ ਨਹੀਂ ਰਹਿੰਦੀ। ਖ਼ੁਸ਼ੀਆਂ–ਗ਼ਮੀਆਂ ਇਹ ਦੋਵੇਂ ਹੀ ਨਾਲ–ਨਾਲ ਚੱਲਦੀਆਂ ਹਨ। ਕਈ ਵਾਰ ਜ਼ਿੰਦਗੀ ਬਹੁਤ ਔਖੇ ਇਮਤਿਹਾਨ ਵੀ ਲੈਂਦੀ ਹੈ ਪਰ ਜੇਕਰ ਉਸ ਇਮਤਿਹਾਨ ਵਿੱਚ ਤੁਹਾਡਾ ਹਮਸਫ਼ਰ ਤੁਹਾਡੀ ਢਾਲ ਬਣ ਖੜ ਜਾਵੇ ਤਾਂ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਜਾਪਣ ਲੱਗ ਜਾਂਦੀ ਹੈ। ਜ਼ਿੰਦਗੀ ਵਿੱਚ ਜੇਕਰ ਹਮਸਫ਼ਰ ਸੱਚਾ, ਸਮਝਦਾਰ ਅਤੇ ਵਫਾਦਾਰ ਮਿਲ ਜਾਵੇ ਤਾਂ ਜ਼ਿੰਦਗੀ ਜਿਉਣੀ ਆਸਾਨ ਹੋ ਜਾਂਦੀ ਹੈ। ਸਿਆਣੇ ਆਖਦੇ ਹਨ ਕਿ ਅੰਮ੍ਰਿਤ ਵੇਲੇ ਦੀ ਬਾਣੀ ਤੇ ਰੂਹਾਂ ਦੇ ਹਾਣੀ ਬੜੇ ਭਾਗਾਂ ਨਾਲ ਮਿਲਦੇ ਹਨ ਤੇ ਇਹ ਗੱਲ ਸੋਲਾਂ ਆਨੇ ਸੱਚ ਵੀ ਹੈ ।

ਪਤੀ ਪਤਨੀ ਦੇ ਰਿਸ਼ਤੇ ਦਾ ਆਧਾਰ ਪਿਆਰ ਤੇ ਵਿਸ਼ਵਾਸ ਹੁੰਦਾ ਹੈ। ਪਤੀ ਪਤਨੀ ਦੇ ਰਿਸ਼ਤੇ ਵਿੱਚ ਸ਼ੱਕ ਲਈ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਜਿਸ ਰਿਸ਼ਤੇ ਵਿੱਚ ਸ਼ੱਕ ਆ ਜਾਵੇ ਉਹ ਰਿਸ਼ਤਾ ਕਦੇ ਵੀ ਲੰਬਾ ਨਹੀਂ ਚੱਲ ਸਕਦਾ। ਪਤੀ ਪਤਨੀ ਦਾ ਰਿਸ਼ਤਾ ਤਾਂ ਖੜਾ ਹੀ ਵਿਸ਼ਵਾਸ ਦੀ ਬੁਨਿਆਦ 'ਤੇ ਹੁੰਦਾ ਹੈ। ਜਿੱਥੇ ਪਿਆਰ ਅਤੇ ਵਿਸ਼ਵਾਸ ਦੋਵੇਂ ਹੋਣ ਉਹ ਰਿਸ਼ਤਾ ਕਦੇ ਨਹੀਂ ਡੋਲਦਾ। ਹਮਸਫ਼ਰ ਦਾ ਪੈਸੇ ਪੱਖੋਂ ਅਮੀਰ ਹੋਣਾ ਜ਼ਰੂਰੀ ਨਹੀਂ ਹੁੰਦਾ ਸਗੋਂ ਦਿਲੋਂ ਅਮੀਰ ਹੋਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਮਾੜੇ ਇਨਸਾਨ ਨਾਲ ਮਹਿਲਾਂ ਵਿੱਚ ਵੀ ਜ਼ਿੰਦਗੀ ਨਹੀਂ ਕੱਟੀ ਜਾ ਸਕਦੀ ਤੇ ਇੱਕ ਸੱਚੇ ਸੁੱਚੇ ਇਨਸਾਨ ਨਾਲ ਕੁੱਲੀ ਵਿੱਚ ਵੀ ਸਕੂਨ ਮਿਲ ਸਕਦਾ ਹੈ। ਪਤੀ ਪਤਨੀ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਹੁੰਦੇ ਹਨ ਇਸ ਲਈ ਦੋਨਾਂ ਪਹੀਆਂ ਵਿਚਕਾਰ ਤਾਲਮੇਲ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ।ਇੱਕ ਸੱਚਾ ਹਮਸਫ਼ਓਮਪ;ਰ ਆਪਣੇ ਸਾਥੀ ਨੂੰ ਕਦੇ ਵੀ ਨੀਵਾਂ ਨਹੀਂ ਦਿਖਾਉਂਦਾ ।

ਅੱਜ ਦੇ ਦੌਰ ਅੰਦਰ ਇੱਕ ਚੰਗਾ ਹਮਸਫ਼ਰ ਬਹੁਤ ਭਾਗਾਂ ਨਾਲ ਮਿਲਦਾ ਹੈ। ਸਾਡੇ ਸਮਾਜ ਦੀ ਸੋਚ ਹੈ ਕਿ ਜਦੋਂ ਵੀ ਅਸੀਂ ਰਿਸ਼ਤਾ ਜੋੜਦੇ ਹਾਂ ਤਾਂ ਇੱਕ ਦੂਸਰੇ ਦੀ ਜਾਤ – ਪਾਤ ਜਾਂ ਸਟੇਟਸ ਵੇਖ ਰਿਸ਼ਤਾ ਜੋੜਨ ਦੀ ਕੋਸ਼ਿਸ਼ ਕਰਦੇ ਹਾਂ ਪਰ ਅਸਲ ਵਿੱਚ ਜਾਤ–ਪਾਤ ਨਾਲੋਂ ਵੱਧ ਜ਼ਰੂਰੀ ਹੈ ਦੋ ਜੀਆਂ ਦੀ ਮੱਤ ਦਾ ਮਿਲਣਾ ਕਿਉਂਕਿ ਗਰੀਬੀ ਕੱਟੀ ਜਾ ਸਕਦੀ ਹੈ ਪਰ ਮਾੜੇ ਇਨਸਾਨ ਨਾਲ ਜ਼ਿੰਦਗੀ ਕੱਟਣੀ ਬਹੁਤ ਮੁਸ਼ਕਿਲ ਹੁੰਦੀ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਦੇਹਾਂ ਵਿਆਹੀਆਂ ਜਾਂਦੀਆਂ ਹਨ ਪਰ ਰੂਹਾਂ ਸਾਰੀ ਉਮਰ ਕੁਆਰੀਆਂ ਹੀ ਰਹਿ ਜਾਂਦੀਆਂ ਹਨ। ਜੇਕਰ ਦੋ ਜੀਆਂ 'ਚ ਰੂਹਾਂ ਦੀ ਸਾਂਝ ਨਾ ਹੋਵੇ ਤਾਂ ਇਹ ਰਿਸ਼ਤਾ ਜੱਗ ਲਈ ਤਮਾਸ਼ਾ ਬਣ ਜਾਂਦਾ ਹੈ। ਬੜੇ ਭਾਗਾਂ ਵਾਲੀਆਂ ਹੁੰਦੀਆਂ ਨੇ ਉਹ ਰੂਹਾਂ ਜੋ ਇਸ ਪਾਕ ਰਿਸ਼ਤੇ ਨੂੰ ਆਖਰੀ ਸਾਹ ਤੱਕ ਨਿਭਾਉਂਦੀਆਂ ਹਨ। ਜ਼ਿੰਦਗੀ ਹੋਰ ਵੀ ਖ਼ੂਬਸੂਰਤ ਹੋ ਜਾਂਦੀ ਹੈ ਜਦੋਂ ਤੁਹਾਡੀਆਂ ਸੱਧਰਾਂ, ਤੁਹਾਡੇ ਚਾਵਾਂ, ਤੁਹਾਡੀਆਂ ਰੀਝਾਂ ਨੂੰ ਸਮਝਣ ਤੇ ਪੂਰਾ ਕਰਨ ਵਾਲਾ ਇਨਸਾਨ ਤੁਹਾਡਾ ਹਮਰਾਹੀ ਬਣੇ । ਹਮਸਫ਼ਓਮਪ;ਰ ਜੇਕਰ ਸਾਥ ਨਿਭਾਉਣ ਵਾਲਾ ਤੇ ਸਮਝਣ ਵਾਲਾ ਮਿਲ ਜਾਵੇ ਤਾਂ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਲੱਗਦੀ ਹੈ ਪਰ ਜੇਕਰ ਰਾਹਾਂ ਦੇ ਹਾਣੀ ਰੂਹਾਂ ਦੇ ਹਾਣੀ ਨਾ ਬਣ ਸਕਣ ਤਾਂ ਇੱਕ ਖਲਾਅ ਸਾਰੀ ਜ਼ਿੰਦਗੀ ਰਿਸ਼ਤੇ ਵਿੱਚ ਰਹਿੰਦਾ ਹੈ ਤੇ ਫੁੱਲਾਂ ਦੀ ਸੇਜ ਵੀ ਕੰਡਿਆਂ ਵਾਂਗ ਚੁੱਭਦੀ ਹੈ ।

ਚੰਗਾ ਹਮਸਫ਼ਰ ਹਮੇਸ਼ਾ ਆਪਣੇ ਸਾਥੀ ਨੂੰ ਅੱਗੇ ਵੱਧਣ ਲਈ ਪ੍ਰੇਰਦਾ ਹੈ। ਇਸੇ ਲਈ ਤਾਂ ਕਈ ਵਾਰ ਵੇਖਿਆ ਜਾਂਦਾ ਹੈ ਕਿ ਆਮ ਘਰਾਂ ਦੀਆਂ ਆਮ ਕੁੜੀਆਂ ਵੀ ਚੰਗੇ ਜੀਵਨ ਸਾਥੀ ਦੇ ਸਾਥ ਕਰਕੇ ਰਾਣੀਆਂ ਬਣ ਰਾਜ ਕਰਦੀਆਂ ਹਨ ਤੇ ਆਪਣੀਆਂ ਮੰਜਿਲਾਂ ਸਰ ਕਰ ਲੈਂਦੀਆਂ ਹਨ ਤੇ ਦੂਸਰੇ ਪਾਸੇ ਕਈ ਵਾਰ ਬਹੁਤੀਆਂ ਸੁਝਵਾਨ, ਸੋਹਣੀਆਂ–ਸੁਨੱਖੀਆਂ ਧੀਆਂ ਵੀ ਮਾੜੇ ਹਮਸਫ਼ਰ ਕਰਕੇ ਸਹੁਰੇ ਘਰ ਰੁਲ ਜਾਂਦੀਆਂ ਹਨ । ਅਸਲ ਵਿੱਚ ਹਮਸਫ਼ਰ ਜੇਕਰ ਇੱਕ ਚੰਗਾ ਦੋਸਤ ਬਣ ਜਾਵੇ ਤਾਂ ਜ਼ਿੰਦਗੀ ਦੀਆਂ ਗੁੰਝਲਾਂ ਆਸਾਨ ਹੋ ਜਾਂਦੀਆਂ ਹਨ । ਔਖੇ ਵੇਲੇ ਜਦੋਂ ਦੋ ਜੀਅ ਇੱਕ ਦੂਸਰੇ ਦਾ ਸਹਾਰਾ ਬਣ ਖੜ੍ਹਦੇ ਹਨ ਤਾਂ ਮੁਸ਼ਕਿਲਾਂ ਵੰਡੀਆਂ ਜਾਂਦੀਆਂ ਹਨ ਤੇ ਜਦੋਂ ਖ਼ੁਸ਼ੀਆਂ 'ਚ ਇਕੱਠੇ ਖੜ੍ਹਦੇ ਹਨ ਤਾਂ ਖ਼ੁਸ਼ੀਆਂ ਦੁਗਣੀਆਂ ਹੋ ਜਾਂਦੀਆਂ ਹਨ। ਹਰ ਰਿਸ਼ਤਾ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਤੇ ਸਾਥ ਛੱਡ ਜਾਂਦਾ ਹੈ ਪਰ ਹਮਸਫ਼ਰ ਦਾ ਸਾਥ ਹੀ ਅਜਿਹਾ ਹੁੰਦਾ ਹੈ ਜੋ ਆਖਰੀ ਸਾਹ ਤੱਕ ਨਿੱਭਦਾ ਹੈ। ਇਸ ਲਈ ਸੰਜੋਗਾਂ ਨਾਲ ਜੁੜੇ ਇਸ ਪਾਕ ਰਿਸ਼ਤੇ ਦੀ ਹਮੇਸ਼ਾ ਕਦਰ ਕਰੋ ।



ਜਸਪ੍ਰੀਤ ਕੌਰ ਸੰਘਾ।
ਹੁਸ਼ਿਆਰਪੁਰ।
99150–33176



# (ਬਾਗ਼ੀ ਰੂਹ)

ਉਹ ਸ਼ਰੀਫ਼ ਸੀ
ਭੋਲੀ ਸੀ , ਨਾਦਾਨ ਸੀ
ਸੱਭ ਸਹਿੰਦੀ ਰਹੀ
ਸਹਿੰਦੇ ਸਹਿੰਦੇ ਪੱਥਰ ਹੋ
ਸਿਲ ਪੱਥਰ ਬਣ ਗਈ
ਖ਼ਾਮੋਸ਼ ਨਿਗਾਹਾਂ ਸ਼ੁਨਿਆ ਵਿੱਚ
ਟਿਕਟਿਕੀ ਲਗਾਏ
ਘੂਰਦੀ ਰਹਿੰਦੀ
ਸੋਚਦੀ ਇਹ ਹੁੰਦੀ ਸ਼ਾਦੀ
ਇਹ ਸੱਭ ਸੋਚ
ਛਟਪਟਾ ਕੇ ਰਹਿ ਜਾਂਦੀ
ਮੁਸਕਰਾਉਣਾ ਭੁੱਲ ਗਈ ਉਹ
ਤੇ ਸੋਚਦੀ ਰਹਿੰਦੀ ਕੀ ਹੈ
ਉਸਦਾ ਆਪਣਾ ਕੁਝ ਵੀ ਤੇ ਨਹੀਂ
ਘਰ ਨੂੰ ਬਣਾਉਂਦੇ ਸੰਵਾਰਦੇ
ਜ਼ਿੰਦਗੀ ਬਰਬਾਦ ਕਰ ਦਿੱਤੀ
ਜਵਾਨੀ ਗਈ ਬੁਢਾਪਾ ਆ ਗਿਆ
ਕੀ ਮਿਲਿਆ ਉਸਨੂੰ
ਕੁਝ ਵੀ ਤੇ ਨਹੀਂ
ਨਾ ਆਪਣਾ ਘਰ
ਨਾ ਪੱਲੇ ਕੋਈ ਪੈਸਾ ਧੇਲਾ
ਨਾ ਹੀ ਮਰਜ਼ੀ ਆਪਣੀ ਕੋਈ
ਸਮੇਂ ਦੀਆਂ ਠੋਕਰਾਂ ਤੇ
ਦਰਦਾਂ ਨੇ ਸਿਖਾ ਦਿੱਤਾ
ਤੂੰ ਅਬਲਾ ਜਾਂ ਨਾਦਾਨ ਨਹੀਂ ਹੈ
ਸ਼ਕਤੀ ਦਾ ਨਾਮ ਹੈ
ਉੱਠ ਲੜ ਆਪਣੇ ਹੱਕਾਂ ਲਈ
ਕਲਮ ਚੁੱਕ ਤੇ ਲਿਖ
ਇਹ ਵੀ ਸ਼ਮਸ਼ੀਰ ਤੋਂ ਘੱਟ ਨਹੀਂ ਹੈ
ਇਸਦੇ ਵਾਰ ਜ਼ਿਆਦਾ ਤਿੱਖੇ ਨੇ
ਰੂਹ ਝੰਜੋੜੀ ਗਈ ਉਸਦੀ
ਸਿੱਲ ਪੱਥਰ ਵਿੱਚ ਹਰਕਤ ਹੋਈ
ਚੋਲਾ ਬਦਲਿਆ ਉਸ ਤੇ
ਹੁਣ ਉਹ ਸ਼ਕਤੀਸ਼ਾਲੀ ਔਰਤ ਬਣ
ਨਵੇਂ ਰੂਪ ਵਿੱਚ ਸਾਹਮਣੇ ਆਈ
ਉਸਦੇ ਸ਼ਬਦਾਂ ਵਿੱਚ ਵੀ ਹਰਕਤ ਹੋਈ
ਸ਼ਬਦ ਸਜੀਵ ਹੋ ਗਏ
ਸੱਚ ਕਹਿਣ, ਸੁਣਨ, ਲਿਖਣ ਦੀ
ਹਿੰਮਤ ਆ ਗਈ ਉਸ ਵਿਚ
ਹੁਣ ਉਹ ਗੂੰਗੀ, ਸ਼ਰੀਫ਼, ਖ਼ਾਮੋਸ਼, ਭੋਲੀ, ਨਾਦਾਨ ਨਹੀਂ ਹੈ
ਹੁਣ ਉਹ ਜ਼ਿੱਦੀ ਵੀ ਹੈ
ਅੱਥਰੀ ਤੇ ਅੜੀਅੱਲ ਵੀ ਹੈ
ਕਿਉਂਕਿ ਹੁਣ ਉਹ ਇਕ
ਬਾਗ਼ੀ ਰੂਹ ਹੈ
ਬਾਗ਼ੀ ਰੂਹ।

(ਰਮਿੰਦਰ ਰੰਮੀ)



# ਭਾਰਤ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਨੌਵੀਂ ਵਾਰ ਏਸ਼ੀਆ ਕੱਪ ਜਿੱਤਿਆ






ਇਸ ਤੋਂ ਪਹਿਲਾਂ ਭਾਰਤ ਨੇ ਪਾਕਿਸਤਾਨ ਖ਼ਿਲਾਫ਼ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਸ਼ੁਰੂਆਤੀ ਓਵਰਾਂ ਵਿਚ ਤੇਜ਼ੀ ਨਾਲ ਦੌੜਾਂ ਬਣਾਈਆਂ। ਪਾਕਿਸਤਾਨ ਦੀ ਪਹਿਲੀ ਵਿਕਟ ਸਲਾਮੀ ਬੱਲੇਬਾਜ਼ ਸਾਹਿਬਜ਼ਾਦਾ ਫਰਹਾਨ ਵਜੋਂ ਡਿੱਗੀ। ਉਸ ਨੇ 38 ਗੇਂਦਾਂ ਵਿਚ 57 ਦੌੜਾਂ ਬਣਾਈਆਂ। ਉਸ ਨੂੰ ਵਰੁਣ ਚੱਕਰਵਰਤੀ ਦੀ ਗੇਂਦ 'ਤੇ ਤਿਲਕ ਵਰਮਾ ਨੇ ਕੈਚ ਆਊਟ ਕੀਤਾ। ਪਾਕਿਸਤਾਨ ਦੀ ਦੂਜੀ ਵਿਕਟ ਸਈਮ ਅਯੂਬ ਵਜੋਂ ਡਿੱਗੀ। ਉਸ ਨੂੰ ਕੁਲਦੀਪ ਯਾਦਵ ਦੀ ਗੇਂਦ 'ਤੇ ਜਸਪ੍ਰੀਤ ਬੁਮਰਾਹ ਨੇ ਕੈਚ ਆਊਟ ਕੀਤਾ। ਉਸ ਨੇ 14 ਦੌੜਾਂ ਬਣਾਈਆਂ। ਇਸ ਤੋਂ ਬਾਅਦ ਪਾਕਿਸਤਾਨ ਦਾ ਹੈਰਿਸ ਬਿਨਾਂ ਕੋਈ ਦੌੜ ਬਣਾਏ ਆਊਟ ਹੋ ਗਿਆ। ਪਾਕਿਸਤਾਨ ਦਾ ਸਲਾਮੀ ਬੱਲੇਬਾਜ਼ ਫਖਰ ਜ਼ਮਾਨ ਵੀ ਆਊਟ ਹੋ ਗਿਆ। ਉਸ ਨੇ 35 ਗੇਂਦਾਂ ਵਿਚ 46 ਦੌੜਾਂ ਬਣਾਈਆਂ। ਉਸ ਨੂੰ ਵਰੁਣ ਚੱਕਰਵਰਤੀ ਦੀ ਗੇਂਦ 'ਤੇ ਕੁਲਦੀਪ ਯਾਦਵ ਨੇ ਕੈਚ ਆਊਟ ਕੀਤਾ। ਇਸ ਤੋਂ ਬਾਅਦ ਪਾਕਿਸਤਾਨ ਖਿਡਾਰੀ ਜਲਦੀ ਜਲਦੀ ਆਊਟ ਹੁੰਦੇ ਗਏ ਤੇ ਸਾਰੀ ਟੀਮ 146 ਦੌੜਾਂ 'ਤੇ ਆਊਟ ਹੋ ਗਈ।

ਇੱਥੇ ਭਾਰਤ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਏਸ਼ੀਆ ਕੱਪ ਜਿੱਤ ਲਿਆ ਹੈ। ਪਾਕਿਸਤਾਨ ਦੀ ਟੀਮ ਪਹਿਲਾਂ ਬੱਲੇਬਾਜ਼ੀ ਕਰਦਿਆਂ 19.1 ਓਵਰਾਂ ਵਿਚ 146 ਦੌੜਾਂ ਬਣਾ ਕੇ ਆਊਟ ਹੋ ਗਈ ਜਿਸ ਦੇ ਜਵਾਬ ਵਿਚ ਭਾਰਤ ਨੇ 19.4 ਓਵਰਾਂ ਵਿਚ ਪੰਜ ਵਿਕਟਾਂ ਦੇ ਨੁਕਸਾਨ ਨਾਲ 150 ਦੌੜਾਂ ਬਣਾ ਕੇ ਮੈਚ ਜਿੱਤ ਲਿਆ। ਭਾਰਤ ਵਲੋਂ ਤਿਲਕ ਵਰਮਾ ਨੇ ਸ਼ਾਨਦਾਰ ਪਾਰੀ ਖੇਡੀ। ਉਸ ਨੇ 53 ਗੇਂਦਾਂ ਵਿਚ ਨਾਬਾਦ 69 ਦੌੜਾਂ ਬਣਾਈਆਂ ਜਦਕਿ ਸੰਜੂ ਸੈਮਸਨ ਨੇ ਔਖੇ ਵੇਲੇ 21 ਗੇਂਦਾਂ ਵਿਚ 24 ਦੌੜਾਂ ਤੇ ਸ਼ਿਵਮ ਦੂਬੇ ਨੇ 22 ਗੇਂਦਾਂ ਵਿਚ 33 ਦੌੜਾਂ ਬਣਾਈਆਂ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਭਾਰਤ ਨੂੰ ਜਿੱਤ ਲਈ 147 ਦੌੜਾਂ ਦਾ ਟੀਚਾ ਦਿੱਤਾ ਸੀ। ਪਾਕਿਸਤਾਨ ਦੀ ਸਾਰੀ ਟੀਮ 19.1 ਓਵਰਾਂ ਵਿਚ 146 ਦੌੜਾਂ ਬਣਾ ਕੇ ਆਊਟ ਹੋ ਗਈ। ਪਾਕਿਸਤਾਨ ਦੇ ਸਲਾਮੀ ਬੱਲੇਬਾਜ਼ਾਂ ਸਾਹਿਬਜ਼ਾਦਾ ਫਰਹਾਨ ਤੇ ਫਖਰ ਜ਼ਮਾਨ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਸਈਮ ਅਯੂਬ ਨੇ 14 ਦੌੜਾਂ ਬਣਾਈਆਂ ਪਰ ਬਾਅਦ ਦਾ ਕੋਈ ਵੀ ਖਿਡਾਰੀ ਦੋ ਅੰਕਾਂ 'ਤੇ ਨਾ ਪੁੱਜ ਸਕਿਆ ਤੇ ਪਾਕਿਸਤਾਨ ਦੀ ਪੂਰੀ ਟੀਮ ਤਾਸ਼ ਦੇ ਪੱਤਿਆਂ ਵਾਂਗ ਬਿਖਰ ਗਈ। ਭਾਰਤੀ ਸਪਿੰਨਰ ਕੁਲਦੀਪ ਯਾਦਵ ਨੇ ਚਾਰ ਵਿਕਟਾਂ ਹਾਸਲ ਕੀਤੀਆਂ ਜਦਕਿ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ ਤੇ ਵਰੁਣ ਚੱਕਰਵਰਤੀ ਨੇ ਦੋ-ਦੋ ਖਿਡਾਰੀਆਂ ਨੂੰ ਆਊਟ ਕੀਤਾ।

ਪਾਕਿਸਤਾਨ ਦੀਆਂ 147 ਦੌੜਾਂ ਦਾ ਪਿੱਛਾ ਕਰਦਿਆਂ ਭਾਰਤੀ ਪਾਰੀ ਦੀ ਸ਼ੁਰੂਆਤ ਵੀ ਖਰਾਬ ਰਹੀ। ਭਾਰਤ ਦੀ ਪਹਿਲੀ ਵਿਕਟ ਸੱਤ ਦੌੜਾਂ 'ਤੇ ਡਿੱਗੀ। ਭਾਰਤੀ ਸਲਾਮੀ ਬੱਲੇਬਾਜ਼ ਅਭਿਸ਼ੇਕ ਸ਼ਰਮਾ ਨੇ ਛੇ ਗੇਂਦਾਂ ਵਿਚ ਪੰਜ ਦੌੜਾਂ ਬਣਾਈਆਂ। ਉਸ ਨੂੰ ਅਸ਼ਰਫ ਦੀ ਗੇਂਦ 'ਤੇ ਹੈਰਿਸ ਨੇ ਕੈਚ ਆਊਟ ਕੀਤਾ। ਇਸ ਤੋਂ ਬਾਅਦ ਭਾਰਤੀ ਕਪਤਾਨ ਸੂਰਿਆ ਕੁਮਾਰ ਯਾਦਵ ਵੀ ਪੰਜ ਗੇਂਦਾਂ ਵਿਚ ਇਕ ਦੌੜ ਬਣਾ ਕੇ ਆਊਟ ਹੋ ਗਿਆ। ਉਸ ਨੂੰ ਸ਼ਾਹੀਨ ਅਫਰੀਦੀ ਦੀ ਗੇਂਦ 'ਤੇ ਸਲਮਾਨ ਆਗੂ ਨੇ ਕੈਚ ਆਊਟ ਕੀਤਾ। ਇਸ ਤੋਂ ਬਾਅਦ ਸ਼ੁਭਮਨ ਗਿੱਲ ਵੀ 12 ਦੌੜਾਂ ਬਣਾ ਕੇ ਆਊਟ ਹੋ ਗਿਆ। ਇਸ ਤੋਂ ਬਾਅਦ ਸ਼ਿਵਮ ਦੂਬੇ 33 ਦੌੜਾਂ ਬਣਾ ਕੇ ਆਊਟ ਹੋਇਆ।

# ਚੈਂਪੀਅਨ ਟੀਮ ਨੂੰ ਟਰਾਫ਼ੀ ਦੇਣ ਤੋਂ ਇਨਕਾਰ ਪਹਿਲਾਂ ਕਦੇ ਨਹੀਂ ਦੇਖਿਆ, ਮੇਰੀ ਅਸਲ ਟਰਾਫ਼ੀ ਮੇਰੀ ਟੀਮ: ਸੂਰਿਆਕੁਮਾਰ



ਏਸ਼ਿਆਈ ਕ੍ਰਿਕਟ ਕੌਂਸਲ (ACC) ਦੇ ਪ੍ਰਧਾਨ ਅਤੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਕੋਲੋਂ ਟਰਾਫੀ ਲੈਣ ਤੋਂ ਇਨਕਾਰ ਮਗਰੋਂ ਭਾਰਤੀ ਟੀਮ ਨੂੰ ਏਸ਼ੀਆ ਕੱਪ ਦੀ ਟਰਾਫ਼ੀ ਨਾ ਦਿੱਤੇ ਜਾਣ ਤੋਂ ਬਾਅਦ ਕਪਤਾਨ ਸੂਰਿਆਕੁਮਾਰ ਯਾਦਵ ਨੇ ਕਿਹਾ ਕਿ ਜੇਤੂ ਟੀਮ ਨੂੰ ਯਾਦ ਰੱਖਿਆ ਜਾਂਦਾ ਹੈ, ਟਰਾਫੀ ਨੂੰ ਨਹੀਂ।

ਐਤਵਾਰ ਨੂੰ ਏਸ਼ੀਆ ਕੱਪ ਦੇ ਫਾਈਨਲ ਵਿੱਚ ਭਾਰਤੀ ਟੀਮ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਇਆ। ਪਹਿਲਗਾਮ ਦਹਿਸ਼ਤੀ ਹਮਲੇ ਅਤੇ ਉਸ ਤੋਂ ਬਾਅਦ ਜਵਾਬੀ ਕਾਰਵਾਈ ਵਜੋਂ ਭਾਰਤ ਸਰਕਾਰ ਦੇ 'ਆਪ੍ਰੇਸ਼ਨ ਸਿੰਧੂਰ' ਦੇ ਪਿਛੋਕੜ ਵਿੱਚ ਪੂਰੇ ਟੂਰਨਾਮੈਂਟ ਦੌਰਾਨ ਦੋਵਾਂ ਟੀਮਾਂ ਵਿਚਕਾਰ ਤਣਾਅ ਬਣਿਆ ਰਿਹਾ।

ਸੂਰਿਆਕੁਮਾਰ ਨੇ ਮੈਚ ਤੋਂ ਬਾਅਦ ਪ੍ਰੈੱਸ ਕਾਨਫਰੰਸ ਵਿਚ ਕਿਹਾ, ''ਮੈਂ ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ ਕਿ ਜੇਤੂ ਟੀਮ ਨੂੰ ਟਰਾਫ਼ੀ ਨਾ ਦਿੱਤੀ ਗਈ ਹੋਵੇ। ਪਰ ਮੇਰੇ ਲਈ ਮੇਰੇ ਖਿਡਾਰੀ ਤੇ ਸਹਿਯੋਗੀ ਸਟਾਫ਼ ਹੀ ਅਸਲ ਟਰਾਫੀ ਹਨ।''

ਭਾਰਤੀ ਟੀਮ ਨੇ ਪੂਰੇ ਟੂਰਨਾਮੈਂਟ ਦੌਰਾਨ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਨਹੀਂ ਮਿਲਾਇਆ। ਭਾਰਤ ਨੇ ਟੂਰਨਾਮੈਂਟ ਵਿੱਚ ਪਾਕਿਸਤਾਨ ਵਿਰੁੱਧ ਤਿੰਨ ਮੈਚ ਖੇਡੇ ਅਤੇ ਤਿੰਨੋਂ ਜਿੱਤੇ। ਸੂਰਿਆਕੁਮਾਰ ਨੇ ਮਗਰੋਂ ਆਪਣੇ ਇੰਸਟਾਗ੍ਰਾਮ 'ਤੇ ਲਿਖਿਆ, ''ਮੈਚ ਖਤਮ ਹੋਣ ਤੋਂ ਬਾਅਦ, ਸਿਰਫ ਚੈਂਪੀਅਨ ਯਾਦ ਆਉਂਦੇ ਹਨ, ਟਰਾਫੀ ਦੀ ਤਸਵੀਰ ਨਹੀਂ।'' ਟੀਮ ਵੱਲੋਂ ਨਕਵੀ ਤੋਂ ਟਰਾਫੀ ਲੈਣ ਤੋਂ ਇਨਕਾਰ ਕਰਨ ਬਾਰੇ ਉਨ੍ਹਾਂ ਕਿਹਾ, ''ਅਸੀਂ ਇਹ ਫੈਸਲਾ ਮੈਦਾਨ 'ਤੇ ਲਿਆ। ਕਿਸੇ ਨੇ ਸਾਨੂੰ ਅਜਿਹਾ ਕਰਨ ਲਈ ਨਹੀਂ ਕਿਹਾ।' ਭਾਰਤੀ ਕਪਤਾਨ ਸੂਰਿਆਕੁਮਾਰ ਯਾਦਵ ਨੇ ਐਲਾਨ ਕੀਤਾ ਹੈ ਕਿ ਉਹ ਏਸ਼ੀਆ ਕੱਪ ਤੋਂ ਮਿਲਣ ਵਾਲੀ ਆਪਣੀ ਪੂਰੀ ਮੈਚ ਫੀਸ ਦੇਸ਼ ਦੀਆਂ ਹਥਿਆਰਬੰਦ ਫੌਜਾਂ ਅਤੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਨੂੰ ਦਾਨ ਕਰੇਗਾ।

ਸੂਰਿਆਕੁਮਾਰ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, ''ਮੈਂ ਇਸ ਟੂਰਨਾਮੈਂਟ ਤੋਂ ਆਪਣੀ ਮੈਚ ਫੀਸ ਸਾਡੀਆਂ ਹਥਿਆਰਬੰਦ ਫੌਜਾਂ ਅਤੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਦਾਨ ਕਰਨ ਦਾ ਫੈਸਲਾ ਕੀਤਾ ਹੈ। ਤੁਸੀਂ ਹਮੇਸ਼ਾ ਮੇਰੇ ਵਿਚਾਰਾਂ ਵਿੱਚ ਰਹੋਗੇ। ਜੈ ਹਿੰਦ।'' ਭਾਰਤੀ ਖਿਡਾਰੀ ਟੀ-20 ਫਾਰਮੈਟ ਵਿੱਚ ਪ੍ਰਤੀ ਮੈਚ 4 ਲੱਖ ਰੁਪਏ ਦੇ ਹੱਕਦਾਰ ਹਨ, ਜਿਸ ਦਾ ਮਤਲਬ ਹੈ ਕਿ ਸੂਰਿਆਕੁਮਾਰ ਵੱਲੋਂ ਮਹਾਂਦੀਪੀ ਟੂਰਨਾਮੈਂਟ ਵਿੱਚ ਖੇਡੇ ਗਏ ਸੱਤ ਮੈਚਾਂ ਲਈ ਕੁੱਲ 28 ਲੱਖ ਰੁਪਏ ਦਾਨ ਕੀਤੇ ਜਾਣਗੇ।

## ਰਿੰਕੂ ਸਿੰਘ ਦੀ ਜੇਤੂ ਦੌੜਾਂ ਬਣਾਉਣ ਦੀ ਖਾਹਿਸ਼ ਪੂਰੀ ਹੋਈ



ਰਿੰਕੂ ਸਿੰਘ ਨੇ ਏਸ਼ੀਆ ਕੱਪ ਦੀ ਸ਼ੁਰੂਆਤ ਤੋਂ ਪਹਿਲਾਂ ਜੇਤੂ ਦੌੜਾਂ ਬਣਾਉਣ ਦੀ ਇੱਛਾ ਜਤਾਈ ਸੀ। ਪੂਰੇ ਟੂਰਨਾਮੈਂਟ ਦੌਰਾਨ ਸਿਰਫ਼ ਇਕ ਗੇਂਦ ਖੇਡਣ ਦੇ ਬਾਵਜੂਦ ਰਿੰਕੂ ਸਿੰਘ ਦੀ ਇਹ ਇੱਛਾ ਐਤਵਾਰ ਰਾਤ ਨੂੰ ਪੂਰੀ ਹੋ ਗਈ। ਰਿੰਕੂ ਦਾ ਟੂਰਨਾਮੈਂਟ ਦਾ ਪਹਿਲਾ ਮੈਚ ਪਾਕਿਸਤਾਨ ਖਿਲਾਫ਼ ਬੇਹੱਦ ਦਬਾਅ ਵਾਲਾ ਫਾਈਨਲ ਸੀ। ਆਪਣੀ ਇਸ ਖਾਹਿਸ਼ ਨੂੰ ਪੂਰਾ ਕਰਨ ਲਈ ਉਸ ਨੂੰ ਸਿਰਫ਼ ਇਕ ਗੇਂਦ ਦੀ ਲੋੜ ਸੀ। ਪਹਿਲੀ ਹੀ ਗੇਂਦ 'ਤੇ ਮਿਡ ਆਨ ਦੇ ਉਪਰੋਂ ਦੀ ਇਕ ਹਿੱਟ ਲਗਾ ਕੇ ਰਿੰਕੂ ਸਿੰਘ ਨੇ ਨੌਂਵਾਂ ਏਸ਼ੀਆ ਕੱਪ ਤੇ ਟੀ20 ਵਿਸ਼ਵ ਕੱਪ ਦਾ ਦੂਜਾ ਖਿਤਾਬ ਭਾਰਤ ਦੀ ਝੋਲੀ ਪਾ ਦਿੱਤਾ।

ਫਾਈਨਲ ਵਿਚ ਭਾਰਤੀ ਟੀਮ ਦੀ ਜਿੱਤ ਤੋਂ ਬਾਗੋ ਬਾਗ਼ ਰਿੰਕੂ ਸਿੰਘ ਨੇ ਕਿਹਾ, ''ਹੋਰ ਕੁਝ ਮਾਇਨੇ ਨਹੀਂ ਰੱਖਦਾ। ਇਹ ਇਕ ਗੇਂਦ ਮਾਇਨੇ ਰੱਖਦੀ ਹੈ। ਇਕ ਦੀ ਲੋੜ ਸੀ ਤੇ ਮੈਂ ਇਸ 'ਤੇ ਚੌਕਾ ਮਾਰਿਅ। ਸਾਰੇ ਜਾਣਦੇ ਹਨ ਕਿ ਮੈਂ ਇਕ ਫਿਨਿਸ਼ਰ ਹਾਂ। ਟੀਮ ਜਿੱਤ ਗਈ ਤੇ ਮੈਂ ਸੱਚਮੁੱਚ ਬਹੁਤ ਖ਼ੁਸ਼ ਹਾਂ।''

# ਭਾਰਤ ਖਿਲਾਫ਼ ਜੰਗ ਛੇੜਨ ਵਾਲੇ ਵਿਅਕਤੀ ਤੋਂ ਟਰਾਫ਼ੀ ਸਵੀਕਾਰ ਨਹੀਂ ਕਰ ਸਕਦੇ: ਬੀਸੀਸੀਆਈ



ਬੀਸੀਸੀਆਈ ਨਵੰਬਰ ਵਿੱਚ ਹੋਣ ਵਾਲੀ ਕੌਮਾਂਤਰੀ ਕ੍ਰਿਕਟ ਕੌਂਸਲ (ਆਈਸੀਸੀ) ਦੀ ਅਗਲੀ ਮੀਟਿੰਗ ਵਿੱਚ ਏਸ਼ਿਆਈ ਕ੍ਰਿਕਟ ਕੌਂਸਲ (ACC) ਦੇ ਮੁਖੀ ਮੋਹਸਿਨ ਨਕਵੀ ਵਿਰੁੱਧ 'ਸਖ਼ਤ ਵਿਰੋਧ' ਦਰਜ ਕਰੇਗਾ।

ਦੁਬਈ ਵਿੱਚ ਭਾਰਤੀ ਟੀਮ ਵੱਲੋਂ ਨਕਵੀਂ ਹੱਥੋਂ ਏਸ਼ੀਆ ਕੱਪ ਟਰਾਫੀ ਲੈਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਏਸੀਸੀ ਮੁਖੀ ਨੇ ਚੈਂਪੀਅਨ ਟੀਮ ਨੂੰ ਟਰਾਫੀ ਹੀ ਨਹੀਂ ਦਿੱਤੀ। ਬੀਸੀਸੀਆਈ ਸਕੱਤਰ ਦੇਵਜੀਤ ਸੈਕੀਆ ਨੇ ਟੀਮ ਦੇ ਇਨਕਾਰ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਕਿ ਭਾਰਤੀ ਟੀਮ ਕਿਸੇ ਅਜਿਹੇ ਵਿਅਕਤੀ ਤੋਂ ਟਰਾਫੀ ਸਵੀਕਾਰ ਨਹੀਂ ਕਰ ਸਕਦੀ ਜੋ 'ਦੇਸ਼ ਵਿਰੁੱਧ ਜੰਗ ਛੇੜ ਰਿਹਾ ਹੈ।' ਭਾਰਤ ਨੇ ਫਾਈਨਲ ਵਿੱਚ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਇਆ।

ਨਕਵੀ, ਪਾਕਿਸਤਾਨ ਕ੍ਰਿਕਟ ਬੋਰਡ ਦੇ ਚੇਅਰਮੈਨ ਹੋਣ ਦੇ ਨਾਲ-ਨਾਲ, ਦੇਸ਼ ਦੇ ਗ੍ਰਹਿ ਮੰਤਰੀ ਵੀ ਹਨ। ਸੈਕੀਆ ਨੇ ਕਿਹਾ, ''ਜਿੱਥੋਂ ਤੱਕ ਟਰਾਫੀ ਦਾ ਸਵਾਲ ਹੈ, ਭਾਰਤ ਉਸ ਵਿਅਕਤੀ ਤੋਂ ਟਰਾਫੀ ਸਵੀਕਾਰ ਨਹੀਂ ਕਰ ਸਕਦਾ ਜੋ ਸਾਡੇ ਦੇਸ਼ ਵਿਰੁੱਧ ਜੰਗ ਛੇੜ ਰਿਹਾ ਹੈ। ਅਸੀਂ ਉਸ ਦੇ ਹੱਥੋਂ ਟਰਾਫੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਇਸ ਨਾਲ ਉਸ ਨੂੰ ਟਰਾਫੀ ਅਤੇ ਮੈਡਲ ਆਪਣੇ ਨਾਲ ਹੋਟਲ ਲਿਜਾਣ ਦੀ ਖੁੱਲ੍ਹ ਨਹੀਂ ਮਿਲ ਜਾਂਦੀ। ਇਹ ਬਹੁਤ ਬਚਕਾਨਾ ਹਰਕਤ ਹੈ, ਅਤੇ ਅਸੀਂ ਨਵੰਬਰ ਦੇ ਪਹਿਲੇ ਹਫ਼ਤੇ ਦੁਬਈ ਵਿੱਚ ਹੋਣ ਵਾਲੀ ਆਈਸੀਸੀ ਦੀ ਮੀਟਿੰਗ ਵਿੱਚ ਸਖ਼ਤ ਵਿਰੋਧ ਦਰਜ ਕਰਾਂਗੇ।"

# ਸ਼ੀਤਲ ਦੇਵੀ 18 ਸਾਲ ਦੀ ਉਮਰ 'ਚ ਬਣੀ ਵਿਸ਼ਵ ਚੈਂਪੀਅਨ



ਭਾਰਤ ਦੀ 18 ਸਾਲਾ ਸ਼ੀਤਲ ਦੇਵੀ ਨੇ ਸ਼ਨੀਵਾਰ ਨੂੰ ਇੱਥੇ ਵਿਸ਼ਵ ਪੈਰਾ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿਚ ਮਹਿਲਾ ਕੰਪਾਊਂਡ ਵਿਅਕਤੀਗਤ ਮੁਕਾਬਲੇ ਵਿਚ ਸੋਨ ਤਮਗ਼ਾ ਜਿੱਤ ਕੇ ਇਤਿਹਾਸ ਰਚਿਆ, ਜਿਸ ਵਿਚ ਉਸ ਨੇ ਤੁਰਕੀ ਦੀ ਵਿਸ਼ਵ ਨੰਬਰ ਇਕ ਪੈਰਾ ਤੀਰਅੰਦਾਜ਼ ਓਜ਼ਨੂਰ ਕਿਊਰ ਗਿਰਡੀ ਨੂੰ 146-143 ਨਾਲ ਹਰਾ ਦਿਤਾ। ਸ਼ੀਤਲ ਮੁਕਾਬਲੇ ਵਿਚ ਇਕਲੌਤੀ ਬਾਂਹ ਰਹਿਤ ਪੈਰਾ ਤੀਰਅੰਦਾਜ਼ ਹੈ। ਉਹ ਨਿਸ਼ਾਨਾ ਬਣਾਉਣ ਲਈ ਅਪਣੀਆਂ ਲੱਤਾਂ ਅਤੇ ਠੋਡੀ ਦੀ ਵਰਤੋਂ ਕਰਦੀ ਹੈ ਅਤੇ ਇਹ ਚੈਂਪੀਅਨਸ਼ਿਪ ਦਾ ਉਸ ਦਾ ਤੀਜਾ ਤਮਗ਼ਾ ਹੈ। ਇਸ ਤੋਂ ਪਹਿਲਾਂ ਸ਼ੀਤਲ ਅਤੇ ਸਰਿਤਾ ਨੇ ਕੰਪਾਊਂਡ ਮਹਿਲਾ ਓਪਨ ਟੀਮ ਮੁਕਾਬਲੇ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ। ਸ਼ੀਤਲ ਨੇ ਤੋਮਨ ਕੁਮਾਰ ਨਾਲ ਮਿਲ ਕੇ ਕੰਪਾਊਂਡ ਮਿਕਸਡ ਟੀਮ ਮੁਕਾਬਲੇ ਵਿਚ ਕਾਂਸੀ ਦਾ ਤਮਗ਼ਾ ਵੀ ਜਿੱਤਿਆ। ਵਿਅਕਤੀਗਤ ਫ਼ਾਈਨਲ ਤਣਾਅਪੂਰਨ ਸੀ ਪਰ ਸ਼ੀਤਲ ਨੇ ਸੰਜਮ ਨਾਲ ਸ਼ਾਟ ਮਾਰਿਆ। ਪਹਿਲਾ ਦੌਰ 29-29 'ਤੇ ਬਰਾਬਰ ਰਿਹਾ ਪਰ ਸ਼ੀਤਲ ਨੇ ਦੂਜੇ ਦੌਰ ਵਿਚ ਤਿੰਨ 10-10 ਸ਼ਾਟ ਮਾਰ ਕੇ 30-27 ਦੀ ਲੀਡ ਹਾਸਲ ਕੀਤੀ। ਤੀਜਾ ਦੌਰ ਵੀ 29-29 'ਤੇ ਬਰਾਬਰ ਰਿਹਾ। ਸ਼ੀਤਲ ਚੌਥੇ ਦੌਰ ਵਿਚ ਥੋੜ੍ਹੇ ਜਿਹੇ ਫ਼ਰਕ ਨਾਲ ਨਿਸ਼ਾਨੇ ਤੋਂ ਖੁੰਝ ਗਈ, 28 ਅੰਕ ਬਣਾਏ ਅਤੇ ਗਿਰਡੀ ਨੇ ਇਕ ਅੰਕ ਨਾਲ ਜਿੱਤ ਪ੍ਰਾਪਤ ਕੀਤੀ।










